ਮੰਗਲਵਾਰ, 22 ਸਤੰਬਰ, 2026
6 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 112

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 22 SEPTEMBER, 2026 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ‘ਮਹਿਤਾਬ-ਏ-ਨਵਾਂ ਜ਼ਮਾਨਾ’ ਚੰਦ ਫਤਿਹਪੁਰੀ ਛਿਪ ਗਏ

## ਸੀ ਪੀ ਆਈ, ਦੇਸ਼ ਭਗਤ ਯਾਦਗਾਰ ਕਮੇਟੀ, ਸਿਆਸੀ ਪਾਰਟੀਆਂ ਤੇ ਜਨਤਕ ਜਥੇਬੰਦੀਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

**ਜਲੰਧਰ (ਗਿਆਨ ਸੈਦਪੁਰੀ)**

ਪੱਤਰਕਾਰਤਾ, ਸਿਆਸੀ ਤੇ ਸਾਹਿਤਕ ਸਫਾਂ ਵਿੱਚ ਇਹ ਖ਼ਬਰ ਬੜੇ ਹੀ ਦੁੱਖ ਨਾਲ ਪੜ੍ਹੀ ਜਾਵੇਗੀ ਕਿ ‘ਨਵਾਂ ਜ਼ਮਾਨਾ’ ਦੇ ਸੰਪਾਦਕ ਚੰਦ ਫਤਿਹਪੁਰੀ ਨਹੀਂ ਰਹੇ। ਪਿਛਲੇ ਸਮੇਂ ਤੋਂ ਉਨ੍ਹਾਂ ਦੀ ਸਿਹਤ ਨਾ-ਸਾਜ਼ ਚੱਲ ਰਹੀ ਸੀ। 20 ਸਤੰਬਰ ਦੀ ਸ਼ਾਮ ਨੂੰ ਉਨ੍ਹਾ ਨੇ ਇੱਕ ਨਿੱਜੀ ਹਸਪਤਾਲ ਵਿੱਚ ਆਖ਼ਰੀ ਸਾਹ ਲਿਆ। ਉਨ੍ਹਾਂ ਦੇ ਸਦੀਵੀ ਵਿਛੋੜੇ ’ਤੇ ਦੁੱਖ ਪ੍ਰਗਟ ਕਰਨ ਵਾਲਿਆਂ ਦਾ ਬੀਤੀ ਰਾਤ ਤੋਂ ਹੀ ਤਾਂਤਾ ਲੱਗਾ ਹੋਇਆ ਹੈ। ਉਹ ਭਾਰਤੀ ਕਮਿਊਨਿਸਟ ਪਾਰਟੀ, ‘ਨਵਾਂ ਜ਼ਮਾਨਾ’ ਦੇ ਪਰਵਾਰ ਤੋਂ ਇਲਾਵਾ ਆਪਣੇ ਪਿੱਛੇ ਪਤਨੀ ਕਾਮਰੇਡ ਸੰਤੋਸ਼ ਬਰਾੜ, ਬੇਟਾ ਸੁਮੇਲ ਬਰਾੜ, ਪ੍ਰਿੰਸ ਬਰਾੜ ਤੇ ਧੀ ਰਚਨਾ ਬਰਾੜ ਨੂੰ ਛੱਡ ਗਏ ਹਨ। ਸੰਤੋਸ਼ ਬਰਾੜ ਪੰਜਾਬ ਇਸਤਰੀ ਸਭਾ ਦੀ ਆਗੂ ਹਨ।

ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਆਪਣੀਆਂ ਸੰਵੇਦਨਾਵਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਚੰਦ ਫਤਿਹਪੁਰੀ ਦੇ ਵਿਛੋੜੇ ਦੀ ਮਨਹੂਸ ਖ਼ਬਰ ਦੀ ਚੀਸ, ਦੁੱਖ ਅਤੇ ਘਾਟਾ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ। ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ, ਪਾਰਟੀ ਪ੍ਰਤੀ ਸਮਰਪਿਤ ਭਾਵਨਾ, ਸਾਦਗੀ, ਤੀਖਣ ਬੁੱਧੀ, ਮਿਲਾਪੜਾ ਸੁਭਾਅ, ਚੋਟੀ ਦੇ ਕਲਮਕਾਰਾਂ ਵਿੱਚ ਸ਼ੁਮਾਰ ਹੋਣਾ, ਹਰ ਇੱਕ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਕਮਾਲ ਦੀ ਯੋਗਤਾ ਆਦਿ ਅਜਿਹੇ ਹੋਰ ਅਨੇਕਾਂ ਗੁਣ ਉਨ੍ਹਾਂ ਦੀ ਖੁੱਲ੍ਹੀ ਕਿਤਾਬ ਵਰਗੀ ਸ਼ਖ਼ਸੀਅਤ ਵਿੱਚ ਸ਼ਾਮਲ ਸਨ। ਇਸੇ ਤਰ੍ਹਾਂ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਚੰਦ ਫਤਿਹਪੁਰੀ ਦੇ ਤੁਰ ਜਾਣ ਨੂੰ ਬੇਹੱਦ ਦੁਖਦਾਈ ਦੱਸਦਿਆਂ ਕਿਹਾ ਕਿ ਉਹ ਜਿੱਥੇ ‘ਨਵਾਂ ਜ਼ਮਾਨਾ’ ਦੇ ਸਫ਼ਲ ਸੰਪਾਦਕ ਸਨ, ਉੱਥੇ ਉਹ ਸੀ ਪੀ ਆਈ ਦੇ ਵੱਡੇ ਆਗੂ ਵੀ ਸਨ। ਸਾਬਕਾ ਵਿਧਾਇਕ ਅਤੇ ਸਾਬਕਾ ਸਕੱਤਰ ਸੀ ਪੀ ਆਈ ਪੰਜਾਬ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕਾਮਰੇਡ ਫਤਿਹਪੁਰੀ ਨੂੰ ਸਲਾਮ ਕਰਦਿਆਂ ਆਪਣੇ ਨਿੱਘੇ ਤੇ ਮਿੱਠੇ ਰਿਸ਼ਤਿਆਂ ਨੂੰ ਯਾਦ ਕੀਤਾ। ਉਨ੍ਹਾ ਕਿਹਾ ਕਿ ਪ੍ਰਬੁੱਧ ਸਾਥੀ



ਦਾ ਤੁਰ ਜਾਣਾ ਬੇਹੱਦ ਦੁਖਦਾਈ ਤੇ ਵੱਡਾ ਘਾਟਾ ਹੈ।

ਚੰਦ ਫਤਿਹਪੁਰੀ ਦੇ ਅਸਹਿ ਵਿਛੋੜੇ ’ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਅੱਜ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਵਿਚ ਉਹਨਾਂ ਦੇ ਪਰਵਾਰ, ਸਾਕ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਉਹ ਅਣਥੱਕ ਅਤੇ ਸਿਦਕਵਾਨ ਸੰਪਾਦਕ, ਲੇਖਕ ਅਤੇ ਲੋਕ ਪੱਖੀ ਪੱਤਰਕਾਰਤਾ ਦੀ ਦੁਨੀਆ ਦੇ ਸੂਝਵਾਨ ਕਾਮੇ ਸਨ।ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਅਤੇ ਸਮੂਹ ਮੈਂਬਰਾਂ ਨੇ ਚੰਦ ਫਤਿਹਪੁਰੀ ਦੇ ਕਲਮੀ ਸਫ਼ਰ ਨੂੰ ਯਾਦ ਕਰਦਿਆਂ ਉਹਨਾਂ ਦੀ ਘਾਲਣਾ ਨੂੰ ਸਲਾਮ ਕੀਤੀ।

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਸਾਥੀ ਫਤਿਹਪੁਰੀ ਨੂੰ ਯਾਦ ਕਰਦਿਆਂ ਆਪਣੇ ਅੱਧੀ ਸਦੀ ਪੁਰਾਣੇ ਸੰਬੰਧਾਂ ’ਤੇ ਮਾਣ ਮਹਿਸੂਸ ਕੀਤਾ। ਏਟਕ ਆਗੂ ਕਾਮਰੇਡ ਅਮਰਜੀਤ ਸਿੰਘ ਆਸਲ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਫਤਿਹਪੁਰੀ ਦੇ ਤੁਰ ਜਾਣ ਨੂੰ ਦੁਖਦਾਈ ਦੱਸਿਆ।

‘ਨਵਾਂ ਜ਼ਮਾਨਾ’ ਨੂੰ ਚਲਾਉਣ ਵਾਲੀ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਪ੍ਰਧਾਨ ਰਛਪਾਲ ਸਿੰਘ ਬੜਾ ਪਿੰਡ, ਸਕੱਤਰ ਕਾਮਰੇਡ ਮਾੜੀਮੇਘਾ, ਨਵਾਂ ਜ਼ਮਾਨਾ ਦੇ ਸਾਬਕਾ ਸੰਪਾਦਕ ਤੇ ਉੱਘੇ ਪੱਤਰਕਾਰ ਜਤਿੰਦਰ ਪਨੂੰ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੁਰਮੀਤ, ਸਾਬਕਾ ਸਕੱਤਰ ਤੇ ਵੱਡੇ ਆਗੂ ਕਾਮਰੇਡ ਜਗਰੂਪ, ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਤੇ ਰਿਟਾ. ਆਈ ਪੀ ਐੱਸ ਅਧਿਕਾਰੀ ਡਾ. ਸਵਰਾਜਬੀਰ, ਨਵਾਂ ਜ਼ਮਾਨਾ ਦੇ ਸਾਬਕਾ ਸਾਹਿਤ ਸੰਪਾਦਕ ਬਲਬੀਰ ਪ੍ਰਵਾਨਾ, ਪ੍ਰਿੰਸੀਪਲ ਨਵਜੋਤ ਕੌਰ, ਕਾਮਰੇਡ ਹਰਭਜਨ ਸਿੰਘ ਅੰਮ੍ਰਿਤਸਰ, ਇਸਤਰੀ ਸਭਾ ਦੀ ਆਗੂ ਕਾਮਰੇਡ ਨਰਿੰਦਰ ਸੋਹਲ, ਰਿਪੁਦਮਨ ਸਿੰਘ ਰਿੱਪੀ ਸੰਪਾਦਕ ਦੇਸ਼ ਸੇਵਕ, ਸੀ ਪੀ ਆਈ (ਐੱਮ) ਦੇ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਕਾਮਰੇਡ ਲਹਿੰਬਰ ਸਿੰਘ ਤੱਗੜ, ਆਰ ਐੱਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਕਾਮਰੇਡ ਪ੍ਰਗਟ ਸਿੰਘ ਜਾਮਾਰਾਏ, ਕਾਮਰੇਡ ਜਗਤਾਰ ਸਿੰਘ ਭੁੰਗਰਨੀ, ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਪ੍ਰਧਾਨ ਜਸਪ੍ਰੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਥਾਪਾ, ਕਾਲਮ ਨਵੀਸ ਪੁਸ਼ਪਿੰਦਰ, ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਜਮਹੂਰੀ ਅਧਿਕਾਰ ਸਭਾ ਅਤੇ ਅਪ੍ਰੇਸ਼ਨ ਗਰੀਨ ਹੰਟ ਦੇ ਆਗੂ ਡਾ. ਪ੍ਰਮਿੰਦਰ, ਪ੍ਰੋ. ਏ ਕੇ ਮਲੇਰੀ, ਯਸ਼ਪਾਲ, ਬੂਟਾ ਸਿੰਘ ਮਹਿਮੂਦਪੁਰ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਪ੍ਰੋ. ਲਾਭ ਸਿੰਘ ਖੀਵਾ ਨੇ ਵੀ ਫਤਿਹਪੁਰੀ ਦੇ ਵਿਛੋੜੇ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰ ਅਤੇ ਕੇਂਦਰੀ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਸੇਖੋਂ ਨੇ ‘ਨਵਾਂ ਜ਼ਮਾਨਾ’ ਦੇ ਸੰਪਾਦਕ ਅਤੇ ਸੀ ਪੀ ਆਈ ਦੇ ਪ੍ਰਸਿੱਧ ਆਗੂ ਕਾਮਰੇਡ ਚੰਦ ਫਤਿਹਪੁਰੀ ਦੇ ਸਦੀਵੀ ਵਿਛੋੜੇ ’ਤੇ ਡੂੰਘੇ ਦੁੱਖ, ਹਮਦਰਦੀ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਸੇਖੋਂ ਨੇ ਕਿਹਾ ਕਿ ਚੰਦ ਫਤਿਹਪੁਰੀ ਦੀਆਂ ਲਿਖਤਾਂ, ਖ਼ਾਸ ਕਰਕੇ ਉਨ੍ਹਾ ਦੇ ਸੰਪਾਦਕੀ ਬੇਹੱਦ ਪ੍ਰਭਾਵਸ਼ਾਲੀ ਹੁੰਦੇ ਸਨ, ਜਿਨ੍ਹਾਂ ਰਾਹੀਂ ਖੱਬੀ ਧਿਰ ਦੇ ਪਾਠਕਾਂ ਅਤੇ ਸਮਰਥਕਾਂ ਨੂੰ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਸੀ। ਉਨ੍ਹਾ ਕਾਮਰੇਡ ਫਤਿਹਪੁਰੀ ਦੇ ਪਰਵਾਰਕ ਮੈਂਬਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਖੜ੍ਹੇ ਹੋਣ ਦੀ ਗੱਲ ਕਹੀ।

ਕਾਮਰੇਡ ਚੰਦ ਫਤਿਹਪੁਰੀ ਦੇ ਵਿਛੋੜੇ ’ਤੇ ਆਪਣੀਆਂ ਸੰਵੇਦਨਾਵਾਂ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਜ਼ਿਲ੍ਹਾ ਸਕੱਤਰ ਸੀ ਪੀ ਆਈ ਲੁਧਿਆਣਾ ਕਾਮਰੇਡ ਡੀ ਪੀ ਮੌੜ, ਜ਼ਿਲ੍ਹਾ ਸਕੱਤਰ ਸੀ ਪੀ ਆਈ ਮਾਨਸਾ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ, ਜ਼ਿਲ੍ਹਾ ਸਕੱਤਰ ਸੀ ਪੀ ਆਈ ਜਲੰਧਰ • ਬਾਕੀ ਸਫਾ 2 ’ਤੇ

### ਅੰਤਮ ਸੰਸਕਾਰ ਅੱਜ

ਚੰਦ ਫਤਿਹਪੁਰੀ ਦਾ ਅੰਤਿਮ ਸੰਸਕਾਰ 22 ਸਤੰਬਰ ਦਿਨ ਮੰਗਲਵਾਰ ਦੁਪਹਿਰ 12.30 ਵਜੇ ਕਿਸ਼ਨਪੁਰਾ ਸ਼ਮਸ਼ਾਨ ਘਾਟ (ਨੇੜੇ ਦੁਆਬਾ ਕਾਲਜ ਚੌਕ) ਜਲੰਧਰ ਵਿਖੇ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸਵੇਰੇ 11 ਵਜੇ ‘ਨਵਾਂ ਜ਼ਮਾਨਾ’ ਦਫ਼ਤਰ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ।

### ਨਵਾਂ ਜ਼ਮਾਨਾ ਦੇ ਸਟਾਫ ਵੱਲੋਂ ਸ਼ਰਧਾਂਜਲੀ ਭੇਟ



‘ਨਵਾਂ ਜ਼ਮਾਨਾ’ ਦੇ ਸਟਾਫ਼ ਨੇ ਆਪਣੇ ਮਹਿਬੂਬ ਸੰਪਾਦਕ ਚੰਦ ਫਤਿਹਪੁਰੀ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸਟਾਫ਼ ਨਾਲ ਫਤਿਹਪੁਰੀ ਦੀਆਂ ਯਾਦਾਂ ਤੇ ਸ਼ਖ਼ਸੀਅਤ ਬਾਰੇ ਕਾਮਰੇਡ ਗੁਰਮੀਤ, ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ‘ਨਵਾਂ ਜ਼ਮਾਨਾ’ ਨਾਲ ਸ਼ੁਰੂ ਤੋਂ ਜੁੜੇ ਹੋਏ ਕਿਸਾਨ ਆਗੂ ਸੂਰਤ ਸਿੰਘ ਧਰਮਕੋਟ ਨੇ ਵਿਸਥਾਰ ਨਾਲ ਚਾਨਣਾ ਪਾਇਆ।

### ਜ਼ਹੀਨ ਸੰਪਾਦਕ

ਅੱਜ ‘ਨਵਾਂ ਜ਼ਮਾਨਾ’ ਦਾ ਆਲਮ ਗ਼ਮਗੀਨ ਹੈ...ਸਾਰੇ ਪਰਵਾਰ ਦੇ ਚਿਹਰਿਆਂ ’ਤੇ ਸੋਜਲ ਉਦਾਸੀ ਹੈ... ਸਾਰੇ ਇੱਕ-ਦੂਜੇ ਨੂੰ ਪੁੱਛ ਰਹੇ ਹਨ... ਕੀ ਹੋ ਗਿਆ ਚੰਦ ਨੂੰ... ਰੋਜ਼ਾਨਾ ਬਿਨਾਂ ਨਾਗਾ ਦਫ਼ਤਰ ਆਉਣ ਵਾਲਾ ਸ਼ਨਿੱਚਰਵਾਰ ਵੀ ਸ਼ਾਮ ਤੱਕ ਏਥੇ ਹੀ ਸੀ... ਪਰ ਉਹ ਐਤਵਾਰ ਪੱਕੀ ਛੁੱਟੀ ’ਤੇ ਚਲਾ ਗਿਆ... ਸਭ ਦੇ ਦਿਲਾਂ, ਮਨਾਂ ’ਚ ਆਪਣੀਆਂ ਨਿੱਘੀਆਂ ਯਾਦਾਂ ਦੇ ਅੰਬਾਰ ਛੱਡ ਕੇ...!

ਕਰੀਬ 80ਵੇਂ ਨੂੰ ਪਹੁੰਚੇ ਚੰਦ ਫਤਿਹਪੁਰੀ ਦਾ ਸਾਰਾ ਜੀਵਨ ਕਮਿਊਨਿਸਟ ਲਹਿਰ ਨੂੰ ਸਮਰਪਿਤ ਰਿਹਾ... ਉਹ ਵਿਦਿਆਰਥੀ ਲਹਿਰ, ਨੌਜਵਾਨ ਸਭਾ ਅਤੇ ਕਿਸਾਨੀ ਮੁਹਾਜ਼ਾਂ ’ਤੇ ਕੁਲਵਕਤੀ ਵਜੋਂ ਕੰਮ ਕਰਨ ਵਾਲਾ ਕਮਿਊਨਿਸਟ ਪਾਰਟੀ ਦਾ ਜੁਝਾਰੂ ਸੰਗਰਾਮੀ ਕਾਮਾ ਰਿਹਾ... ਪਿਛਲੇ ਲੰਮੇ ਸਮੇਂ ਤੋਂ ਗ਼ਦਰੀ ਬਾਬਿਆਂ ਵੱਲੋਂ ਸ਼ੁਰੂ ਕੀਤੇ ਰੋਜ਼ਾਨਾ ‘ਨਵਾਂ ਜ਼ਮਾਨਾ’ ਦੇ ਸੰਪਾਦਕ ਕਾਮਰੇਡ ਸੋਹਨ ਸਿੰਘ ਜੋਸ਼, ਕਾਮਰੇਡ ਅਰਜਨ ਸਿੰਘ ਗੜਗੱਜ, ਕਾਮਰੇਡ ਜਗਜੀਤ ਸਿੰਘ ਆਨੰਦ ਤੇ ਕਾਮਰੇਡ ਜਤਿੰਦਰ ਪਨੂੰ ਤੋਂ ਅਗਲੀ ਕਤਾਰ ਵਿੱਚ ਸੰਪਾਦਕ ਵਜੋਂ ਡਿਊਟੀ ਨਿਭਾਅ ਰਿਹਾ ਸੀ... ਹਮੇਸ਼ਾ ਚੜ੍ਹਦੀ ਕਲਾ ’ਚ ਰਹਿਣ ਵਾਲੇ, ਸਮੁੱਚੇ ਸਟਾਫ ਨਾਲ ਹੱਸਮੁਖੇ ਚਿਹਰੇ ਨਾਲ ਰਚੇ-ਮਿਚੇ ਸਿਰੜੀ ਕਾਮੇ ਚੰਦ ਨੂੰ ਅਚਾਨਕ ਦੋ ਕੁ ਸਾਲ ਪਹਿਲਾਂ ਕੁਝ ਸਰੀਰਕ ਗੜਬੜ ਮਹਿਸੂਸ ਹੋਈ... ਤੇ ਕੁਝ ਟੈਸਟ ਕਰਾਏ ਨਤੀਜਿਆਂ ਨੇ ਫਿਕਰਮੰਦੀ ’ਚ ਪਾਇਆ... ਪਰ ਚੰਦ ਨੇ ਦਲੇਰੀ ਨਾਲ ਇਸ ਨਾਮੁਰਾਦ ਬਿਮਾਰੀ ਨਾਲ ਯੁੱਧ ਕੀਤਾ... ਅਪ੍ਰੇਸ਼ਨ, ਦਵਾਈਆਂ, ਰੇਡੀਓਥਰੈਪੀ ਤੇ ਫਿਰ ਕੀਮੋਥਰੈਪੀ ਤੱਕ ਗੱਲ ਆਣ ਪਹੁੰਚੀ...ਪਰ ਸ਼ਨਿੱਚਰਵਾਰ ਦੀ ਰਾਤ ਸਾਡੇ ਚੰਦ ਨੂੰ ਗਹਿਰੇ ਬੱਦਲ ਨੇ ਹਮੇਸ਼ਾ ਲਈ ਆਪਣੀ ਬੁੱਕਲ ’ਚ ਲੈ ਲਿਆ...!

ਉਹਦੀ ਕਲਮ ਦੀ ਖ਼ਾਸੀਅਤ ਇਹ ਸੀ ਕਿ ਉਹ ਸਮਾਜਕ ਘਟਨਾਵਾਂ ਨੂੰ ਸਿਰਫ ਉਪਰਲੇ ਪੱਧਰ ’ਤੇ ਨਹੀਂ ਵੇਖਦਾ ਸੀ।ਕਿਸੇ ਵੀ ਮੁੱਦੇ ਦੇ ਪਿੱਛੇ ਕੰਮ ਕਰ ਰਹੇ ਸਮਾਜਕ, ਆਰਥਕ ਅਤੇ ਰਾਜਨੀਤਕ ਕਾਰਨਾਂ ਨੂੰ ਸਮਝਣ ਅਤੇ ਪਾਠਕਾਂ ਸਾਹਮਣੇ ਰੱਖਣ ਦੀ ਕੋਸ਼ਿਸ਼ ਉਸ ਦੀ ਲਿਖਤ ਵਿੱਚ ਦਿਖਾਈ ਦਿੰਦੀ ਸੀ, ਇਸੇ ਕਰਕੇ ਉਸ ਦੀਆਂ ਲਿਖਤਾਂ ਵਿੱਚ ਵਿਚਾਰਾਂ ਦੀ ਗਹਿਰਾਈ ਦੇ ਨਾਲ ਲੋਕ-ਸਰੋਕਾਰਾਂ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਨਜ਼ਰ ਆਉਂਦਾ ਸੀ। ‘ਨਵਾਂ ਜ਼ਮਾਨਾ’ ਨਾਲ ਉਸ ਦੀ ਲੰਮੀ ਸਾਂਝ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਦਾ ਮਹੱਤਵਪੂਰਨ ਹਿੱਸਾ ਹੈ। ਸੰਪਾਦਕ ਵਜੋਂ ਉਸ ਨੇ ਅਖ਼ਬਾਰ ਦੀ ਵਿਚਾਰਧਾਰਕ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਆਪਣੀ ਭੂਮਿਕਾ ਨਿਭਾਈ। ਅਦਾਰਾ ਅਖ਼ਬਾਰ ਦੇ ਪਾਠਕਾਂ ਤੇ ਸਨੇਹੀਆਂ ਨੂੰ ਵਿਸ਼ਵਾਸ ਦੁਆਉਂਦਾ ਹੈ ਕਿ ਚੰਦ ਫਤਿਹਪੁਰੀ ਦੇ ਆਦਰਸ਼ਾਂ ਤੇ ਸੋਚ ’ਤੇ ਪਹਿਰਾ ਦਿੰਦਿਆਂ ‘ਨਵਾਂ ਜ਼ਮਾਨਾ’ ਦੀ ਮਸ਼ਾਲ ਨੂੰ ਮਘਦਾ ਰੱਖੇਗਾ।

## ਪੰਜਾਬੀ ਪੱਤਰਕਾਰੀ ਲਈ ਵੱਡਾ ਘਾਟਾ : ਕੇਂਦਰੀ ਪੰਜਾਬੀ ਲੇਖਕ ਸਭਾ

**ਸਮਰਾਲਾ/ਸੰਗਰੂਰ (ਸੁਰਜੀਤ ਸਿੰਘ/ਪ੍ਰਵੀਨ ਸਿੰਘ)**

ਉੱਘੇ ਪੱਤਰਕਾਰ, ‘ਨਵਾਂ ਜ਼ਮਾਨਾ’ ਦੇ ਸੰਪਾਦਕ ਤੇ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਸੀਨੀਅਰ ਆਗੂ ਕਾਮਰੇਡ ਚੰਦ ਫ਼ਤਿਹਪੁਰੀ ਦੇ ਦੇਹਾਂਤ ’ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।ਕਾਮਰੇਡ ਚੰਦ ਫ਼ਤਿਹਪੁਰੀ ਨੇ ਲੰਮੇ ਸਮੇਂ ਤੱਕ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਈ। ‘ਨਵਾਂ ਜ਼ਮਾਨਾ’ ਨਾਲ ਉਨ੍ਹਾਂ ਦਾ ਲੰਮਾ ਤੇ ਗਹਿਰਾ ਸਬੰਧ ਰਿਹਾ ਅਤੇ ਸੰਪਾਦਕ ਵਜੋਂ ਉਨ੍ਹਾਂ ਨੇ ਅਖ਼ਬਾਰ ਦੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਆਪਣੀ ਲੇਖਣੀ ਰਾਹੀਂ ਉਨ੍ਹਾਂ ਨੇ ਲੋਕਾਂ ਦੇ ਦੁੱਖ-ਦਰਦ, ਸਮਾਜਕ ਸਰੋਕਾਰਾਂ ਤੇ ਆਮ ਲੋਕਾਂ ਦੇ ਹੱਕਾਂ ਨਾਲ ਜੁੜੇ ਸਵਾਲਾਂ ਨੂੰ ਆਵਾਜ਼ ਦਿੱਤੀ।ਖੱਬੀ ਲਹਿਰ ਨਾਲ ਜੁੜੇ ਇੱਕ ਸਰਗਰਮ ਆਗੂ ਵਜੋਂ ਵੀ ਉਨ੍ਹਾਂ ਦੀ ਲੰਮੀ ਭੂਮਿਕਾ ਰਹੀ।ਉਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਪੱਤਰਕਾਰੀ ਤੇ ਲੋਕ-ਪੱਖੀ ਜਨਤਕ ਜੀਵਨ ਵਿੱਚ ਇੱਕ ਅਜਿਹੀ ਆਵਾਜ਼ ਦਾ ਵਿਛੋੜਾ ਹੋਇਆ ਹੈ, ਜਿਸ ਦੀ ਘਾਟ ਸਦਾ ਮਹਿਸੂਸ ਹੁੰਦੀ ਰਹੇਗੀ।ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਚੰਦ ਫ਼ਤਿਹਪੁਰੀ ਦਾ ਵਿਛੋੜਾ ਪੰਜਾਬੀ ਪੱਤਰਕਾਰੀ ਲਈ ਹੀ ਨਹੀਂ, ਸਗੋਂ ਲੋਕ-ਪੱਖੀ ਸੋਚ ਤੇ ਸਮਾਜਕ ਸਰੋਕਾਰਾਂ ਲਈ ਵੀ ਵੱਡਾ ਘਾਟਾ ਹੈ।ਉਨ੍ਹਾਂ ਕਿਹਾ ਕਿ ਚੰਦ ਫ਼ਤਿਹਪੁਰੀ ਨੇ ਪੱਤਰਕਾਰੀ ਨੂੰ ਸਿਰਫ਼ ਰੋਜ਼ਾਨਾ ਘਟਨਾਵਾਂ ਦੀ ਰਿਪੋਰਟਿੰਗ ਤੱਕ ਸੀਮਤ ਨਹੀਂ ਰੱਖਿਆ, ਸਗੋਂ ਇਸ ਨੂੰ ਲੋਕਾਂ ਦੇ ਸਵਾਲਾਂ ਤੇ ਸਮਾਜ ਦੀਆਂ ਹਕੀਕਤਾਂ ਨਾਲ ਜੋੜ ਕੇ ਦੇਖਿਆ।ਉਹ ਆਪਣੇ ਵਿਚਾਰਾਂ ਪ੍ਰਤੀ ਵਚਨਬੱਧ ਤੇ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰ ਸਨ।ਸਭਾ ਦੇ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਲਿਖਤ, ਉਨ੍ਹਾਂ ਦੀ ਸੋਚ ਤੇ ਲੋਕ-ਪੱਖੀ ਪੱਤਰਕਾਰੀ ਦੀ ਰਵਾਇਤ ਉਨ੍ਹਾਂ ਦੀ ਯਾਦ ਨੂੰ ਜਿਊਂਦਾ ਰੱਖੇਗੀ।ਉਨ੍ਹਾਂ ਕਾਮਰੇਡ ਚੰਦ ਫ਼ਤਿਹਪੁਰੀ ਦੇ ਪਰਵਾਰ ਤੇ ਸਨੇਹੀਆਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਉਨ੍ਹਾਂ ਦੇ ਪਰਵਾਰ ਦੇ ਨਾਲ ਖੜ੍ਹੀ ਹੈ।

## ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰ ਸਨ : ਪੰਜਾਬੀ ਸਾਹਿਤ ਅਕਾਦਮੀ

**ਲੁਧਿਆਣਾ (ਐੱਮ ਐੱਸ ਭਾਟੀਆ)**

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਮੈਂਬਰਾਂ ਤੇ ਸਮੂਹ ਮੈਂਬਰਾਂ ਵੱਲੋਂ ‘ਨਵਾਂ ਜ਼ਮਾਨਾ’ ਦੇ ਸੰਪਾਦਕ ਸ੍ਰੀ ਚੰਦ ਫ਼ਤਿਹਪੁਰੀ ਦੇ ਦੇਹਾਂਤ ’ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਸ੍ਰੀ ਚੰਦ ਫ਼ਤਿਹਪੁਰੀ ਦਾ ਵਿਛੋੜਾ ਪੰਜਾਬੀ ਪੱਤਰਕਾਰੀ ਲਈ ਹੀ ਨਹੀਂ, ਸਗੋਂ ਲੋਕ-ਪੱਖੀ ਸੋਚ ਤੇ ਸਮਾਜਕ ਸਰੋਕਾਰ ਲਈ ਵੀ ਵੱਡਾ ਘਾਟਾ ਹੈ।ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਚੰਦ ਫ਼ਤਿਹਪੁਰੀ ਦੀ ਲਿਖਤ, ਉਨ੍ਹਾਂ ਦੀ ਸੋਚ ਤੇ ਲੋਕ-ਪੱਖੀ ਪੱਤਰਕਾਰੀ ਦੀ ਰਵਾਇਤ ਉਨ੍ਹਾਂ ਦੀ ਯਾਦ ਨੂੰ ਜਿਉਂਦਾ ਰੱਖੇਗੀ।ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਚੰਦ ਫ਼ਤਿਹਪੁਰੀ ਨੇ ਪੱਤਰਕਾਰੀ ਨੂੰ ਸਿਰਫ਼ ਰੋਜ਼ਾਨਾ ਘਟਨਾਵਾਂ ਦੀ ਰਿਪੋਰਟਿੰਗ ਤੱਕ ਸੀਮਤ ਨਹੀਂ ਰੱਖਿਆ, ਸਗੋਂ ਇਸ ਨੂੰ ਲੋਕਾਂ ਦੇ ਸਵਾਲਾਂ ਤੇ ਸਮਾਜ ਦੀਆਂ ਹਕੀਕਤਾਂ ਨਾਲ ਜੋੜ ਕੇ ਦੇਖਿਆ।ਉਹ ਆਪਣੇ ਵਿਚਾਰਾਂ ਪ੍ਰਤੀ ਵਚਨਬੱਧ ਤੇ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰ ਸਨ।ਚੰਦ ਫ਼ਤਿਹਪੁਰੀ ਲੰਮਾ ਸਮਾਂ ‘ਨਵਾਂ ਜ਼ਮਾਨਾ’ ਅਖ਼ਬਾਰ ਵਿੱਚ ਇਕ ਅਨਿਨ ਸੇਵਕ ਬਣ ਕੇ ਕੰਮ ਕਰਦੇ ਰਹੇ। ਕਿਸਾਨ ਮੋਰਚੇ ਸਮੇਂ ਉਨ੍ਹਾਂ ਦੇ ਲਿਖੇ ਸੰਪਾਦਕੀ ਉਸ ਲੋਕ ਸੰਘਰਸ਼ ਨੂੰ ਬੜੀ ਸਾਰਥਕ ਸੇਧ ਦਿੰਦੇ ਰਹੇ ਅਤੇ ਉਨ੍ਹਾਂ ਸੰਪਾਦਕੀਆਂ ਦੀ ਇਕ ਪੁਸਤਕ ਵੀ ਛਪੀ, ਜੋ ਆਪਣੇ ਆਪ ਵਿੱਚ ਇਕ ਇਤਿਹਾਸਕ ਦਸਤਾਵੇਜ਼ ਹੈ।ਉਨ੍ਹਾਂ ਨੂੰ ਉਨ੍ਹਾਂ ਦੇ ਸਿਧਾਂਤਕ ਅਧਿਐਨ ਤੇ ਉਸ ਦੇ ਸਰਲ ਪ੍ਰਗਟਾ ਨਾਲ ਸਾਡੇ ਸਮਿਆਂ ’ਤੇ ਲਾਗੂ ਕਰਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।ਇਸ ਦੁੱਖ ਦੀ ਘੜੀ ਵਿਚ ਅਕਾਦਮੀ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਰਵਿੰਦਰ ਸਿੰਘ ਭੱਠਲ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਵਰਿਆਮ ਸਿੰਘ ਸੰਧੂ, ਡਾ. ਗੁਰਇਕਬਾਲ ਸਿੰਘ, ਡਾ. ਸਰਬਜੀਤ ਕੌਰ ਸੋਹਲ, ਸ੍ਰੀ ਜਸਪਾਲ ਮਾਨਖੇੜਾ, ਸ. ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਰਚਰਨ ਕੌਰ ਕੋਚਰ, ਡਾ. ਅਰਵਿੰਦਰ ਕੌਰ • ਬਾਕੀ ਸਫਾ 2 ’ਤੇ

## ਡੀ ਯੂ ਚੋਣਾਂ ’ਚ ਧਨ-ਬਲ ਦੀ ਜਿੱਤ : ਦੀਪਕੇ

**ਛਤਰਪਤੀ ਸਾਂਭਾਜੀ ਨਗਰ (ਨ ਜ਼ ਸ)** ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਕਨਵੀਨਰ ਅਭਿਜੀਤ ਦੀਪਕੇ ਨੇ ਹਾਲੀਆ ਦਿੱਲੀ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਚੋਣਾਂ ਵਿੱਚ ਏ ਬੀ ਵੀ ਪੀ ਦੀ ਜਿੱਤ ਨੂੰ ਧਨ ਬਲ ਨਾਲ ਜੋੜਿਆ ਹੈ।

ਯੂਨੀਵਰਸਿਟੀ ਚੋਣਾਂ ਵਿੱਚ ਕਾਂਗਰਸ ਸਮਰਥਿਤ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐੱਨ ਐੱਸ ਯੂ ਆਈ) ਚਾਰ ਕੇਂਦਰੀ ਪੈਨਲ ਅਹੁਦਿਆਂ ਵਿੱਚੋਂ ਕੋਈ ਵੀ ਪ੍ਰਾਪਤ ਕਰਨ ਵਿੱਚ ਅਸਫਲ ਰਹੀ, ਜਦਕਿ ਆਰ ਐੱਸ ਐੱਸ ਦੀ ਵਿਦਿਆਰਥੀ ਜਥੇਬੰਦੀ ਏ ਬੀ ਵੀ ਪੀ ਨੇ ਪ੍ਰਧਾਨ, ਸਕੱਤਰ ਅਤੇ ਸੰਯੁਕਤ ਸਕੱਤਰ ਦੇ ਅਹੁਦੇ ਜਿੱਤੇ।

ਦੀਪਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ‘ਚੋਣਾਂ ਵਿੱਚ ਪੈਸਾ ਕੰਮ ਕਰਦਾ ਹੈ, ਹੋਰ ਕੁਝ ਨਹੀਂ। ਦਿੱਲੀ ਯੂਨੀਵਰਸਿਟੀ (ਡੀ ਯੂ) ਵਿੱਚ ਪ੍ਰਚਾਰ ਕਰਨ ਵਾਲੇ ਕਰੋੜਾਂ ਦੇ ਮੁੱਲ ਵਾਲੀਆਂ ਰੋਲਸ ਰਾਇਸ, ਔਡੀ, ਬੀ ਐੱਮ ਡਬਲਿਊ ਵਿੱਚ ਆਉਂਦੇ ਸਨ।

## ਏਸ਼ੀਅਨ ਹਾਕੀ ਫੈਡਰੇਸ਼ਨ ਵੱਲੋਂ ਮਾਨ ਨੂੰ ਸੱਦਾ



**ਚੰਡੀਗੜ੍ਹ (ਨ ਜ਼ ਸ)**-ਅੰਤਰਰਾਸ਼ਟਰੀ ਹਾਕੀ ਦੇ ਨਕਸ਼ੇ ’ਤੇ ਪੰਜਾਬ ਦੀ ਵਧਦੀ ਸਰਦਾਰੀ ਨੂੰ ਪ੍ਰਵਾਨਗੀ ਦਿੰਦਿਆਂ ਏਸ਼ੀਅਨ ਹਾਕੀ ਫੈਡਰੇਸ਼ਨ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦੇ ਇੱਕ ਵਫ਼ਦ ਨੂੰ ਏਸ਼ੀਆਈ ਖੇਡਾਂ ਆਈਚੀ-ਨਾਗੋਆ-2026 ਵਿੱਚ ਮਹਿਲਾ ਅਤੇ ਪੁਰਸ਼ ਹਾਕੀ ਮੁਕਾਬਲਿਆਂ ਦੇ ਸੈਮੀਫਾਈਨਲ ਅਤੇ ਫਾਈਨਲ ਮੈਚ ਦੇਖਣ ਲਈ ਜਾਪਾਨ ਆਉਣ ਦਾ ਸੱਦਾ ਦਿੱਤਾ ਹੈ। ਇਹ ਸੱਦਾ ਅਜਿਹੇ ਮਹੱਤਵਪੂਰਨ ਸਮੇਂ ਆਇਆ ਹੈ, ਜਦੋਂ ਪੰਜਾਬ ਮਾਨ ਦੀ ਅਗਵਾਈ ਹੇਠ ਪਹਿਲੀ ਵਾਰ ਪੁਰਸ਼ ਏਸ਼ੀਅਨ ਚੈਂਪੀਅਨਜ਼ ਟਰਾਫੀ-2026 ਦੀ ਮੇਜ਼ਬਾਨੀ ਕਰਨ ਦੀ ਤਿਆਰੀ ਕਰ ਰਿਹਾ ਹੈ।ਏਸ਼ੀਅਨ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਫੂਮੀਓ ਓਗੁਰਾ ਵੱਲੋਂ ਦਿੱਤਾ ਗਿਆ ਇਹ ਸੱਦਾ 30 ਸਤੰਬਰ ਅਤੇ 1 ਅਕਤੂਬਰ ਨੂੰ ਹੋਣ ਵਾਲੇ ਮਹਿਲਾ ਅਤੇ ਪੁਰਸ਼ ਹਾਕੀ ਦੇ ਸੈਮੀਫਾਈਨਲ ਅਤੇ ਉਸ ਤੋਂ ਬਾਅਦ 2 ਅਤੇ 3 ਅਕਤੂਬਰ ਨੂੰ ਹੋਣ ਵਾਲੇ ਫਾਈਨਲ ਮੈਚਾਂ ਲਈ ਹੈ।

## ਆਈ ਆਈ ਟੀ ਬੰਬੇ ਨੇ ਮਾਫੀ ਮੰਗੀ, ਡੀਨ ਮੁਅੱਤਲ

**ਮੁੰਬਈ (ਨ ਜ਼ ਸ)** ਆਈ ਆਈ ਟੀ ਬੰਬੇ ਨੇ ਬੀ ਟੈੱਕ ਵਿਦਿਆਰਥੀ ਸਾਹਿਲ ਵਕੋਡੇ ਦੀ ਮੌਤ ਦੇ ਸੰਬੰਧ ਵਿੱਚ ਪ੍ਰੋਫੈਸਰ ਸੂਰੀਆ ਨਾਰਾਇਣ ਦੁੱਲਾ ਨੂੰ ਡੀਨ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਹੈ। ਸੰਸਥਾ ਨੇ ਸਾਹਿਲ ਦੀ ਮੌਤ ਸੰਬੰਧੀ ਆਪਣੀਆਂ ਪਹਿਲਾਂ ਕੀਤੀਆਂ ਟਿੱਪਣੀਆਂ ਲਈ ਮੁਆਫੀ ਵੀ ਮੰਗੀ ਹੈ।

22 ਸਾਲਾ ਸਾਹਿਲ, ਆਈ ਆਈ ਟੀ ਬੰਬੇ ਵਿੱਚ ਊਰਜਾ ਵਿਗਿਆਨ ਤੇ ਇੰਜੀਨੀਅਰਿੰਗ ਵਿਭਾਗ ਵਿੱਚ ਦੂਜੇ ਸਾਲ ਦਾ ਵਿਦਿਆਰਥੀ ਸੀ। ਉਹ 18 ਸਤੰਬਰ ਦੀ ਰਾਤ ਨੂੰ ਪੋਵਈ ਕੈਂਪਸ ਵਿੱਚ ਆਪਣੇ ਹੋਸਟਲ ਦੇ ਕਮਰੇ ਵਿੱਚ ਮ੍ਰਿਤ ਪਾਇਆ ਗਿਆ ਸੀ।

ਆਈ ਆਈ ਟੀ ਬੰਬੇ ਨੇ 19 ਸਤੰਬਰ ਨੂੰ ਇੱਕ • ਬਾਕੀ ਸਫਾ 2 ’ਤੇ

## ਪੰਜਾਬ ਦੀ ਸ਼ਰਧਾਲੂ ਖੱਡ ’ਚ ਡਿੱਗੀ

**ਰੁਦਰਪ੍ਰਯਾਗ** : ਤੁੰਗਨਾਥ ਮੰਦਰ ਦੇ ਰਸਤੇ ਵਿੱਚ ਪੰਜਾਬ ਦੀ ਮਹਿਲਾ ਸ਼ਰਧਾਲੂ ਪੂਜਾ ਸਾਹਨੀ (26) ਦੀ ਚੋਪਤਾ-ਤੁੰਗਨਾਥ ਪੈਦਲ ਮਾਰਗ ਦੇ ਨਾਲ ਲੱਗਦੀ 400 ਮੀਟਰ ਡੂੰਘੀ ਖੱਡ ਵਿੱਚ ਕਥਿਤ ਤੌਰ ’ਤੇ ਡਿੱਗਣ ਕਾਰਨ ਮੌਤ ਹੋ ਗਈ। ਤੁੰਗਨਾਥ ਨੂੰ ਦੁਨੀਆ ਦਾ ਸਭ ਤੋਂ ਉੱਚਾ ਸ਼ਿਵ ਮੰਦਰ ਮੰਨਿਆ ਜਾਂਦਾ ਹੈ। ਇਹ ਮੰਦਰ 12,000 ਫੁੱਟ ਤੋਂ ਵੱਧ ਦੀ ਉਚਾਈ ’ਤੇ ਸਥਿਤ ਹੈ। ਮਹਿਲਾ ਦੇ ਰਾਵਣਸ਼ਿਲਾ ਨੇੜੇ ਐਤਵਾਰ ਸ਼ਾਮ ਲਾਪਤਾ ਹੋਣ ਦੀ ਸੂਚਨਾ ਮਿਲੀ ਸੀ। ਉਸ ਦੀ ਲਾਸ਼ ਸੋਮਵਾਰ ਖੱਡ ਵਿੱਚ ਕਾਫ਼ੀ ਡੂੰਘਾਈ ’ਚ ਪਈ ਦੇਖੀ ਗਈ।

## ਆਈਫੋਨ ਲੰਗਰ ’ਤੇ ਰੋਕ

**ਚੰਡੀਗੜ੍ਹ** : 22 ਸਤੰਬਰ ਨੂੰ ਲੱਗਣ ਵਾਲੇ ‘ਆਈਫੋਨ ਦੇ ਲੰਗਰ’ ’ਤੇ ਪ੍ਰਸ਼ਾਸਨ ਨੇ ਰੋਕ ਲਗਾ ਦਿੱਤੀ ਹੈ। ਕਾਰੋਬਾਰੀ ਰਾਕੇਸ਼ ਤ੍ਰੇਹਨ ਉਰਫ ‘ਰਾਜਾ ਦੀ ਕਿੰਗ’ ਵੱਲੋਂ ਚੰਡੀਗੜ੍ਹ ਅਤੇ ਮੁਹਾਲੀ ਵਿੱਚ ਔਰਤਾਂ ਨੂੰ ਮੁਫ਼ਤ ਆਈਫੋਨ ਦੇਣ ਦਾ ਐਲਾਨ ਕੀਤਾ ਗਿਆ ਸੀ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਸਕਦੇ ਹਨ ਅਤੇ ਭੀੜ ਬੇਕਾਬੂ ਹੋਣ ਕਾਰਨ ਭਗਦੜ ਵਰਗੀ ਸਥਿਤੀ ਪੈਦਾ ਹੋਣ ਦਾ ਖਤਰਾ ਹੈ। ਡਿਪਟੀ ਕਮਿਸ਼ਨਰ ਨਿਸ਼ਾਂਤ ਯਾਦਵ ਨੇ ਰੋਕ ਦੇ ਨਿਰਦੇਸ਼ ਦਿੰਦਿਆਂ ਇਹ ਵੀ ਸੁਝਾਅ ਦਿੱਤਾ ਕਿ ਮਹਿੰਗੇ ਫੋਨ ਵੰਡਣ ਦੀ ਬਜਾਏ ਬਜ਼ੁਰਗ ਆਸ਼ਰਮਾਂ, ਅਨਾਥ ਆਸ਼ਰਮਾਂ ਜਾਂ ਹੋਰ ਸੇਵਾ ਕਾਰਜਾਂ ਵਿੱਚ ਮਦਦ ਕੀਤੀ ਜਾਵੇ।

## ਦੀਵਿਆਂ ਦੀ ਲੋਅ ਛੇਤੀ ਮੱਧਮ ਪੈ ਜਾਣ ’ਤੇ ਭਾਜਪਾ ਪ੍ਰੇਸ਼ਾਨ

**ਨਵੀਂ ਦਿੱਲੀ (ਨ ਜ਼ ਸ)**

17 ਸਤੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਦੇ ਦੇਸ਼-ਵਿਆਪੀ ਜਸ਼ਨ ਨੇ ਸ਼ਾਇਦ ਅਣਚਾਹੇ ਸਿਆਸੀ ਨਤੀਜੇ ਪੈਦਾ ਕਰ ਦਿੱਤੇ ਹਨ। ਸੱਤਾਧਾਰੀ ਸੰਸਥਾ ਦੇ ਅੰਦਰਲੇ ਹਿੱਸਿਆਂ ਨੂੰ ਚਿੰਤਾ ਹੈ ਕਿ ਇਹ ਤਮਾਸ਼ਾ ਉਨ੍ਹਾਂ ਦੇ ਧਿਆਨ ਨਾਲ ਤਿਆਰ ਕੀਤੇ ਗਏ ਅਕਸ ਨੂੰ ਚਮਕਾਉਣ ਦੀ ਬਜਾਏ ਵਿਗਾੜ ਸਕਦਾ ਹੈ, ਜਦੋਂ ਕਿ ਮੋਦੀ ਖੁਦ ਆਪਣੇ ਜਨਮ ਦਿਨ ’ਤੇ ਆਮ ਵਾਂਗ ਕੰਮ ਕਰਦੇ ਰਹੇ, ਭਾਜਪਾ ਅਤੇ ਪਾਰਟੀ ਵਾਲੇ ਸ਼ਾਸਤ ਕਈ ਰਾਜਾਂ ਦੀਆਂ ਸਰਕਾਰਾਂ ਨੇ ਕਈ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ, ਜਿਸ ਦਾ ਅੰਤ ਸ਼ਾਮ ਨੂੰ ਦੀਵਾਲੀ ਵਰਗਾ ਲਾਈਟ ਸ਼ੋਅ ਹੋਇਆ, ਜਿਸ ਵਿੱਚ ਪ੍ਰਧਾਨ ਮੰਤਰੀ ਦੀ ਲੰਮੀ ਉਮਰ ਲਈ ‘ਆਸ਼ੀਰਵਾਦ’ ਮੰਗਿਆ ਗਿਆ।

ਵਿਰੋਧੀ ਧਿਰ ਨੇ ਜਸ਼ਨਾਂ ਲਈ ਸਰਕਾਰੀ ਮਸ਼ੀਨਰੀ ਅਤੇ ਜਨਤਕ ਪੈਸੇ ਦੀ ਵਰਤੋਂ ’ਤੇ ਹਮਲਾ ਕੀਤਾ, ਪਰ ਇਹ ਬੇਚੈਨੀ ਸਿਰਫ ਵਿਰੋਧੀ ਧਿਰ ਦੇ ਹਮਲੇ ਤੱਕ ਸੀਮਤ ਨਹੀਂ ਹੈ। ਜ਼ਮੀਨੀ ਅਤੇ ਸੋਸ਼ਲ ਮੀਡੀਆ ਤੋਂ ਮਿਲ ਰਹੇ ਫੀਡਬੈਕ ਨੇ ਭਾਜਪਾ ਦੇ ਅੰਦਰ ਇਹ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਕੀ ਜਸ਼ਨਾਂ ਦਾ ਪੈਮਾਨਾ ਨਿਰਧਾਰਤ ਸੀਮਾ ਟੱਪ ਗਿਆ ਸੀ। ਜਨਤਕ ਭਾਗੀਦਾਰੀ ਦੀ ਸਵੈ-ਇੱਛਾ ਨਾਲ ਘਾਟ ਨੇ ਥਕਾਵਟ ਦੀ ਧਾਰਨਾ ਨੂੰ ਵਿਅੰਗਾਤਮਕ ਤੌਰ ’ਤੇ ਮਜ਼ਬੂਤ ਕੀਤਾ।

ਇੱਕ ਭਾਜਪਾ ਨੇਤਾ ਨੇ ਕਿਹਾ, ‘ਆਮ ਲੋਕਾਂ ਦਾ ਹੁੰਗਾਰਾ ਬਹੁਤਾ ਅਨੁਕੂਲ ਨਹੀਂ ਜਾਪਦਾ। ਸਾਡੀ ਕੋਸ਼ਿਸ਼ ਮੋਦੀ ਜੀ ਦੇ ਦੇਸ਼ ਦੀ ਸੇਵਾ ਪ੍ਰਤੀ ਸਮਰਪਣ ਵੱਲ ਧਿਆਨ ਖਿੱਚਣ ਦੀ ਸੀ, ਪਰ ਹੋ ਸਕਦਾ ਹੈ ਕਿ ਇਸ ਨਾਲ ਪ੍ਰਧਾਨ ਮੰਤਰੀ ਦੀ ਛਵੀ ਨੂੰ ਨੁਕਸਾਨ ਪਹੁੰਚਿਆ ਹੋਵੇ।’ ਇਹ ਬੇਚੈਨੀ ਖਰਚਿਆਂ ਦੇ ਨਾਲ-ਨਾਲ ਦ੍ਰਿਸ਼ਟੀਕੋਣ ’ਤੇ ਵੀ ਕੇਂਦ੍ਰਿਤ ਹੈ। ਨੇਤਾ ਮੁਤਾਬਕ ਲੋਕਾਂ ਨੂੰ ਜਨਮ ਦਿਨ ਦੇ ਜਸ਼ਨਾਂ ’ਤੇ ਟੈਕਸਦਾਤਾਵਾਂ ਦੇ ਪੈਸੇ ਖਰਚ ਕਰਨ ਦੇ ਸਪੱਸ਼ਟ ‘ਦੋਹਰੇ ਮਾਪਦੰਡ’ ਵੱਲ ਇਸ਼ਾਰਾ ਕਰਦੇ ਸੁਣਿਆ ਗਿਆ, ਜਦੋਂ ਕਿ ਮੋਦੀ ਨੇ ਪਿਛਲੇ ਦਿਨੀਂ ਖੁਦ ਨਾਗਰਿਕਾਂ ਨੂੰ ਘੱਟ ਈਂਧਣ ਅਤੇ ਖਾਣਾ ਪਕਾਉਣ ਵਾਲੇ ਤੇਲ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਸੀ। ਮਈ ਵਿੱਚ ਮੋਦੀ ਨੇ ਨਾਗਰਿਕਾਂ ਨੂੰ ਘਰੋਂ ਕੰਮ ਕਰਕੇ, ਵਿਦੇਸ਼ੀ ਯਾਤਰਾ ਨੂੰ ਸੀਮਤ ਕਰਕੇ ਅਤੇ ਸੋਨੇ ਦੀ ਬੇਲੋੜੀ ਖਰੀਦ ਤੋਂ ਬਚਣ ਦੀ ਅਪੀਲ ਕੀਤੀ ਸੀ, ਕਿਉਂਕਿ ਦੇਸ਼ ਵਿਸ਼ਵਵਿਆਪੀ ਊਰਜਾ ਕੀਮਤਾਂ ਵਿੱਚ ਵਾਧੇ ਨਾਲ ਜੂਝ ਰਿਹਾ ਸੀ। ਉਨ੍ਹਾਂ ਇਹ ਵੀ ਦਲੀਲ ਦਿੱਤੀ ਸੀ ਕਿ ਖਾਣਾ ਪਕਾਉਣ ਵਾਲੇ ਤੇਲ ਦੀ ਖਪਤ ਨੂੰ ਘਟਾਉਣ ਨਾਲ ਵਿਦੇਸ਼ੀ ਮੁਦਰਾ ਬਚਾਉਣ ਵਿੱਚ ਮਦਦ ਮਿਲ ਸਕਦੀ ਹੈ, ਕਿਉਂਕਿ ਖਾਣ ਵਾਲੇ ਤੇਲ ਨੂੰ ਵੀ ਆਯਾਤ ਕੀਤਾ ਜਾਂਦਾ ਸੀ।

ਭਾਜਪਾ ਰਵਾਇਤੀ ਤੌਰ ’ਤੇ 17 ਸਤੰਬਰ ਨੂੰ ਮੋਦੀ ਦੇ ਜਨਮ ਦਿਨ ਨੂੰ ਸਾਦੇ ‘ਸੇਵਾ’ ਪ੍ਰੋਗਰਾਮਾਂ—ਖੂਨਦਾਨ ਕੈਂਪਾਂ ਅਤੇ ਲੋਕਾਂ ਲਈ ਹੋਰ ਭਲਾਈ ਗਤੀਵਿਧੀਆਂ ਨਾਲ ਮਨਾਉਂਦੀ ਰਹੀ ਹੈ। ਇਸ ਸਾਲ, ਹਾਲਾਂਕਿ, ਪਾਰਟੀ ਨੇ ਵੱਡਾ ਕਦਮ ਚੁੱਕਣ ਦਾ ਫੈਸਲਾ ਕੀਤਾ, ਜੋ ਕਿ ਮੋਦੀ ਦੇ ਰਾਜਨੀਤਕ ਸਫਰ ਵਿੱਚ ਇੱਕ ਹੋਰ ਮੀਲ ਪੱਥਰ ਵਜੋਂ ਪੇਸ਼ ਕੀਤਾ ਗਿਆ ਸੀ : ਸਰਕਾਰ ਦੀ ਅਗਵਾਈ ਵਿੱਚ 25 ਨਿਰਵਿਘਨ ਸਾਲ। ਮੋਦੀ 7 ਅਕਤੂਬਰ, 2001 ਨੂੰ ਗੁਜਰਾਤ ਦੇ ਮੁੱਖ ਮੰਤਰੀ ਬਣੇ ਸਨ ਅਤੇ ਇਸ ਸਾਲ 7 ਅਕਤੂਬਰ ਨੂੰ ਬਿਨਾਂ ਕਿਸੇ ਬ੍ਰੇਕ ਦੇ 25 ਸਾਲ ਪੂਰੇ ਕਰਨਗੇ। ਜਨਮ ਦਿਨ ਖਾਸ ਪ੍ਰੋਗਰਾਮਾਂ ਨੇ ਉਹ ਜਨਤਕ ਉਤਸ਼ਾਹ ਪੈਦਾ ਨਹੀਂ ਕੀਤਾ, ਜਿਸ ਦੀ ਪਾਰਟੀ ਨੇ ਉਮੀਦ ਕੀਤੀ • ਬਾਕੀ ਸਫਾ 2 ’ਤੇ

### ਅੱਜ-ਨਾਮਾ

ਸਾਰੇ ਈ ਲਾਰਿਆਂ ਦੀ ਚੱਕੀ ਪੰਡ ਆਉਂਦੇ,
ਜਿਹੜੀ ਲੋਕਾਂ ਵਿੱਚ ਵੰਡੀ ਵਰਤਾਈ ਜਾਵੇ।
ਜਿਹੜੀ ਚੀਜ਼ ਦੀ ਕਿਸੇ ਕੋਈ ਮੰਗ ਕੀਤੀ,
ਵਾਅਦੇ ਕਰਨ ਲਈ ਸਿਰ ਹਿਲਾਈ ਜਾਵੇ।
ਦਾਅਵੇ ਕੀਤੇ ਕੋਈ ਕੱਚੇ ਨਾ ਰਹਿਣ ਦੇਣੇ,
ਇਸ ਦਾ ਯਕੀਨ ਵੀ ਨਾਲ ਦਿਵਾਈ ਜਾਵੇ।
ਭੋਲੇ ਲੋਕਾਂ ਨੂੰ ਜਦੋਂ ਤੱਕ ਸਮਝ ਆਉਣੀ,
ਅੱਗੇ ਖਿਸਕਣ ਨੂੰ ਬਾਂਹ ਖਿਸਕਾਈ ਜਾਵੇ।
ਹਰ ਇੱਕ ਧਿਰ ਆ ਕਰਦੀ ਵਿਹਾਰ ਏਹੀ,
ਇਹੀਉ ਗੱਫਾ ਬੱਸ ਰਹੇ ਸਭ ਵੰਡ ਭਾਈ।
ਆਪਣੀ ਗੱਲ ਸਭ ਲੋਹੇ ’ਤੇ ਲੀਕ ਕਹਿੰਦੇ,
ਸਭਨਾਂ ਹੋਰਨਾਂ ਦੀ ਕਰਦੇ ਈ ਭੰਡ ਭਾਈ।

-ਤੀਸ ਮਾਰ ਖਾਂ

## ਕਾਰਪੋਰੇਟੀ ਲੁਟੇਰਿਆਂ ਖਿਲਾਫ ਸਾਂਝੇ ਸੰਘਰਸ਼ ਦਾ ਸੱਦਾ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)**

ਕੁਲ ਹਿੰਦ ਕਿਸਾਨ ਮਹਾਂ ਸਭਾ ਦੀ ਪੰਜਵੀਂ ਕਾਨਫਰੰਸ ਦਾ ਡੈਲੀਗੇਟ ਸੈਸ਼ਨ ਐਤਵਾਰ ਸ਼ਾਮ ਦੇਸ਼ ਭਗਤ ਯਾਦਗਾਰ ਹਾਲ ਦੇ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਵਿੱਚ ਆਰੰਭ ਹੋਇਆ।ਕਾਨਫਰੰਸ ਦੀ ਸੁਆਗਤੀ ਕਮੇਟੀ ਦੇ ਚੇਅਰਮੈਨ ਕਾਹਨ ਸਿੰਘ ਪੰਨੂ (ਸੇਵਾ- ਮੁਕਤ ਆਈ ਏ ਐੱਸ) ਨੇ ਦੇਸ਼ ਭਰ ਤੋਂ ਪੁੱਜੇ ਡੈਲੀਗੇਟਾਂ ਤੇ ਪੰਜਾਬ ਦੀਆਂ ਦੋ ਕਿਸਾਨ ਜਥੇਬੰਦੀਆਂ ਦੇ ਇਕ ਹੋਣ ਦਾ ਭਰਪੂਰ ਸੁਆਗਤ ਕਰਦਿਆਂ ਮੋਦੀ ਸਰਕਾਰ ਵੱਲੋਂ 1% ਵੱਡੇ ਧਨਾਢਾਂ ਦੇ ਮੁਨਾਫ਼ਿਆਂ ਲਈ ਅਪਣਾਏ ਅਖੌਤੀ ਵਿਕਾਸ ਮਾਡਲ ਦੀ ਬਾਖ਼ੂਬੀ ਚੀਰ-ਫਾੜ ਕੀਤੀ। ਉਨ੍ਹਾ ਕਿਹਾ ਕਿ ਅੱਜ ਜਦੋਂ ਦਿਓਕੱਦ ਕਾਰਪੋਰੇਟ ਕੰਪਨੀਆਂ ਮਿਲ ਕੇ ਸੰਸਾਰ ’ਤੇ ਕਾਬਜ਼ ਹੋਣ ਲਈ ਹਰ ਹਰਬਾ ਵਰਤ ਰਹੀਆਂ ਹਨ, ਉਦੋਂ ਜਨਤਾ ਦੇ ਹੱਕਾ-ਹਿੱਤਾਂ ਦੀ ਰਾਖੀ ਲਈ ਲੜਨ ਵਾਲੇ ਸਮੂਹ ਸੰਘਰਸ਼ੀ ਸੰਗਠਨਾਂ ਤੇ ਲੋਕ ਹਿੱਤੂ ਤਾਕਤਾਂ ਲਈ ਵੀ ਇਹ ਬੇਹੱਦ ਜ਼ਰੂਰੀ ਹੈ ਉਹ ਲੁਟੇਰਿਆਂ ਦਾ ਟਾਕਰਾ ਕਰਨ ਲਈ ਇਕਜੁੱਟ ਹੋ ਕੇ ਆਪਣੀ ਤਾਕਤ ’ਚ ਵੱਡਾ ਵਾਧਾ ਕਰਨ।




ਭਰਾਤਰੀ ਸ਼ੁਭ ਇੱਛਾਵਾਂ ਭੇਟ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਨੇ ‘ਪੰਜਾਬ ਕਿਸਾਨ ਯੂਨੀਅਨ’ ਤੇ ‘ਜਮਹੂਰੀ ਕਿਸਾਨ ਸਭਾ’ ਦੀ ਏਕਤਾ ਦਾ ਭਰਪੂਰ ਸੁਆਗਤ ਕੀਤਾ।ਉਨ੍ਹਾ ਸੱਦਾ ਦਿੱਤਾ ਕਿ ਫਿਰਕੂ-ਫਾਸ਼ੀ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਸਾਨੂੰ ਦੇਸ਼ ਭਰ ਦੀਆਂ ਸਮੂਹ ਸੰਘਰਸ਼ਸ਼ੀਲ ਇਨਕਲਾਬੀ ਤੇ ਜਮਹੂਰੀ ਤਾਕਤਾਂ ਦਾ ਵਿਸ਼ਾਲ ਮੋਰਚਾ ਉਸਾਰਨ ਨੂੰ ਅਪਣਾ ਮੁੱਖ ਅਜੰਡਾ ਬਣਾਉਣਾ ਚਾਹੀਦਾ ਹੈ।

ਸਵੇਰ ਦਾ ਸੈਸ਼ਨ ਸਦਾ ਲਈ ਵਿੱਛੜ ਗਏ ਰੋਜ਼ਾਨਾ ‘ਨਵਾਂ ਜ਼ਮਾਨਾ’ ਦੇ ਸੰਪਾਦਕ ਚੰਦ ਫਤਿਹਪੁਰੀ ਨੂੰ ਮੌਨ ਖੜੋ ਕੇ ਸ਼ਰਧਾਂਜਲੀ ਦੇਣ ਨਾਲ ਹੋਇਆ।ਇਸ ਪਿੱਛੋਂ ਜਥੇਬੰਦੀ ਦੇ ਜਨਰਲ ਸਕੱਤਰ ਲੋਕ ਸਭਾ ਮੈਂਬਰ ਰਾਜਾ ਰਾਮ ਸਿੰਘ ਨੇ ਕਾਨਫਰੰਸ ਸਾਹਮਣੇ ਸਿਆਸੀ ਜਥੇਬੰਦਕ ਰਿਪੋਰਟ ਪੇਸ਼ ਕੀਤੀ।ਰਿਪੋਰਟ ’ਚ ਕਿਹਾ ਗਿਆ ਹੈ ਕਿ ਕਾਰਪੋਰੇਟ ਕੰਪਨੀਆਂ ਦੇ ਮੁਨਾਫ਼ੇ ਲਈ ਉਪਜਾਊ ਜ਼ਮੀਨਾਂ ਵੱਡੇ ਪੈਮਾਨੇ ’ਤੇ ਹੜੱਪੀਆਂ ਜਾ ਰਹੀਆਂ ਹਨ ਅਤੇ ਮੱਕੀ, ਗੰਨੇ ਤੇ ਚੌਲਾਂ ਵਰਗੇ ਖੁਰਾਕੀ ਪਦਾਰਥਾਂ ਤੋਂ ਸ਼ਰਾਬ ਅਤੇ ਇਥਾਨੋਲ ਬਣਾਈ ਜਾ ਰਹੀ ਹੈ।ਇਸ ਨਾਲ ਚੀਨੀ, ਆਂਡੇ ਤੇ ਚਿਕਨ ਦੀਆਂ ਕੀਮਤਾਂ ’ਚ ਭਾਰੀ ਵਾਧਾ ਹੋ ਗਿਆ • ਬਾਕੀ ਸਫਾ 2 ’ਤੇ

## ਕੌਮੀ ਲੋਕ ਨਾਚ ਪ੍ਰੋਗਰਾਮ 'ਚ ਕਲਾਕਾਰਾਂ ਨੇ ਬਖੇਰੇ ਵੱਖ-ਵੱਖ ਕਲਾਵਾਂ ਦੇ ਰੰਗ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਬਾਬਾ ਸ਼ੇਖ ਫ਼ਰੀਦ ਆਗਮਨ ਪੁਰਬ-2026 ਦੇ ਸਬੰਧ ਵਿੱਚ ਨਵੀਂ ਦਾਣਾ ਮੰਡੀ ਵਿਖੇ ਬੀਤੀ ਸ਼ਾਮ ਕਰਵਾਏ ਗਏ ਕੌਮੀ ਲੋਕ ਨਾਚ ਪ੍ਰੋਗਰਾਮ ਦੌਰਾਨ ਵੱਖ ਵੱਖ ਰਾਜਾਂ ਦੇ ਕਲਾਕਾਰਾਂ ਵੱਲੋਂ ਸ਼ਮੂਲੀਅਤ ਕਰਕੇ ਆਪਣੀ ਕਲਾ ਦੇ ਖੂਬ ਜੌਹਰ ਦਿਖਾਏ ਗਏ।ਇਸ ਮੌਕੇ ਬੇਅੰਤ ਕੌਰ ਸੇਖੋਂ ਧਰਮਪਤਨੀ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਐੱਸ.ਡੀ.ਐੱਮ. ਜੈਤੋ ਸ੍ਰੀ ਵਿਕਰਮਜੀਤ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉੱਤਰੀ ਜ਼ੋਨ ਸੱਭਿਆਚਾਰਕ ਕੇਂਦਰ, ਪਟਿਆਲਾ ਦੇ ਸਹਾਇਕ ਡਾਇਰੈਕਟਰ ਸ. ਜਰਨੈਲ ਸਿੰਘ ਦੀ ਅਗਵਾਈ ਹੇਠ ਕਲਾਕਾਰਾਂ ਨੇ ਆਪਣੀਆਂ ਕਲਾ ਰਾਹੀਂ ਖੂਬ ਰੰਗ ਬੰਨ੍ਹਿਆ।ਇਸ ਮੌਕੇ ਇਲਾਕਾ ਵਾਸੀਆਂ ਨੂੰ ਸੱਭਿਆਚਾਰਕ ਸਮਾਗਮ ਰਾਹੀਂ ਦੇਸ਼ ਦੀਆਂ ਵਿਭਿੰਨ ਲੋਕ ਪ੍ਰੰਪਰਾਵਾਂ ਨੂੰ ਇੱਕ ਥਾਂ 'ਤੇ ਦੇਖਣ ਤੇ ਅਨੁਭਵ ਕਰਨ ਦਾ ਮੌਕਾ ਮਿਲਿਆ। ਕਲਾਕਾਰਾਂ ਵੱਲੋਂ ਨਾ ਸਿਰਫ ਨਾਚ ਪੇਸ਼ ਕੀਤੇ ਗਏ, ਸਗੋਂ ਆਪਣੇ ਨਾਲ ਆਪਣੇ ਖੇਤਰ ਦੀ ਭਾਸ਼ਾ, ਸੰਗੀਤ, ਲੋਕ ਧੁਨਾਂ, ਪਹਿਰਾਵੇ, ਪ੍ਰੰਪਰਾਵਾਂ ਤੇ ਜੀਵਨ ਸ਼ੈਲੀ ਦੀ ਝਲਕ ਵੀ ਬਾਖ਼ੂਬ ਦਿਖਾਈ ਦਿੰਦੀ ਸੀ। ਇਸ ਮੌਕੇ ਉੱਤਰਾਖੰਡ ਤੋਂ ਛਪੇਲੀ, ਕਸ਼ਮੀਰ ਤੋਂ ਰਊਫ, ਪੱਛਮੀ ਬੰਗਾਲ ਤੋਂ ਪੁਰੂਲੀਆ ਛਾਓ, ਹਰਿਆਣਾ ਤੋਂ ਫੱਗ, ਪੰਜਾਬ ਤੋਂ ਗੱਤਕਾ, ਓਡੀਸ਼ਾ ਤੋਂ ਸੰਬਲਪੁਰੀ ਤੇ ਗੁਜਰਾਤ ਤੋਂ ਮੇਵਾਸੀ ਕੌਮੀ ਲੋਕ ਨਾਚਾਂ ਨੇ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ।ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਭਵੇਸ਼ ਕੁਮਾਰ ਜੋਨੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਅਮਨਦੀਪ ਸਿੰਘ ਬਾਬਾ, ਸੈਕਟਰੀ ਰੈੱਡ ਕਰਾਸ ਮਨਦੀਪ ਮੌਂਗਾ, ਨਾਇਬ ਤਹਿਸੀਲਦਾਰ ਹਰਸ਼ਵੀਰ ਗੋਇਲ, ਗੁਰਸੇਵਕ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਬਾਦਲ ਪਰਵਾਰ ਨੇ ਨਿੱਜੀ ਏਜੰਡੇ ਲਈ ਸਿੱਖ ਸੰਸਥਾਵਾਂ ਦੀ ਵਰਤੋਂ ਕੀਤੀ : ਬਲਤੇਜ ਪੰਨੂ

**ਚੰਡੀਗੜ੍ਹ (ਨ ਜ਼ ਸ)**-ਆਮ ਆਦਮੀ ਪਾਰਟੀ ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਸੋਮਵਾਰ ਬਾਦਲ ਪਰਵਾਰ 'ਤੇ ਤਿੱਖੇ ਹਮਲੇ ਕਰਦਿਆਂ ਇਤਿਹਾਸਕ ਅਕਾਲੀ ਦਲ ਨੂੰ ਕੁਰਬਾਨੀਆਂ ਤੇ ਬਣੀ ਪੰਥਕ ਲਹਿਰ ਤੋਂ ਇੱਕ ਪਰਿਵਾਰਕ ਸਿਆਸੀ ਪਾਰਟੀ ਬਣਾਉਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਪਾਰਟੀ ਦੀ ਲੀਡਰਸ਼ਿਪ ਨੇ ਯੋਜਨਾਬੱਧ ਤਰੀਕੇ ਨਾਲ ਸਿੱਖ ਸੰਸਥਾਵਾਂ 'ਤੇ ਕਬਜ਼ਾ ਕਰਨ ਅਤੇ ਉਨ੍ਹਾਂ ਦੀ ਵਰਤੋਂ ਨਿੱਜੀ ਤੇ ਸਿਆਸੀ ਹਿੱਤਾਂ ਲਈ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਮਰਜੀਤ ਸਿੰਘ ਚਾਵਲਾ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਐੱਸ ਜੀ ਪੀ ਸੀ ਦੀ ਸਰਾਂ ਵਿੱਚ ਮਹੀਨਿਆਂ ਤੱਕ ਠਹਿਰੀ ਗਈ ਔਰਤ ਨਾਲ ਜੁੜੇ ਵਿਵਾਦ ਦਾ ਹਵਾਲਾ ਦਿੰਦਿਆਂ ਬਲਤੇਜ ਪੰਨੂ ਨੇ ਸਵਾਲ ਕੀਤਾ ਕਿ ਅਜਿਹੀਆਂ ਤਾਕਤਾਂ ਕਿਵੇਂ ਦਿੱਤੀਆਂ ਗਈਆਂ, ਵਿਰਸਾ ਸਿੰਘ ਵਲਟੋਹਾ ਅਤੇ ਸਰਬਜੀਤ ਸਿੰਘ ਝਿੰਜਰ ਵੱਲੋਂ ਉਸ ਮਹਿਲਾ ਨੂੰ ਉੱਥੇ ਕਿਉਂ ਲਿਆਂਦਾ ਗਿਆ ਅਤੇ ਐੱਸ ਜੀ ਪੀ ਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਉਸ ਦੀ ਸ਼ਿਕਾਇਤ 'ਤੇ ਕੀ ਕਾਰਵਾਈ ਕੀਤੀ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਨੂ ਨੇ ਕਿਹਾ ਕਿ ਅਕਾਲੀ ਮੋਰਚਿਆਂ ਦਾ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਸੀ, ਜਿਸ ਵਿੱਚ ਆਮ ਅਕਾਲੀ ਮੋਰਚਿਆਂ 'ਤੇ ਸਿਰਫ ਪਰਨਾ ਰੱਖ ਕੇ ਜੇਲ੍ਹਾਂ ਵਿੱਚ ਜਾਂਦੇ ਸਨ ਅਤੇ ਆਪਣੀਆਂ ਕੁਰਬਾਨੀਆਂ ਨਾਲ ਜਥੇਦਾਰ ਦਾ ਖ਼ਿਤਾਬ ਹਾਸਲ ਕਰਦੇ ਸਨ। ਪੰਨੂ ਨੇ ਕਿਹਾ, ਉਹ ਸ਼ਬਦ ਕਮਾਇਆ ਗਿਆ ਸੀ, ਇਹ ਅਜਿਹੀ ਚੀਜ਼ ਨਹੀਂ ਸੀ, ਜੋ ਕੋਈ ਵੀ ਆਪਣੇ ਨਾਂਅ ਨਾਲ ਜੋੜ ਲਵੇ। ਉਨ੍ਹਾ ਕਿਹਾ ਕਿ ਇਹ ਪਰੰਪਰਾ ਹੁਣ ਖ਼ਤਮ ਹੋ ਚੁੱਕੀ ਹੈ, ਕਿਉਂਕਿ ਇੱਕ ਖ਼ਾਸ ਪਰਵਾਰ ਨੇ ਇਸ ਮੋਰਚੇ 'ਤੇ ਕਬਜ਼ਾ ਕਰ ਲਿਆ ਹੈ। ਉਨ੍ਹਾ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਵੀ ਆਪਣੇ ਪੂਰੇ ਸਿਆਸੀ ਜੀਵਨ ਦੌਰਾਨ ਆਪਣੇ ਨਾਂਅ ਨਾਲ ਜਥੇਦਾਰ ਨਹੀਂ ਜੋੜ ਸਕੇ, ਕਿਉਂਕਿ ਉਸ ਰੁਤਬੇ ਲਈ ਬਹੁਤ ਵੱਡੇ ਯੋਗਦਾਨ ਦੀ ਲੋੜ ਹੁੰਦੀ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਐੱਸ ਜੀ ਪੀ ਸੀ ਦੇ ਸਾਬਕਾ ਮੈਂਬਰ ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਹਾਲ ਹੀ ਵਿੱਚ ਦਰਜ ਹੋਈ ਐੱਫ ਆਈ ਆਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਸਰਾਂ ਵਿੱਚ ਇੱਕ ਔਰਤ ਵੱਲੋਂ ਲਾਏ ਦੋਸ਼ਾਂ ਨੇ ਸਿੱਖ ਸੰਸਥਾਵਾਂ ਦੀ ਕਾਰਜਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਸਵਾਲ ਕੀਤਾ ਐੱਫ ਆਈ ਆਰ ਵਿੱਚ ਇੱਕ ਔਰਤ ਦੇ ਇਹ ਦੋਸ਼ ਸ਼ਾਮਲ ਹਨ ਕਿ ਉਸ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਸਰਾਂ ਵਿੱਚ ਬੰਧਕ ਬਣਾ ਕੇ ਰੱਖਿਆ ਗਿਆ ਸੀ। ਇੱਕ ਮਹਿਲਾ ਮਹੀਨਿਆਂ ਬੱਧੀ ਐੱਸ ਜੀ ਪੀ ਸੀ ਦੀ ਸਰਾਂ ਵਿੱਚ ਕਿਵੇਂ ਠਹਿਰ ਸਕਦੀ ਹੈ ? ਉਸ ਨੂੰ ਰਿਹਾਇਸ਼, ਗੱਡੀ ਅਤੇ ਹੋਰ ਸਹੂਲਤਾਂ ਕਿਸ ਨੇ ਦਿੱਤੀਆਂ ਅਤੇ ਇਸ ਦਾ ਖ਼ਰਚਾ ਕਿਸ ਨੇ ਚੁੱਕਿਆ ? ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਐੱਸ ਜੀ ਪੀ ਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਭੂਮਿਕਾ 'ਤੇ ਸਵਾਲ ਚੁੱਕੇ ਅਤੇ ਮੰਗ ਕੀਤੀ ਕਿ ਧਾਮੀ ਸਪੱਸ਼ਟ ਕਰਨ ਕਿ ਜਦੋਂ ਔਰਤ ਸ਼ਿਕਾਇਤ ਲੈ ਕੇ ਉਨ੍ਹਾਂ ਕੋਲ ਪਹੁੰਚੀ ਸੀ ਤਾਂ ਕੀ ਕਾਰਵਾਈ ਕੀਤੀ ਗਈ। ਉਨ੍ਹਾਂ ਪੁੱਛਿਆ, ਕਿ ਕੀ ਪੁਲਸ ਦੀ ਕੋਈ ਲੋੜ ਨਹੀਂ ਅਤੇ ਤੁਸੀਂ ਆਪ ਹੀ ਸਭ ਕੁਝ ਸੰਭਾਲ ਲਵੋਗੇ, ਫਿਰ ਤੁਸੀਂ ਹਫ਼ਤਿਆਂ ਅਤੇ ਮਹੀਨਿਆਂ ਤੱਕ ਚੁੱਪ ਕਿਉਂ ਰਹੇ?

ਉਹਨਾ ਅਮਰਜੀਤ ਸਿੰਘ ਚਾਵਲਾ ਨਾਲ ਜੁੜੇ ਸਿਆਸੀ ਅਤੇ ਜਥੇਬੰਦਕ ਸਬੰਧਾਂ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਪੁੱਛਿਆ ਕਿ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਬਹਿਰੀਨ ਤੋਂ ਔਰਤ ਦੀ ਟਿਕਟ ਦਾ ਪ੍ਰਬੰਧ ਕਿਉਂ ਕੀਤਾ, ਵਿਰਸਾ ਸਿੰਘ ਵਲਟੋਹਾ ਇਸ ਵਿੱਚ ਕਿਉਂ ਸ਼ਾਮਲ ਸਨ ਅਤੇ ਪ੍ਰੈੱਸ ਕਾਨਫਰੰਸ ਅਸਲ ਵਿੱਚ ਕਿਸ ਮਕਸਦ ਲਈ ਬੁਲਾਈ ਗਈ ਸੀ। ਉਨ੍ਹਾ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਹਰਜਿੰਦਰ ਸਿੰਘ ਧਾਮੀ ਨੂੰ ਇਹਨਾਂ ਸਵਾਲਾਂ ਦੇ ਜਵਾਬ ਦੇਣੇ ਪੈਣਗੇ।

ਬਲਤੇਜ ਪੰਨੂ ਨੇ ਅੱਗੇ ਸਵਾਲ ਕੀਤਾ ਕਿ ਗੰਭੀਰ ਦੋਸ਼ਾਂ ਦੇ ਬਾਵਜੂਦ ਅਮਰਜੀਤ ਸਿੰਘ ਚਾਵਲਾ ਆਪਣੇ ਨਾਂਅ ਨਾਲ ਭਾਈ ਸ਼ਬਦ ਦੀ ਵਰਤੋਂ ਕਿਉਂ ਕਰਦੇ ਰਹੇ, ਜਦਕਿ ਸਿੱਖ ਪਰੰਪਰਾ ਵਿੱਚ ਅਜਿਹੇ ਖ਼ਿਤਾਬ ਆਚਰਣ ਅਤੇ ਯੋਗਦਾਨ ਨਾਲ ਕਮਾਏ ਜਾਂਦੇ ਹਨ।

ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਗਈ ਕਾਰਵਾਈ ਦਾ ਹਵਾਲਾ ਵੀ ਦਿੱਤਾ, ਜਿਸ ਨੇ 20 ਸਤੰਬਰ ਨੂੰ ਇਸ ਵਿਵਾਦ ਤੋਂ ਬਾਅਦ ਅਮਰਜੀਤ ਸਿੰਘ ਚਾਵਲਾ ਅਤੇ ਐੱਸ ਜੀ ਪੀ ਸੀ ਮੁਲਾਜ਼ਮ ਮਲਕੀਤ ਸਿੰਘ ਨੂੰ ਖ਼ਾਲਸਾ ਪੰਥ ਤੋਂ ਛੇਕ ਦਿੱਤਾ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਘਟਨਾ ਕੋਈ ਵੱਖਰੀ ਗੱਲ ਨਹੀਂ, ਸਗੋਂ ਇਹ ਬਾਦਲ ਪਰਵਾਰ ਦੇ ਸਿੱਖ ਸੰਸਥਾਵਾਂ 'ਤੇ ਕਬਜ਼ਾ ਕਰਨ ਅਤੇ ਉਨ੍ਹਾਂ ਦੀ ਵਰਤੋਂ ਕਰਨ ਦੇ ਵੱਡੇ ਰੁਝਾਨ ਦਾ ਹਿੱਸਾ ਹੈ।

ਬਾਦਲ ਪਰਵਾਰ ਦੇ ਆਗੂਆਂ ਦੀ ਚੁੱਪ 'ਤੇ ਸਵਾਲ ਚੁੱਕਦਿਆਂ ਪੰਨੂ ਨੇ ਪੁੱਛਿਆ ਕਿ ਹਰਸਿਮਰਤ ਕੌਰ ਬਾਦਲ ਨੇ ਔਰਤ ਨਾਲ ਜੁੜੇ ਦੋਸ਼ਾਂ 'ਤੇ ਇੱਕ ਸ਼ਬਦ ਵੀ ਕਿਉਂ ਨਹੀਂ ਬੋਲਿਆ ਅਤੇ ਬਿਕਰਮ ਮਜੀਠੀਆ ਅਤੇ ਹੋਰ ਆਗੂ ਜੋ ਅਕਸਰ ਹਰ ਮੁੱਦੇ 'ਤੇ ਲਾਈਵ ਹੁੰਦੇ ਹਨ, ਉਹ ਹੁਣ ਚੁੱਪ ਕਿਉਂ ਹਨ ? ਸੁਖਬੀਰ ਬਾਦਲ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਅਮਰਜੀਤ ਚਾਵਲਾ ਨੂੰ ਅਜਿਹੀਆਂ ਤਾਕਤਾਂ ਕਿਸ ਨੇ ਦਿੱਤੀਆਂ, ਇਹ ਤਾਕਤਾਂ ਕਿਉਂ ਦਿੱਤੀਆਂ ਗਈਆਂ ਅਤੇ ਐੱਸ ਜੀ ਪੀ ਸੀ ਦੇ ਅਧੀਨ ਆਉਂਦੀਆਂ ਤਾਕਤਾਂ ਨੂੰ ਅਜਿਹੀ ਸਥਿਤੀ 'ਚ ਪਹੁੰਚਣ ਦੀ ਇਜਾਜ਼ਤ ਕਿਵੇਂ ਦਿੱਤੀ ਗਈ। ਬਾਦਲ ਪਰਵਾਰ ਆਪਣੇ ਸਰਕਾਰ ਦੇ ਸਾਲਾਂ ਦੌਰਾਨ ਪੰਜਾਬ ਦਾ ਪਹਿਲਾਂ ਹੀ ਬਹੁਤ ਨੁਕਸਾਨ ਕਰ ਚੁੱਕਾ ਹੈ ਅਤੇ ਉਸ ਸਮੇਂ ਦੌਰਾਨ ਉਭਰੀਆਂ ਨਸ਼ਿਆਂ ਅਤੇ ਗੈਂਗਸਟਰਾਂ ਦੀਆਂ ਸਮੱਸਿਆਵਾਂ ਨੇ ਸੂਬੇ ਨੂੰ ਡੂੰਘੀ ਸੱਟ ਮਾਰੀ ਹੈ।

## ਲਖਵੀਰ ਸਿੰਘ ਲੱਕੀ ਦੀ ਯਾਦ 'ਚ ਤੀਸਰਾ ਕੌਸਕੋ ਕ੍ਰਿਕਟ ਟੂਰਨਾਮੈਂਟ ਕਰਵਾਇਆ



**ਭਵਾਨੀਗੜ੍ਹ (ਰਾਜ ਖੁਰਮੀ)**-ਸਥਾਨਕ ਗੁਰੂ ਤੇਗ ਬਹਾਦਰ ਸਟੇਡੀਅਮ ਵਿਖੇ ਸਵਰਗੀ ਲਖਵੀਰ ਸਿੰਘ ਸੰਧੂ 'ਲੱਕੀ' ਦੀ ਯਾਦ ਨੂੰ ਸਮਰਪਤ ਤੀਸਰਾ ਸਥਾਨਵਾਰ ਕੌਸਕੋ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ।ਦੋ ਦਿਨ ਚੱਲੇ ਇਸ ਕ੍ਰਿਕਟ ਟੂਰਨਾਮੈਂਟ ਵਿੱਚ ਵੱਖ-ਵੱਖ ਪਿੰਡਾਂ ਤੋਂ ਖਿਡਾਰੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।ਟੂਰਨਾਮੈਂਟ ਸਬੰਧੀ ਜਾਣਕਾਰੀ ਦਿੰਦਿਆਂ ਪੈਨਸ਼ਨਰ ਐਸੋਸੀਏਸ਼ਨ ਬਲਾਕ ਭਵਾਨੀਗੜ੍ਹ ਦੇ ਪ੍ਰਧਾਨ ਸਤਨਾਮ ਸਿੰਘ ਨੇ ਦੱਸਿਆ ਕਿ ਇਹ ਟੂਰਨਾਮੈਂਟ ਹਰ ਸਾਲ ਸਵਰਗੀ ਲਖਵੀਰ ਸਿੰਘ ਸੰਧੂ 'ਲੱਕੀ' ਦੀ ਯਾਦ ਵਿੱਚ ਕਰਵਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਇਸ ਉਪਰਾਲੇ ਦਾ ਮਕਸਦ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਖੇਡ ਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ।ਟੂਰਨਾਮੈਂਟ ਵਿੱਚ ਜੇਤੂ ਟੀਮ ਨੂੰ 31 ਹਜ਼ਾਰ ਰੁਪਏ, ਉਪ-ਜੇਤੂ ਟੀਮ ਨੂੰ 21 ਹਜ਼ਾਰ ਰੁਪਏ, ਜਦਕਿ ਤੀਜੇ ਤੇ ਚੌਥੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਨੂੰ 3100-3100 ਰੁਪਏ ਦੇ ਇਨਾਮ ਦਿੱਤੇ ਗਏ।ਇਸ ਤੋਂ ਇਲਾਵਾ ਮੈਨ ਆਫ ਦਿ ਸੀਰੀਜ਼ ਨੂੰ 5100 ਰੁਪਏ ਦਾ ਇਨਾਮ ਦਿੱਤਾ ਗਿਆ।ਇਸ ਮੌਕੇ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਖਿਡਾਰੀਆਂ ਦਾ ਪ੍ਰਬੰਧਕਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਟੂਰਨਾਮੈਂਟ ਦੌਰਾਨ ਖਿਡਾਰੀਆਂ ਨੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦਰਸ਼ਕਾਂ ਦਾ ਮਨੋਰੰਜਨ ਕੀਤਾ।ਇਸ ਮੌਕੇ ਭਵਾਨੀਗੜ੍ਹ ਦੇ ਐੱਮ ਸੀ ਹਰਪ੍ਰੀਤ ਸਿੰਘ ਬਾਜਵਾ, ਗੁਰਜੀਤ ਸਿੰਘ, ਕੁਲਦੀਪ ਸਿੰਘ, ਸਾਬਕਾ ਐੱਮ ਸੀ ਤੇਜੀ ਚਹਿਲ, ਭੀਮ ਸ਼ਰਮਾ, ਐਡਵੋਕੇਟ ਨਵਦੀਪ ਸਿੰਘ ਰਾਜੂ, ਗੁਰਤੇਜ ਚਹਿਲ ਸਮੇਤ ਹੋਰ ਪਤਵੰਤੇ ਤੇ ਖੇਡ ਪ੍ਰੇਮੀ ਹਾਜ਼ਰ ਸਨ।

## ਕਿਸਾਨ ਸੁੱਕਾ ਝੋਨਾ ਹੀ ਮੰਡੀ 'ਚ ਲਿਆਉਣ : ਡੀ ਸੀ



**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ ਸ੍ਰੀਮਤੀ ਅਮਰਪ੍ਰੀਤ ਕੌਰ ਸੰਧੂ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਝੋਨੇ ਦੀ ਫਸਲ ਨੂੰ ਪੂਰੀ ਤਰ੍ਹਾਂ ਪਕਾ ਕੇ ਹੀ ਕਟਵਾਉਣ ਤੇ ਕੇਵਲ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖਰੀਦ ਲਈ ਪੂਰੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।ਡਿਪਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫ਼ਾਜ਼ਿਲਕਾ ਜ਼ਿਲ੍ਹੇ ਵਿੱਚ ਇਸ ਵਾਰ 100 ਮੰਡੀਆਂ ਝੋਨੇ ਦੀ ਖਰੀਦ ਲਈ ਨੋਟੀਫਾਈ ਕੀਤੀਆਂ ਗਈਆਂ ਹਨ।ਹਰ ਕੇਂਦਰ 'ਤੇ ਕਿਸਾਨਾਂ ਦੀ ਸਹੂਲਤ ਲਈ ਪੂਰੀ ਵਿਵਸਥਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੀ ਅਦਾਇਗੀ ਵੱਧ ਤੋਂ ਵੱਧ 48 ਘੰਟਿਆਂ ਅੰਦਰ ਕੀਤੀ ਜਾਵੇਗੀ।ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਖਰੀਦ ਦੇ ਸਮੇਂ ਝੋਨਾ ਫਸਲ ਵਿੱਚ ਨਮੀ ਦੀ ਮਾਤਰਾ ਸਰਕਾਰ ਵੱਲੋਂ ਨਿਰਧਾਰਤ ਮਿਆਰ ਅਨੁਸਾਰ 17 ਫੀਸਦੀ ਤੱਕ ਹੀ ਹੋਣੀ ਚਾਹੀਦੀ ਹੈ।ਇਸ ਲਈ ਕਿਸਾਨ ਆਪਣੀ ਫਸਲ ਪੂਰੀ ਤਰ੍ਹਾਂ ਸੁੱਕਾ ਕੇ ਹੀ ਮੰਡੀਆਂ ਵਿੱਚ ਲਿਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਨੇ ਕਿਹਾ ਕਿ ਜਦ ਜ਼ਿਆਦਾ ਨਮੀ ਵਾਲੀ ਫਸਲ ਮੰਡੀ ਵਿੱਚ ਆਉਂਦੀ ਹੈ ਤਾਂ ਇਸ ਨਾਲ ਖਰੀਦ ਪ੍ਰਕਿਰਿਆ ਵਿੱਚ ਦੇਰੀ ਹੁੰਦੀ ਹੈ ਤੇ ਕਿਸਾਨਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਤਿੰਨ ਰੋਜ਼ਾ ਪਸ਼ੂਧਨ ਤੇ ਕਿਸਾਨ ਮੇਲੇ 'ਚ ਸੇਖੋਂ ਤੇ ਅਮੋਲਕ ਨੇ ਕੀਤੀ ਸ਼ਿਰਕਤ




**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਬਾਬਾ ਸ਼ੇਖ ਫ਼ਰੀਦ ਆਗਮਨ ਪੁਰਬ 2026 ਤਹਿਤ ਤਿੰਨ ਰੋਜ਼ਾ ਪਸ਼ੂਧਨ ਤੇ ਕਿਸਾਨ ਮੇਲਾ ਦਾ ਆਯੋਜਨ ਸਾਦਿਕ ਰੋਡ ਦਾਣਾ ਮੰਡੀ ਫ਼ਰੀਦਕੋਟ ਵਿਖੇ ਕੀਤਾ ਗਿਆ, ਜਿਸ ਵਿੱਚ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਤੇ ਵਿਧਾਇਕ ਜੈਤੋ ਅਮੋਲਕ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਕੱਠ ਨੂੰ ਸੰਬੋਧਨ ਹੁੰਦਿਆਂ ਵਿਧਾਇਕ ਸੇਖੋਂ ਨੇ ਕਿਹਾ ਕਿ ਪਸ਼ੂ ਪਾਲਣ ਧੰਦਾ ਬਹੁਤ ਹੀ ਫਾਇਦੇਮੰਦ ਧੰਦਾ ਹੈ ਅਤੇ ਕਿਸਾਨਾਂ ਤੇ ਖਾਸ ਕਰਕੇ ਨੌਜਵਾਨਾਂ ਨੂੰ ਇਸ ਕਿੱਤੇ ਨੂੰ ਵੱਧ ਤੋਂ ਵੱਧ ਅਪਨਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪਸ਼ੂ ਧਨ ਮੁਕਾਬਿਲਆਂ ਨੂੰ ਹੋਰ ਵੀ ਕਾਮਯਾਬ ਕਰਨ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਮੇਲੇ ਦੇ ਪਹਿਲੇ ਦਿਨ ਕੁੱਤਿਆਂ ਦੀਆਂ ਵੱਖ-ਵੱਖ ਕੈਟੇਗਰੀਆਂ ਵਿੱਚ ਮੁਕਾਬਲੇ ਕਰਵਾਏ ਗਏ ਤੇ ਜੇਤੂ ਪਸ਼ੂ ਪਾਲਕਾਂ ਨੂੰ ਸਨਮਾਨਤ ਵੀ ਕੀਤਾ ਗਿਆ।ਵਿਧਾਇਕ ਸੇਖੋਂ ਨੇ ਦੱਸਿਆ ਕਿ ਇਸ ਤਿੰਨ ਰੋਜ਼ਾ ਪਸ਼ੂਮੇਲੇ ਵਿੱਚ ਘੋੜਿਆਂ ਦੇ, ਮੱਝਾਂ ਦੇ ਮੁਕਾਬਲੇ ਵੀ ਕਰਵਾਏ ਜਾਣਗੇ।ਇਸ ਤੋਂ ਇਲਾਵਾ ਕਿਸਾਨਾਂ ਤੇ ਪਸ਼ੂ ਪਾਲਕਾਂ ਨੂੰ ਸਰਕਾਰੀ ਸਕੀਮਾਂ, ਪਸ਼ੂਆਂ ਦੀ ਸਿਹਤ ਸੰਭਾਲ, ਡੇਅਰੀ ਵਿਕਾਸ ਤੇ ਆਧੁਨਿਕ ਖੇਤੀ ਤੇ ਪਸ਼ੂ ਪਾਲਣ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਪਸ਼ੂ ਮੇਲੇ ਵਿੱਚ ਪਸ਼ੂਪਾਲਕ ਕਿਸੇ ਵੀ ਰਾਜ ਤੋਂ ਆ ਕੇ ਹਿੱਸਾ ਲੈ ਸਕਦਾ ਹੈ।ਵਿਧਾਇਕ ਅਮੋਲਕ ਸਿੰਘ ਨੇ ਕਿਹਾ ਕਿ ਇਹ ਮੁਕਾਬਲੇ ਪਸ਼ੂ ਮਾਲਕਾਂ ਨੂੰ ਉਨ੍ਹਾਂ ਦੇ ਪਸ਼ੂਆਂ ਦੀ ਦੇਖਭਾਲ ਤੇ ਪ੍ਰਬੰਧਨ ਲਈ ਵਿਗਿਆਨਕ ਅਤੇ ਤਕਨੀਕੀ ਜਾਣਨ ਸਬੰਧੀ ਉਤਸ਼ਾਹਤ ਕਰਨਗੇ ਤਾਂ ਜੋ ਦੁੱਧ ਦੀ ਪੈਦਾਵਾਰ ਨੂੰ ਵਧਾਇਆ ਜਾ ਸਕੇ ਤੇ ਪਸ਼ੂਆਂ ਦੀ ਨਸਲ ਵਿੱਚ ਸੁਧਾਰ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਇਹ ਪਹਿਲਾ ਪਸ਼ੂ ਧਨ ਤੇ ਕਿਸਾਨ ਮੇਲਾ ਕਿਸਾਨਾਂ ਤੇ ਪਸ਼ੂ ਪਾਲਕਾਂ ਲਈ ਇੱਕ ਮਹੱਤਵਪੂਰਨ ਮੌਕਾ ਹੈ।ਉਨ੍ਹਾਂ ਪੰਜਾਬ ਦੇ ਹਰ ਕੋਨੇ ਤੋਂ ਕਿਸਾਨਾਂ ਤੇ ਪਸ਼ੂ ਪਾਲਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਫ਼ਰੀਦਕੋਟ ਪਹੁੰਚਣ ਤੇ ਇਸ ਇਤਿਹਾਸਕ ਮੇਲੇ ਦਾ ਹਿੱਸਾ ਬਣਨ।

## ਚੰਦ ਫਤਹਿਪੁਰੀ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਚੰਦ ਫਤਹਿਪੁਰੀ ਦੇ ਵਿਛੋੜਾ ਦੇ ਜਾਣ ਦਾ ਸਮਾਚਾਰ ਸੁਣਦੇ ਹੀ ਪੰਜਾਬ ਪੈਨਸ਼ਨਰਜ ਯੂਨੀਅਨ (ਏਟਕ) ਜ਼ਿਲ੍ਹਾ ਮੋਗਾ ਵੱਲੋਂ ਬਹੁਤ ਹੀ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਚੰਦ ਫਤਹਿਪੁਰੀ ਵਰਗੇ ਲੋਕਾਂ ਦੇ ਵਿਛੋੜੇ ਨਾਲ ਪਿਆ ਘਾਟਾ ਪੂਰਿਆ ਨਹੀਂ ਨਾ ਸਕਦਾ, ਜਿਨ੍ਹਾਂ ਲੋਕਾਂ ਨੇ ਆਪਣੀ ਸਾਰੀ ਜ਼ਿੰਦਗੀ ਲੋਕਾਂ ਲੇਖੇ ਲਾ ਦਿੱਤੀ।

ਲੋਕਾਂ ਨੂੰ ਸੇਧ ਦਿੱਤੀ।ਇਸ ਮੌਕੇ ਜਗਦੀਸ਼ ਸਿੰਘ ਚਾਹਲ ਸੂਬਾ ਪ੍ਰਧਾਨ, ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਭੋਲਾ, ਬਚਿੱਤਰ ਸਿੰਘ ਧੋਥੜ ਪ੍ਰਧਾਨ, ਅਜਮੇਰ ਸਿੰਘ ਅਖਾੜਾ, ਬੂਟਾ ਸਿੰਘ ਭੱਟੀ, ਭੁਪਿੰਦਰ ਸਿੰਘ ਸੇਖੋਂ, ਸਤਪਾਲ ਸਹਿਗਲ, ਪੋਹਲਾ ਸਿੰਘ ਬਰਾੜ, ਆਂਗਨਵਾੜੀ ਸੂਬਾ ਵਿੱਤ ਸਕੱਤਰ ਗੁਰਚਰਨ ਕੌਰ, ਚਮਕੌਰ ਸਿੰਘ ਲੰਗੇਆਣਾ, ਅਜਮੇਰ ਸਿੰਘ ਕੈਸ਼ੀਅਰ, ਉਂਕਾਰ ਪੁਰੀ ਹਾਜ਼ਰ ਸਨ।

## ਸਤਵੰਤ ਸਿੰਘ ਬਰਾੜ ਭਾਜਪਾ ਦੇ ਭਲੂਰ ਸਰਕਲ ਪ੍ਰਧਾਨ ਨਿਯੁਕਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਭਾਰਤੀ ਜਨਤਾ ਪਾਰਟੀ ਵੱਲੋਂ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਦੀ ਲੜੀ ਤਹਿਤ ਸਤਵੰਤ ਸਿੰਘ ਬਰਾੜ ਨੂੰ ਭਲੂਰ ਸਰਕਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਦੀ ਨਿਯੁਕਤੀ ਨੂੰ ਲੈ ਕੇ ਪਾਰਟੀ ਆਗੂਆਂ ਤੇ ਵਰਕਰਾਂ ਵੱਲੋਂ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।ਪਾਰਟੀ ਵੱਲੋਂ ਸਤਵੰਤ ਸਿੰਘ ਬਰਾੜ ਨੂੰ ਸੌਂਪੀ ਗਈ ਇਸ ਜ਼ਿੰਮੇਵਾਰੀ ਤਹਿਤ ਉਨ੍ਹਾਂ ਵੱਲੋਂ ਭਲੂਰ ਸਰਕਲ ਅਧੀਨ ਆਉਂਦੇ ਪਿੰਡਾਂ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਨੂੰ ਸੁਚੱਜੇ ਢੰਗ ਨਾਲ ਚਲਾਉਣ, ਵਰਕਰਾਂ ਨਾਲ ਤਾਲਮੇਲ ਬਣਾਉਣ ਅਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ ਜਾਵੇਗਾ।ਇਸ ਮੌਕੇ ਪਾਰਟੀ ਆਗੂਆਂ ਨੇ ਕਿਹਾ ਕਿ ਸਤਵੰਤ ਸਿੰਘ ਬਰਾੜ ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜ ਕੇ ਜਥੇਬੰਦਕ ਗਤੀਵਿਧੀਆਂ ਵਿਚ ਆਪਣੀ ਭੂਮਿਕਾ ਨਿਭਾਉਂਦੇ ਆ ਰਹੇ ਹਨ।ਉਨ੍ਹਾਂ ਦੀਆਂ ਸੇਵਾਵਾਂ ਅਤੇ ਪਾਰਟੀ ਪ੍ਰਤੀ ਸਰਗਰਮੀ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ।ਆਗੂਆਂ ਨੇ ਆਸ ਪ੍ਰਗਟਾਈ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।ਸਤਵੰਤ ਸਿੰਘ ਬਰਾੜ ਨੇ ਆਪਣੀ ਨਿਯੁਕਤੀ ਲਈ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ 'ਤੇ ਜੋ ਭਰੋਸਾ ਪ੍ਰਗਟਾਇਆ ਹੈ, ਉਹ ਉਸ 'ਤੇ ਖਰਾ ਉਤਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਭਲੂਰ ਸਰਕਲ ਵਿੱਚ ਪਾਰਟੀ ਵਰਕਰਾਂ ਨਾਲ ਮਿਲ ਕੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਯਤਨ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਉਹ ਪਾਰਟੀ ਵਰਕਰਾਂ ਅਤੇ ਆਗੂਆਂ ਨਾਲ ਮਿਲ ਕੇ ਪਿੰਡ ਪੱਧਰ 'ਤੇ ਤਾਲਮੇਲ ਵਧਾਉਣ ਨੂੰ ਤਰਜੀਹ ਦੇਣਗੇ। ਇਸ ਨਿਯੁਕਤੀ ਮੌਕੇ ਪਾਰਟੀ ਵਰਕਰਾਂ ਤੇ ਸਮਰਥਕਾਂ ਵੱਲੋਂ ਸਤਵੰਤ ਸਿੰਘ ਬਰਾੜ ਨੂੰ ਵਧਾਈ ਦਿੱਤੀ ਗਈ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

## ਪੀਰ ਬਾਬਾ ਜੁੜਵਾ ਸ਼ਾਹ ਜੀ ਦਾ ਸਾਲਾਨਾ ਮੇਲਾ 23 ਤੇ 24 ਨੂੰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੀਰਾ ਦਾ ਪੀਰ ਬਾਬਾ ਜੁੜਵਾ ਸ਼ਾਹ ਜੀ ਦਾ 34ਵਾਂ ਵਿਸ਼ਾਲ ਮੇਲਾ 23 ਤੇ 24 ਸਤੰਬਰ ਨੂੰ ਸਿਨੇਮਾ ਰੋਡ 'ਤੇ ਪੀਰ ਬਾਬਾ ਜੁੜਵਾ ਸ਼ਾਹ ਜੀ ਦੀ ਦਰਗਾਹ ਵਿਖੇ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਇਸ ਮੌਕੇ ਦਰਬਾਰ ਦੇ ਮੁੱਖ ਸੇਵਾਦਾਰ ਸੈਕੀ ਖੰਨਾ ਨੇ ਦੱਸਿਆ ਕਿ ਇਸ ਮੇਲੇ ਵਿੱਚ 23 ਸਤੰਬਰ ਬੁੱਧਵਾਰ ਨੂੰ ਸ਼ਾਮ 5 ਵਜੇ ਮਹਿੰਦੀ ਦੀ ਰਸਮ ਹੋਵੇਗੀ ਤੇ ਇਸੇ ਤਰ੍ਹਾਂ 24 ਸਤੰਬਰ ਨੂੰ ਸਵੇਰੇ 7 ਵਜੇ ਝੰਡਾ ਦੇ ਰਸਮ ਤੇ ਚਾਦਰ ਦੀ ਰਸਮ ਸਵੇਰੇ 9 ਵਜੇ ਹੋਵੇਗੀ। ਇਸੇ ਦਿਨ ਸ਼ਾਮ ਨੂੰ 6 ਵਜੇ ਜਸ਼ਨ ਏ ਮਹਿਫਲ ਹੋਵੇਗੀ, ਜਿਸ ਵਿੱਚ ਉੱਘੇ ਸੂਫੀ ਗਾਇਕ ਮਨਮੰਦਰ ਮਾਨਵਨ, ਅਮਰ ਅਲੀ ਖਾਨ ਤੇ ਕਮਲ ਖਾਨ ਆਪਣੀ ਸੂਫੀ ਗਾਇਕੀ ਨਾਲ ਭਗਤਾ ਨੂੰ ਨਿਹਾਲ ਕਰਨਗੇ।

ਇਸ ਤੋਂ ਇਲਾਵਾ ਇਹ ਦੋਵੇਂ ਦਿਨ ਨੂੰ ਬਾਬਾ ਜੀ ਮੇਲਾ ਭਰੇਗਾ ਤੇ 24 ਸਤੰਬਰ ਨੂੰ ਵੱਖ ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਜਾਣਗੇ।ਇਸ ਮੌਕੇ ਸੰਕਰ ਖੰਨਾ, ਸੁਰਜੀਤ ਸਿੰਘ ਆਨੰਦ, ਹਰਦੀਪ ਗਰਗ, ਗੁਰਪ੍ਰੀਤ ਸਿੰਘ ਗੱਪੂ, ਦੀਪਕ ਬਾਂਸਲ, ਮਨਦੀਪ ਬਾਲੀਆ, ਜਤਿੰਨ ਅਹੂਜਾ, ਸੰਜੂ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਕਮੇਟੀ ਮੈਂਬਰ ਹਾਜ਼ਰ ਸਨ।

## ਅਗਾਮੀ ਚੋਣਾਂ ਨੂੰ ਲੈ ਕੇ ਮਾਹਲਾ ਵੱਲੋਂ ਵਿੱਢੀਆਂ ਸਰਗਰਮੀਆਂ ਨੂੰ ਵੱਡਾ ਹੁੰਗਾਰਾ : ਅਕਾਲੀ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਹਲਕਾ ਬਾਘਾ ਪੁਰਾਣਾ ਵਿੱਚ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ।ਇਸੇ ਤਹਿਤ ਸ਼੍ਰੋਮਣੀ ਅਕਾਲੀ ਦਲ ਐੱਸ.ਓ.ਆਈ. ਹਲਕਾ ਬਾਘਾ ਪੁਰਾਣਾ ਦੇ ਪ੍ਰਧਾਨ ਸੁਖਵੀਰ ਸਿੰਘ ਬਰਾੜ ਸੁੱਖਾ ਤੇ ਜਨਮ ਚੰਨੂਵਾਲਾ ਵਾਲਾ ਨੇ ਪਾਰਟੀ ਦੀਆਂ ਗਤੀਵਿਧੀਆਂ ਸਬੰਧੀ ਵਿਚਾਰ ਸਾਂਝੇ ਕੀਤੇ।ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਉਵੇਂ-ਉਵੇਂ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਦੀਆਂ ਸਿਆਸੀ ਤੇ ਜਥੇਬੰਦਕ ਸਰਗਰਮੀਆਂ ਵਿਚ ਤੇਜ਼ੀ ਆ ਰਹੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਵੱਲੋਂ ਲਗਾਤਾਰ ਹਲਕੇ ਦੇ ਪਿੰਡਾਂ ਵਿਚ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤੇ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕਰਕੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ।ਸੁਖਵੀਰ ਸਿੰਘ ਬਰਾੜ ਸੁੱਖਾ ਤੇ ਜਨਮ ਚੰਨੂਵਾਲਾ ਵਾਲਾ ਨੇ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਗਰਮੀਆਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿਚ ਚੱਲ ਰਹੀਆਂ ਹਨ।ਉਨ੍ਹਾਂ ਦਾਅਵਾ ਕੀਤਾ ਕਿ ਹਲਕੇ ਦੇ ਲੋਕਾਂ ਵਿੱਚ ਜਥੇਦਾਰ ਮਾਹਲਾ ਪ੍ਰਤੀ ਲੋਕਪ੍ਰਿਯਤਾ ਵਧ ਰਹੀ ਹੈ ਤੇ ਵੱਡੀ ਗਿਣਤੀ ਵਿਚ ਲੋਕ ਉਨ੍ਹਾਂ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਪਾਰਟੀ ਦੇ ਨੌਜਵਾਨ ਵਿੰਗ ਦੇ ਵਰਕਰਾਂ ਵੱਲੋਂ ਵੀ ਪਿੰਡ ਪੱਧਰ 'ਤੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਵਰਕਰਾਂ ਵਿੱਚ ਉਤਸ਼ਾਹ ਹੈ। ਦੋਵਾਂ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੇ ਅਨੁਸਾਰ ਜਥੇਦਾਰ ਤੀਰਥ ਸਿੰਘ ਮਾਹਲਾ ਇਸ ਵਾਰ ਵੱਡੀ ਲੀਡ ਨਾਲ ਚੋਣ ਜਿੱਤਣਗੇ।

## ਸਰਵਹਿਤਕਾਰੀ ਵਿੱਦਿਆ ਮੰਦਰ 'ਚ 'ਵੰਦੇ ਮਾਤਰਮ' ਗਾਇਨ ਦੀਆਂ ਤਿਆਰੀਆਂ ਜ਼ੋਰਾਂ 'ਤੇ : ਅਨਿਲ ਵਲੇਚਾ



**ਜਲਾਲਾਬਾਦ (ਜੀਤ ਕੁਮਾਰ)**-'ਵੰਦੇ ਮਾਤਰਮ' ਗੀਤ ਦੇ 150 ਸਾਲ ਪੂਰੇ ਹੋਣ ਦੇ ਮੌਕੇ 'ਤੇ 25 ਸਤੰਬਰ ਨੂੰ ਹੋਣ ਵਾਲੇ ਇਸ ਗੀਤ ਦੇ ਪੂਰੇ ਗਾਇਨ ਲਈ ਜਲਾਲਾਬਾਦ ਦੇ ਸਰਵਹਿੱਤਕਾਰੀ ਵਿੱਦਿਆ ਮੰਦਰ ਵਿੱਚ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। 25 ਸਤੰਬਰ ਨੂੰ ਸਵੇਰੇ 11:00 ਵਜੇ ਦੇਸ਼ ਭਰ ਵਿੱਚ, ਜਿਸ ਵਿੱਚ ਵਿੱਦਿਆ ਭਾਰਤੀ ਪੰਜਾਬ ਦੇ ਵਿਦਿਆ ਮੰਦਰ ਵੀ ਸ਼ਾਮਲ ਹਨ, ਵਿੱਚ 'ਵੰਦੇ ਮਾਤਰਮ' ਦਾ ਪੂਰਾ ਗਾਇਨ ਇੱਕੋ ਸਮੇਂ ਕੀਤਾ ਜਾਵੇਗਾ। ਇਸ ਵਿਸ਼ੇਸ਼ ਰਾਸ਼ਟਰੀ ਪੱਧਰ ਦੇ ਸਮਾਗਮ ਵਿੱਚ ਉਤਸ਼ਾਹਜਨਕ ਭਾਗੀਦਾਰੀ ਯਕੀਨੀ ਬਣਾਉਣ ਲਈ, ਸਕੂਲ ਦੇ ਵਿਦਿਆਰਥੀ 'ਵੰਦੇ ਮਾਤਰਮ' ਦੇ ਬੋਲਾਂ, ਧੁਨ ਤੇ ਤਾਲ 'ਤੇ ਕੇਂਦ੍ਰਿਤ ਵਿਸ਼ੇਸ਼ ਅਭਿਆਸ ਸੈਸ਼ਨਾਂ ਵਿੱਚ ਹਿੱਸਾ ਲੈ ਰਹੇ ਹਨ। ਸਕੂਲ ਦੀ ਕਮੇਟੀ ਦੇ ਪ੍ਰਧਾਨ ਅਨਿਲ ਵਲੇਚਾ ਨੇ ਕਿਹਾ ਕਿ 'ਵੰਦੇ ਮਾਤਰਮ' ਭਾਰਤ ਦੇ ਆਜ਼ਾਦੀ ਸੰਗਰਾਮ ਤੇ ਰਾਸ਼ਟਰੀ ਚੇਤਨਾ ਨਾਲ ਜੁੜਿਆ ਇੱਕ ਮਹੱਤਵਪੂਰਨ ਪ੍ਰਤੀਕ ਹੈ। ਇਸ ਦੀ 150ਵੀਂ ਵਰ੍ਹੇਗੰਢ ਦਾ ਮੌਕਾ ਦੇਸ਼ ਦੀ ਏਕਤਾ, ਦੇਸ਼ ਭਗਤੀ ਦੀ ਭਾਵਨਾ ਤੇ ਮਹਾਨ ਵਿਰਾਸਤ ਨਾਲ ਜੁੜਨ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦਾ ਹੈ। ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਵਿਦਿਆਰਥੀ ਤੇ ਅਧਿਆਪਕ ਇਸ ਇਤਿਹਾਸਕ ਮੌਕੇ 'ਤੇ ਪੂਰੇ ਉਤਸ਼ਾਹ ਨਾਲ ਭਾਗ ਲੈਣਗੇ।

## ਨਗਰ ਨਿਗਮ ਚੋਣਾਂ 'ਚ ਧਾਂਦਲੀ ਬਾਰੇ ਸੁਪਰੀਮ ਕੋਰਟ ਨੇ 28 ਤੱਕ ਮੰਗਿਆ ਜਵਾਬ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਾਣਯੋਗ ਸੁਪਰੀਮ ਕੋਰਟ ਨੇ ਪਟਿਆਲਾ ਨਗਰ ਨਿਗਮ ਚੋਣਾਂ ਵਿੱਚ 'ਆਮ ਆਦਮੀ ਪਾਰਟੀ' ਸਰਕਾਰ ਵੱਲੋਂ ਕੀਤੀ ਗਈ ਧੱਕੇਸ਼ਾਹੀ 'ਤੇ ਸਖ਼ਤ ਰੁੱਖ ਅਪਣਾਉਂਦੇ ਹੋਏ ਵੱਡਾ ਫੈਸਲਾ ਸੁਣਾਇਆ ਹੈ।ਫੈਕਟ ਫਾਈਡਿੰਗ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਸਟੇਟ ਇਲੈਕਸ਼ਨ ਕਮਿਸ਼ਨ ਤੋਂ 28 ਸਤੰਬਰ ਤੱਕ ਜਵਾਬ ਮੰਗਿਆ ਹੈ।ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਇਸ ਆਦੇਸ਼ ਦੀ ਅਣਦੇਖੀ ਕੀਤੀ, ਤਾਂ ਉਸ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਬੀ ਜੇ ਪੀ ਮਹਿਲਾ ਵਿੰਗ ਦੇ ਸੂਬਾ ਪ੍ਰਧਾਨ ਬੀਬਾ ਜੈ ਇੰਦਰ ਕੌਰ, ਨਗਰ ਨਿਗਮ ਦੇ ਸਾਬਕਾ ਮੇਅਰ ਤੇ ਸੀਨੀਅਰ ਆਗੂ ਸੰਜੀਵ ਸ਼ਰਮਾ ਬਿੱਟੂ, ਜ਼ਿਲ੍ਹਾ ਕਾਂਗਰਸ (ਸ਼ਹਿਰੀ) ਦੇ ਪ੍ਰਧਾਨ ਨਰੇਸ਼ ਦੁੱਗਲ ਨੇ ਅਦਾਲਤ ਦੇ ਇਸ ਫੈਸਲੇ ਦਾ ਸਵਾਗਤ ਦਾ ਸਵਾਗਤ ਕਰਦੇ ਹੋਏ ਕਿਹਾ ਹੈ ਕਿ ਧੱਕੇਸ਼ਾਹੀ ਕਰਨ ਵਾਲਿਆਂ ਦਾ ਅੰਤ ਨਿਸ਼ਚਿਤ ਹੈ ਤੇ ਹੁਣ ਜਲਦ ਹੀ ਪਟਿਆਲਾ ਵਿੱਚ ਨਿਰਪੱਖ ਚੋਣਾਂ ਹੋਣਗੀਆਂ। ਇਨ੍ਹਾਂ ਆਗੂਆਂ ਨੇ ਅਦਾਲਤ ਦੇ ਇਸ ਫੈਸਲੇ ਨੂੰ ਲੋਕਤੰਤਰ ਦੀ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਨੇ ਪਟਿਆਲਾ ਨਗਰ ਨਿਗਮ ਚੋਣਾਂ ਵਿੱਚ 'ਆਮ ਆਦਮੀ ਪਾਰਟੀ' ਸਰਕਾਰ ਵੱਲੋਂ ਕੀਤੀ ਗਈ ਧੱਕੇਸ਼ਾਹੀ 'ਤੇ ਸਖ਼ਤ ਰੁੱਖ ਅਪਣਾਉਂਦੇ ਹੋਏ ਵੱਡਾ ਫੈਸਲਾ ਸੁਣਾਇਆ ਹੈ।ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਪਟਿਆਲਾ ਨਗਰ ਨਿਗਮ ਦੀ ਚੋਣ ਪ੍ਰਕਿਰਿਆ ਮੁੜ ਕਰਵਾਉਣ ਦਾ ਰਾਹ ਸਾਫ਼ ਹੋ ਗਿਆ ਹੈ।ਪੰਜਾਬ ਰਾਜ ਚੋਣ ਕਮਿਸ਼ਨ ਨੂੰ ਨਿਰਧਾਰਤ ਸਮੇਂ ਅੰਦਰ ਲੋੜੀਂਦੇ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਨੇ ਪਟਿਆਲਾ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਪਿਛਲੀਆਂ ਮਿਤੀਆਂ ਦੇ ਕਿਸੇ ਵੀ ਕਾਗਜ਼-ਪੱਤਰ ਜਾਂ ਸਰਕਾਰੀ ਕੰਮਕਾਜ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨਾ ਕੀਤੀ ਜਾਵੇ ਤੇ ਸਾਰੇ ਰਿਕਾਰਡ ਨੂੰ ਜਿਉਂ ਦਾ ਤਿਉਂ ਸੁਰੱਖਿਅਤ ਰੱਖਿਆ ਜਾਵੇ ਅਤੇ ਹਰ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾਵੇ।

## ਕੁੱਟਮਾਰ ਕਰਨ ਦੇ ਦੋਸ਼ 'ਚ 4 ਖਿਲਾਫ ਕੇਸ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਬਾਹਮਣੀਵਾਲਾ ਸੁਸਾਇਟੀ ਦੇ ਕੋਲ ਕੁੱਟਮਾਰ ਕਰਨ ਦੇ ਦੋਸ਼ ਵਿੱਚ 4 ਲੋਕਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੁਰਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਬਾਹਮਣੀਵਾਲਾ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਬੀਤੇ 4 ਸਤੰਬਰ 2026 ਨੂੰ ਮੰਗਤ ਸਿੰਘ ਨੇ ਉਸ ਦੇ ਚਾਚਾ-ਚਾਚੀ ਨੂੰ ਪਿੰਡ ਬਾਹਮਣੀਵਾਲਾ ਸੁਸਾਇਟੀ ਦੇ ਕੋਲ ਦੇਰ ਸ਼ਾਮ 6.45 ਵਜੇ ਘੇਰ ਲਿਆ ਸੀ ਤੇ ਜਦੋਂ ਉਨ੍ਹਾਂ ਆਪਣੇ ਚਾਚੇ ਦਾ ਫੋਨ ਆਉਣ 'ਤੇ ਉਥੇ ਪਹੁੰਚਿਆ ਤਾਂ ਮੰਗਤ ਸਿੰਘ ਵਗੈਰਾ ਨੇ ਕਿਹਾ ਕਿ ਇਥੇ ਆਉਣ ਦਾ ਮਜਾ ਤੁਹਾਨੂੰ ਵੀ ਚਖਾਉਂਦੇ ਹਾਂ, ਜਿਸ 'ਤੇ ਇਨ੍ਹਾਂ ਨੇ ਮੇਰੀ ਕੁੱਟਮਾਰ ਕਰਕੇ ਸੱਟਾਂ ਮਾਰੀਆਂ। ਪੁਲਸ ਨੇ ਸ਼ਿਕਾਇਤਕਰਤਾ ਸੁਰਿੰਦਰ ਸਿੰਘ ਦੇ ਬਿਆਨਾਂ 'ਤੇ ਮੰਗਤ ਸਿੰਘ, ਗਗਨਦੀਪ ਸਿੰਘ ਉਰਫ ਗੱਗੀ, ਅਸ਼ੋਕ ਸਿੰਘ ਤੇ ਸੁਖਵਿੰਦਰ ਸਿੰਘ ਵਾਸੀਆਨ ਪਿੰਡ ਬਾਹਮਣੀਵਾਲਾ ਦੇ ਵਿਰੁੱਧ ਥਾਣਾ ਵੈਰੋਕੇ ਵਿਖੇ ਮੁਕੱਦਮਾ ਕਰ ਲਿਆ ਹੈ।

## ਮੌਜੂਦਾ ਭੂ-ਰਾਜਨੀਤਕ ਸਥਿਤੀ 'ਚ ਅਮਨ ਤੇ ਸਹਿਯੋਗ ਵਧਾਉਣ 'ਚ ਬ੍ਰਿਕਸ ਦੀ ਭੂਮਿਕਾ 'ਤੇ ਸੈਮੀਨਾਰ 24 ਨੂੰ : ਡਾ. ਮਿੱਤਰਾ

**ਲੁਧਿਆਣਾ (ਐੱਮ ਐੱਸ ਭਾਟੀਆ)**-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ), ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ), ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ (ਪੀ.ਡਬਲਯੂ.ਏ) ਤੇ ਜੋਸ਼ੀ ਅਧਿਕਾਰੀ ਇੰਸਟੀਚਿਊਟ ਆਫ਼ ਸੋਸ਼ਲ ਸਟੱਡੀਜ਼ (ਜੇ.ਏ.ਆਈ.ਐਸ. ਐਸ) ਵੱਲੋਂ ਸਾਂਝੇ ਤੌਰ 'ਤੇ 'ਮੌਜੂਦਾ ਭੂ-ਰਾਜਨੀਤਕ ਸਥਿਤੀ ਵਿੱਚ ਅਮਨ ਤੇ ਸਹਿਯੋਗ ਵਧਾਉਣ ਵਿੱਚ ਬ੍ਰਿਕਸ ਦੀ ਭੂਮਿਕਾ' ਵਿਸ਼ੇ 'ਤੇ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ?ਇਹ ਸੈਮੀਨਾਰ 24 ਸਤੰਬਰ ਵੀਰਵਾਰ ਨੂੰ ਦੁਪਹਿਰ 3:00 ਵਜੇ ਤੋਂ ਸ਼ਾਮ 5:00 ਵਜੇ ਤੱਕ ਏਟਕ ਭਵਨ, 35-36 ਡੀ.ਡੀ.ਯੂ. ਮਾਰਗ, ਰਾਊਜ਼ ਐਵੇਨਿਊ, ਨਵੀਂ ਦਿੱਲੀ ਵਿਖੇ ਆਯੋਜਿਤ ਕੀਤਾ ਜਾਵੇਗਾ। ?ਇਸ ਸਮਾਗਮ ਦੇ ਮੁੱਖ ਬੁਲਾਰਿਆਂ ਵਿੱਚ ਸੈਂਟਰ ਫਾਰ ਰਸ਼ੀਅਨ ਐਂਡ ਸੈਂਟਰਲ ਏਸ਼ੀਆ ਸਟੱਡੀਜ਼ ਦੇ ਚੇਅਰਪਰਸਨ ਪ੍ਰੋ. ਅਜੇ ਪਟਨਾਇਕ ਤੇ ਸੀਨੀਅਰ ਅਰਥਸ਼ਾਸਤਰੀ ਪ੍ਰੋ. ਜਯਾ ਮਹਿਤਾ ਸ਼ਾਮਲ ਹੋਣਗੇ, ਜੋ ਵਿਸ਼ਵ ਸ਼ਾਂਤੀ, ਸਹਿਯੋਗ ਤੇ ਬ੍ਰਿਕਸ ਦੇ ਯੋਗਦਾਨ ਬਾਰੇ ਆਪਣੇ ਵਿਚਾਰ ਸਾਂਝੇ ਕਰਨਗੇ। ?ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਵਿੱਚ ਆਈ.ਡੀ.ਪੀ.ਡੀ. ਦੇ ਪ੍ਰਧਾਨ ਡਾ. ਅਰੁਣ ਮਿੱਤਰਾ, ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ, ਪੀ.ਡਬਲਿਊ.ਏ. ਦਿੱਲੀ ਸਟੇਟ ਦੀ ਜਨਰਲ ਸਕੱਤਰ ਪ੍ਰੋ. ਅਰਜੁਮੰਦ ਆਰਾ ਤੇ ਜੇ.ਏ.ਆਈ.ਐੱਸ.ਐੱਸ. ਦੇ ਡਿਪਟੀ ਡਾਇਰੈਕਟਰ ਪ੍ਰੋ. ਸੁਬੋਧ ਮਲਾਕਰ ਸ਼ਾਮਲ ਹਨ।

## ਸਫਾ 1 ਦੇ ਬਾਕੀ...

### 'ਮਹਿਤਾਬ-ਏ-ਨਵਾਂ ਜ਼ਮਾਨਾ'...

ਕਾਮਰੇਡ ਰਸ਼ਪਾਲ ਕੈਲੇ, ਜ਼ਿਲ੍ਹਾ ਸਕੱਤਰ ਸੀ ਪੀ ਆਈ ਤਰਨ ਤਾਰਨ ਕਾਮਰੇਡ ਦਵਿੰਦਰ ਸੋਹਲ, ਜ਼ਿਲ੍ਹਾ ਸਕੱਤਰ ਸੀ ਪੀ ਆਈ ਸੰਗਰੂਰ ਕਾਮਰੇਡ ਸੁਖਦੇਵ ਸ਼ਰਮਾ ਅਤੇ ਜ਼ਿਲ੍ਹਾ ਕੌਂਸਲ ਸੀ ਪੀ ਆਈ ਮੋਗਾ ਵੀ ਸ਼ਾਮਲ ਹਨ।

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਚੱਲ ਰਹੀ ਆਲ ਇੰਡੀਆ ਕਿਸਾਨ ਮਹਾਂ ਸਭਾ ਦੀ ਕਾਨਫਰੰਸ ਵਿੱਚ ਕਾਮਰੇਡ ਚੰਦ ਫਤਿਹਪੁਰੀ ਦੇ ਦੁਖਦਾਈ ਵਿਛੋੜੇ 'ਤੇ ਸ਼ੋਕ ਮਤਾ ਪਾਸ ਕੀਤਾ ਗਿਆ। ਨਵਾਂ ਜ਼ਮਾਨਾ ਨੂੰ ਇਸ ਸੰਬੰਧ ਵਿੱਚ ਕਾਮਰੇਡ ਕੁਲਵੰਤ ਸਿੰਘ ਸੰਧੂ, ਡਾ. ਸਤਨਾਮ ਸਿੰਘ ਅਜਨਾਲਾ, ਕਾਮਰੇਡ ਗੁਰਮੀਤ ਸਿੰਘ ਬਖਤਪੁਰ ਨੇ ਸੂਚਨਾ ਦਿੱਤੀ।

ਫੁਲਵਾੜੀ ਪਬਲਿਕ ਸਕੂਲ ਲੋਹੀਆਂ ਖਾਸ ਦੀ ਸਵੇਰ ਦੀ ਸਭਾ ਵਿੱਚ ਸਾਥੀ ਚੰਦ ਫਤਿਹਪੁਰੀ ਦੇ ਵਿਛੋੜੇ 'ਤੇ ਸ਼ੋਕ ਮਤਾ ਪਾਸ ਕੀਤਾ। ਸ਼ਾਇਰ ਜਗੀਰ ਜੋਸਨ ਨੇ ਸਾਥੀ ਫਤਿਹਪੁਰੀ ਦੀ ਅਣਥੱਕ ਘਾਲਣਾ ਨੂੰ ਸਲੂਟ ਕੀਤਾ।

ਆਲ ਇੰਡੀਆ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਨਿਹਾਲਗੜ੍ਹ, ਮੀਤ ਪ੍ਰਧਾਨ ਕਾਮਰੇਡ ਸੂਰਤ ਸਿੰਘ ਧਰਮਕੋਟ, ਰਸ਼ਪਾਲ ਸਿੰਘ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ ਪੰਜਾਬ, ਰਜਿੰਦਰ ਸਿੰਘ ਰਾਣਾ ਐਡਵੋਕੇਟ, ਨਰਿੰਦਰ ਸਿੰਘ ਸੋਨੀਆ, ਮਾਸਟਰ ਚਰਨ ਸਿੰਘ ਸਰਪ੍ਰਸਤ ਆਲ ਇੰਡੀਆ ਕਿਸਾਨ ਸਭਾ ਕਪੂਰਥਲਾ, ਮੁਕੰਦ ਸਿੰਘ ਭਲਾਣਾ, ਪਵਨ ਕਾਲੀਆ, ਜਸਵੰਤ ਸਿੰਘ, ਸਰਵਣ ਸਿੰਘ, ਕਰਮਜੀਤ ਕਪੂਰਥਲਾ, ਆਲ ਇੰਡੀਆ ਕਿਸਾਨ ਸਭਾ ਕਪੂਰਥਲਾ ਨੇ ਵੀ ਕਾਮਰੇਡ ਚੰਦ ਫਤਿਹਪੁਰੀ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸੇ ਦੌਰਾਨ ਸੂਬਾ ਸਕੱਤਰੇਤ ਸੀ ਪੀ ਆਈ ਨੇ ਇੱਕ ਸ਼ੋਕ ਮਤੇ ਰਾਹੀਂ ਕਾਮਰੇਡ ਚੰਦ ਫਤਿਹਪੁਰੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਸਾਥੀ ਚੰਦ ਫਤਿਹਪੁਰੀ ਦੇ ਦਿਹਾਂਤ ਉੱਤੇ 'ਸਾਡਾ ਜੁੱਗ' ਵੱਲੋਂ ਗਹਿਰੇ ਸਦਮੇ ਦਾ ਇਜ਼ਹਾਰ ਕੀਤਾ ਗਿਆ। ਮਾਸਿਕ 'ਸਾਡਾ ਜੁੱਗ' ਦੇ ਮੁੱਖ ਸੰਪਾਦਕ ਭੁਪਿੰਦਰ ਸਾਂਬਰ ਅਤੇ ਸੰਪਾਦਕ ਗੁਰਨਾਮ ਕੰਵਰ ਨੇ ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਸਾਥੀ ਚੰਦ ਫਤਿਹਪੁਰੀ ਦੇ ਦਿਹਾਂਤ ਉੱਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸਾਥੀ ਚੰਦ ਦਾ ਸਾਥੋਂ ਵਿੱਛੜ ਜਾਣਾ ਬਹੁਤ ਵੱਡਾ ਦੁਖਾਂਤ ਹੈ। ਸਾਡੇ ਲਈ ਨਿੱਜੀ ਤੌਰ 'ਤੇ ਵੀ ਅਤੇ ਪਾਰਟੀ ਲਈ ਵੀ ਤੇ ਖਾਸ ਕਰਕੇ 'ਨਵਾਂ ਜ਼ਮਾਨਾ' ਲਈ। ਸਾਥੀ ਚੰਦ ਫਤਿਹਪੁਰੀ ਵਿਦਿਆਰਥੀ ਜੀਵਨ ਵੇਲੇ ਤੋਂ ਹੀ ਸਟੂਡੈਂਟਸ ਫੈਡਰੇਸ਼ਨ ਵਿੱਚ ਕੰਮ ਕਰਦੇ ਹੋਏ ਪਾਰਟੀ ਨਾਲ ਜੁੜ ਗਏ ਸਨ। ਉਹ ਵਿਦਿਆਰਥੀਆਂ ਤੇ ਨੌਜਵਾਨਾਂ ਵੱਲੋਂ ਪੰਜਾਬ ਅਸੈਂਬਲੀ ਵਿੱਚ ਕੀਤੇ ਹੋਏ ਐਕਸ਼ਨ ਵਿੱਚ 1973 ਵਿੱਚ ਦਸ ਦਿਨ ਬੁੜੈਲ ਜੇਲ੍ਹ ਵਿੱਚ ਵੀ ਸਾਡੇ ਨਾਲ ਰਹੇ। ਸਾਥੀ ਚੰਦ ਫਤਿਹਪੁਰੀ ਦਾ ਸਦਾ ਲਈ ਵਿੱਛੜ ਜਾਣਾ ਬਹੁਤ ਵੱਡਾ ਘਾਟਾ ਹੈ। ਅਸੀਂ ਪਰਵਾਰ ਨਾਲ, ਪਾਰਟੀ ਨਾਲ, ਖਾਸ ਕਰਕੇ ਨਵਾਂ ਜ਼ਮਾਨਾ ਨਾਲ ਦੁੱਖ ਵੰਡਾਉਂਦੇ ਹਾਂ ਤੇ ਉਹਨਾਂ ਦੇ ਦੁੱਖ ਵਿੱਚ ਸ਼ਾਮਲ ਹੁੰਦੇ ਹਾਂ।

**ਬੋਹਾ, ਬੁਢਲਾਡਾ ਤੋਂ ਨਿਰੰਜਣ ਬੋਹਾ, ਅਸ਼ੋਕ ਲਾਕੜਾ ਅਨੁਸਾਰ** : 'ਨਵਾਂ ਜ਼ਮਾਨਾ' ਦੇ ਸੰਪਾਦਕ ਤੇ ਉੱਘੇ ਕਮਿਊਨਿਸਟ ਆਗੂ ਸਾਥੀ ਚੰਦ ਫਤਿਹਪੁਰੀ ਦੇ ਸਦੀਵੀ ਵਿਛੋੜੇ ਦੀ ਖਬਰ ਮਿਲਣ 'ਤੇ ਬੋਹਾ, ਬੁਢਲਾਡਾ ਖੇਤਰ ਦੇ ਰਾਜਸੀ, ਸਾਹਿਤਕ ਤੇ ਪੱਤਰਕਾਰੀ ਦੇ ਖੇਤਰ ਵਿਚ ਸੋਗ ਦਾ ਮਾਹੌਲ ਬਣਿਆ ਹੋਇਆ ਹੈ। ਆਪਣੇ ਸ਼ੋਕ ਸੰਦੇਸ਼ ਵਿਚ ਭਾਰਤੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਜਲੰਧਰ ਦੇ ਇਕ ਨਿੱਜੀ ਹਸਪਤਾਲ ਵਿਚ ਹੋਏ ਉਨ੍ਹਾਂ ਦੇ ਦੇਹਾਂਤ ਦੀ ਖਬਰ ਸੁਣ ਕੇ ਅਗਾਂਹਵਧੂ ਸੋਚ ਰੱਖਣ ਵਾਲੇ ਲੋਕ ਗਹਿਰੇ ਦੁੱਖ ਵਿਚ ਹਨ। ਉਨ੍ਹਾ ਕਿਹਾ ਕਿ ਉਨ੍ਹਾਂ ਦੇ ਤੁਰ ਜਾਣ 'ਤੇ ਮੇਰਾ ਮਨ ਬਹੁਤ ਭਰਿਆ ਹੋਇਆ ਹੈ। ਉਹ ਅਗਾਂਹਵਧੂ ਤੇ ਲੋਕ-ਪੱਖੀ ਪੱਤਰਕਾਰੀ ਦੀ ਉੱਘੜਵੀਂ ਮਿਸਾਲ ਸਨ। ਉਨ੍ਹਾ ਕਿਹਾ ਕਿ ਉਹਨਾਂ ਦੀਆਂ ਸੰਪਾਦਕੀਆਂ ਨੇ ਹਮੇਸ਼ਾ ਹੀ ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰਾਂ ਤੇ ਜਮਹੂਰੀ ਹੱਕਾਂ ਲਈ ਲੜਨ ਵਾਲੇ ਲੋਕਾਂ ਨੂੰ ਬਲ ਪ੍ਰਦਾਨ ਕੀਤਾ ਹੈ ਤੇ ਉਨ੍ਹਾਂ ਪੱਤਰਕਾਰੀ ਦੇ ਖੇਤਰ ਵਿੱਚ ਹਕੂਮਤਾਂ ਦੀਆਂ ਜਨ ਵਿਰੋਧੀ ਨੀਤੀਆਂ ਖਿਲਾਫ ਡਟ ਕੇ ਆਵਾਜ਼ ਉਠਾਈ ਹੈ। ਜਿੱਥੇ ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸਰਗਰਮ ਤੇ ਅਣਥੱਕ ਆਗੂ ਸਨ, ਉੱਥੇ ਉਨ੍ਹਾਂ ਪੱਤਰਕਾਰਤਾ ਰਾਹੀਂ ਅਗਾਂਹਵਧੂ ਤੇ ਲੋਕ-ਪੱਖੀ ਵਿਚਾਰਧਾਰਾ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਵੀ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾ ਕਿਹਾ ਕਿ 'ਨਵਾਂ ਜ਼ਮਾਨਾ' ਅਖਬਾਰ ਉਹਨਾਂ ਦੀ ਵਿਚਾਰਧਾਰਾ ਅਨੁਸਾਰ ਹੀ ਪੱਤਰਕਾਰਤਾ ਦੇ ਖੇਤਰ ਵਿਚ ਲੋਕਾਂ ਦੀ ਗੱਲ ਕਰਦੇ ਰਹਿਣ ਲਈ ਵਚਨਬੱਧ ਹੈ। ਇਸ ਸਮੇਂ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮਾਨਸਾ ਦੇ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ, ਕਾਮਰੇਡ ਗੁਰਬਚਨ ਸਿੰਘ ਮੰਦਰਾਂ, ਕਾਮਰੇਡ ਸੀਤਾ ਰਾਮ ਗੋਬਿੰਦਪੁਰਾ, ਕਾਮਰੇਡ ਵੇਦ ਪ੍ਰਕਾਸ਼ ਬੁਢਲਾਡਾ, ਕਾਮਰੇਡ ਜਗਸੀਰ ਰਾਏ ਕੇ, ਕਾਮਰੇਡ ਤਰਸੇਮ ਰਾਜ, ਪੱਤਰਕਾਰ ਅਸ਼ੋਕ ਲਾਕੜਾ, ਨਿਰੰਜਣ ਬੋਹਾ, ਬਿੰਦਰ ਰੀਤਵਾਲ ਤੇ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਜ਼ਿਲ੍ਹਾ ਖਜ਼ਾਨਚੀ ਅਸ਼ੋਕ ਕੁਮਾਰ ਗਾਮੀਵਾਲਾ ਨੇ ਵੀ ਉਨ੍ਹਾਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

### ਆਈ ਆਈ ਟੀ...

ਅਧਿਕਾਰਤ ਬਿਆਨ ਵਿੱਚ ਕਿਹਾ ਕਿ ਸਾਹਿਲ ਨੂੰ ਘਟਨਾ ਵਾਲੇ ਦਿਨ ਇੱਕ ਮਿਡ-ਸਮੈਸਟਰ ਪ੍ਰੀਖਿਆ ਦੌਰਾਨ ਆਪਣੇ ਫੋਨ ਦੀ ਵਰਤੋਂ ਕਰਦੇ ਹੋਏ ਫੜਿਆ ਗਿਆ ਸੀ। ਸੰਸਥਾ ਨੇ ਦਾਅਵਾ ਕੀਤਾ ਕਿ ਸਾਹਿਲ ਨੇ ਚੈਟਜੀਪੀਟੀ 'ਤੇ ਪ੍ਰਸ਼ਨ ਪੱਤਰ ਅਪਲੋਡ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਉਹ ਆਪਣੇ ਹੋਸਟਲ ਗਿਆ ਅਤੇ ਖੁਦਕੁਸ਼ੀ ਕਰ ਲਈ।

ਇਸ ਸਾਲ ਆਈ ਆਈ ਟੀ ਬੰਬੇ ਵਿੱਚ ਇਹ ਤੀਜੀ ਖੁਦਕੁਸ਼ੀ ਹੈ ਅਤੇ ਦੇਸ਼ ਵਿੱਚ ਨੌਵੀਂ। ਪਿਛਲੇ ਛੇ ਸਾਲਾਂ ਵਿੱਚ, 2025 ਵਿੱਚ ਖੁਦਕੁਸ਼ੀਆਂ ਦੀ ਸਭ ਤੋਂ ਵੱਧ ਗਿਣਤੀ 16 ਸੀ। ਗਲੋਬਲ ਆਈ ਆਈ ਟੀ ਐਲੂਮਨੀ ਸਪੋਰਟ ਗਰੁੱਪ ਮੁਤਾਬਕ ਪਿਛਲੇ 20 ਸਾਲਾਂ ਵਿੱਚ ਕੁੱਲ 160 ਆਈ ਆਈ ਟੀ ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਹੈ।

ਆਈ ਆਈ ਟੀ ਬੰਬੇ ਨੇ ਡਾਇਰੈਕਟਰ ਪ੍ਰੋ. ਸ਼ਿਰੀਸ਼ ਕੇਦਾਰ ਦੇ ਅਸਤੀਫੇ ਬਾਰੇ ਵੀ ਸਪੱਸ਼ਟੀਕਰਨ ਦਿੰਦਿਆਂ ਸੋਮਵਾਰ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਡਾਇਰੈਕਟਰ ਨੇ ਅਸਤੀਫਾ ਨਹੀਂ ਦਿੱਤਾ ਹੈ।

ਇਸ ਤੋਂ ਪਹਿਲਾਂ ਐਤਵਾਰ ਦੇਰ ਰਾਤ ਡਾਇਰੈਕਟਰ ਨੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨਾਲ ਤਿੰਨ ਘੰਟੇ ਦੀ ਮੀਟਿੰਗ ਕੀਤੀ। ਉਨ੍ਹਾ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਬਣਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਅਸਤੀਫਾ ਦੇ ਦੇਣਗੇ। ਉਨ੍ਹਾ ਵਿਦਿਆਰਥੀਆਂ ਦੀਆਂ 18 ਮੰਗਾਂ ਵਾਲੇ ਇੱਕ ਦਸਤਾਵੇਜ਼ 'ਤੇ ਵੀ ਦਸਤਖਤ ਕੀਤੇ।

ਵਿਦਿਆਰਥੀਆਂ ਦੀਆਂ 18 ਮੰਗਾਂ ਵਿੱਚ ਕਈ ਸ਼ਰਤਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਡਾਇਰੈਕਟਰ ਦਾ ਅਸਤੀਫਾ ਵੀ ਸ਼ਾਮਲ ਹੈ। ਦਸਤਾਵੇਜ਼ ਵਿੱਚ ਮੰਗਾਂ ਬਾਰੇ ਹਫਤਾਵਾਰੀ ਅੱਪਡੇਟ ਦੇਣ ਦੀ ਮੰਗ ਕੀਤੀ ਗਈ ਸੀ। ਵਿਦਿਆਰਥੀਆਂ ਨੇ ਮੰਗ ਕੀਤੀ ਕਿ ਜੇ ਸਹਿਮਤ ਮੰਗਾਂ ਇੱਕ ਮਹੀਨੇ ਦੇ ਅੰਦਰ ਪੂਰੀਆਂ ਨਹੀਂ ਹੁੰਦੀਆਂ ਤਾਂ ਡਾਇਰੈਕਟਰ, ਡੀਨ ਏ ਪੀ ਅਤੇ ਡੀਨ ਐੱਸ ਏ ਅਸਤੀਫਾ ਦੇ ਦੇਣ।

ਵਿਦਿਆਰਥੀਆਂ ਨੇ ਆਈ ਆਈ ਟੀ ਬੰਬੇ ਤੋਂ ਜਨਤਕ ਮੁਆਫੀ ਮੰਗਣ ਦੀ ਵੀ ਮੰਗ ਕੀਤੀ। ਇਹ ਦੋਸ਼ ਲਗਾਇਆ ਕਿ ਸੰਸਥਾ ਦੀ ਇੱਕ ਪੁਰਾਣੀ ਲਿੰਕਡਇਨ ਪੋਸਟ ਨੇ ਸਾਹਿਲ ਬਾਰੇ ਅਧੂਰੀ ਅਤੇ ਅਸਪੱਸ਼ਟ ਜਾਣਕਾਰੀ ਪ੍ਰਦਾਨ ਕਰਕੇ ਉਸ ਦੀ ਛਵੀ ਨੂੰ ਖਰਾਬ ਕੀਤਾ ਹੈ। ਇਸ ਤੋਂ ਇਲਾਵਾ ਡਾਇਰੈਕਟਰ, ਡੀਨ ਐੱਸ ਏ, ਡੀਨ ਏ ਪੀ ਅਤੇ ਸਾਹਿਲ ਦੇ ਵਿਭਾਗ ਮੁਖੀ ਨਾਲ ਇੱਕ ਓਪਨ ਹਾਊਸ ਦੀ ਮੰਗ ਕੀਤੀ ਗਈ। ਵਿਦਿਆਰਥੀਆਂ ਨੇ ਘਟਨਾ ਬਾਰੇ ਸਿੱਧੇ ਤੌਰ 'ਤੇ ਸਵਾਲ ਉਠਾਉਣ ਦਾ ਮੌਕਾ ਮੰਗਿਆ।

ਇਸ ਤੋਂ ਇਲਾਵਾ ਇਸ ਸਾਲ ਆਈ ਆਈ ਟੀ ਬੰਬੇ ਵਿੱਚ ਜਾਨ ਗੁਆਉਣ ਵਾਲੇ ਸਾਰੇ ਵਿਦਿਆਰਥੀਆਂ ਦੇ ਪਰਵਾਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਮੰਗ ਵੀ ਕੀਤੀ ਗਈ। ਸਾਹਿਲ ਦੇ ਮਾਪਿਆਂ ਨੇ 19 ਸਤੰਬਰ ਨੂੰ ਪ੍ਰੋਫੈਸਰ ਦੁੱਲਾ ਅਤੇ ਹੋਰਨਾਂ ਵਿਰੁੱਧ ਐੱਫ ਆਈ ਆਰ ਦਰਜ ਕਰਵਾਈ ਸੀ। ਸਾਹਿਲ ਦੇ ਪਿਤਾ ਰਵਿੰਦਰ ਵਕੋਡੇ ਨੇ ਕਿਹਾ ਕਿ ਪ੍ਰੋਫੈਸਰ ਦੁੱਲਾ ਉਨ੍ਹਾ ਦੇ ਪੁੱਤਰ ਵਿਰੁੱਧ ਜਾਤੀਵਾਦੀ ਗਾਲ੍ਹਾਂ ਦੀ ਵਰਤੋਂ ਕਰ ਰਿਹਾ ਸੀ ਅਤੇ ਲਗਭਗ ਤਿੰਨ ਮਹੀਨਿਆਂ ਤੋਂ ਉਸਨੂੰ ਮਾਨਸਕ ਤੌਰ 'ਤੇ ਪਰੇਸ਼ਾਨ ਕਰ ਰਿਹਾ ਸੀ। ਸਾਹਿਲ ਦੇ ਪਿਤਾ ਨੇ ਆਪਣੀ ਸ਼ਿਕਾਇਤ ਵਿੱਚ ਆਈ ਆਈ ਟੀ ਬੰਬੇ ਦੇ ਡਾਇਰੈਕਟਰ ਸ਼੍ਰੀਸ਼ੀਸ਼ ਬੀ ਕੇਦਾਰ, ਕੁਝ ਫੈਕਲਟੀ ਮੈਂਬਰਾਂ ਅਤੇ ਸੀਨੀਅਰ ਅਧਿਕਾਰੀਆਂ ਦਾ ਵੀ ਨਾਂਅ ਲਿਆ ਹੈ। ਸ਼ਿਕਾਇਤ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਸਾਹਿਲ ਨੂੰ ਡਾਇਰੈਕਟਰ ਦੇ ਨਿਰਦੇਸ਼ਾਂ 'ਤੇ ਪ੍ਰੇਸ਼ਾਨ ਕੀਤਾ ਗਿਆ ਸੀ। ਪੁਲਸ ਨੇ ਖੁਦਕੁਸ਼ੀ ਲਈ ਉਕਸਾਉਣ ਅਤੇ ਐੱਸ ਸੀ/ਐੱਸ ਟੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁੰਬਈ ਪੁਲਸ ਦੀ ਅਪਰਾਧ ਸ਼ਾਖਾ ਹੁਣ ਮਾਮਲੇ ਦੀ ਜਾਂਚ ਕਰ ਰਹੀ ਹੈ।

### ਦੀਵਿਆਂ ਦੀ ਲੋਅ ...

ਸੀ। ਭਾਜਪਾ ਪ੍ਰਧਾਨ ਨਿਤਿਨ ਨਬੀਨ ਦੀ ਅਗਵਾਈ ਵਿੱਚ ਪਾਰਟੀ ਆਗੂਆਂ ਨੇ ਲੋਕਾਂ ਨੂੰ 17 ਸਤੰਬਰ ਦੀ ਸ਼ਾਮ ਨੂੰ ਘੱਟੋ-ਘੱਟ ਇੱਕ ਦੀਵਾ ਜਗਾਉਣ ਦੀ ਅਪੀਲ ਕੀਤੀ ਸੀ। ਪਾਰਟੀ ਦੇ ਅੰਦਰ ਇਸ ਮੁਹਿੰਮ ਨੂੰ ਕੋਵਿਡ ਸਾਲਾਂ ਦੇ ਦ੍ਰਿਸ਼ਾਂ ਨੂੰ ਦੁਬਾਰਾ ਬਣਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ ਸੀ, ਜਦੋਂ ਮੋਦੀ ਦੀਆਂ ਅਪੀਲਾਂ ਨੇ ਦੇਸ਼-ਭਰ ਦੇ ਲੋਕਾਂ ਨੂੰ ਭਾਂਡੇ ਖੜਕਾਉਣ ਜਾਂ ਦੀਵੇ ਜਗਾਉਣ ਲਈ ਪ੍ਰੇਰਤ ਕੀਤਾ ਸੀ, ਜਿਸ ਨਾਲ ਪ੍ਰਧਾਨ ਮੰਤਰੀ ਦੇ ਆਲੇ-ਦੁਆਲੇ ਜਨ ਲਾਮਬੰਦੀ ਦੀ ਤਸਵੀਰ ਪੇਸ਼ ਕੀਤੀ ਗਈ ਸੀ, ਪਰ ਇਸ ਵਾਰ ਹੁੰਗਾਰਾ ਹਲਕਾ ਸੀ।

ਇੱਕ ਪੁਰਾਣੇ ਭਾਜਪਾ ਆਗੂ ਨੇ ਕਿਹਾ, 'ਰਿਪੋਰਟਾਂ ਤੋਂ ਪਤਾ ਚੱਲਿਆ ਹੈ ਕਿ ਜਦੋਂ ਕਿ ਕਈ ਰਾਜ ਸਰਕਾਰਾਂ ਨੇ ਸ਼ਾਨਦਾਰ ਲਾਈਟ ਸ਼ੋਅ ਆਯੋਜਿਤ ਕੀਤੇ, ਆਮ ਲੋਕਾਂ ਵਿੱਚ ਬਹੁਤ ਘੱਟ ਉਤਸ਼ਾਹ ਸੀ। ਉਹ ਮੋਦੀ ਜੀ ਲਈ ਦੀਵੇ ਜਗਾਉਣ ਲਈ ਵੱਡੀ ਗਿਣਤੀ ਵਿੱਚ ਬਾਹਰ ਨਹੀਂ ਆਏ।'

ਪਾਰਟੀ ਦੇ ਅੰਦਰਲੇ ਹਿੱਸਿਆਂ ਲਈ, ਲੋਕਾਂ ਦੀ ਖਾਮੋਸ਼ ਪ੍ਰਤੀਕਿਰਿਆ ਨੇ ਇੱਕ ਅਸਹਿਜ ਸੰਭਾਵਨਾ ਪੈਦਾ ਕਰ ਦਿੱਤੀ ਹੈ ਕਿ ਜਨਮਦਿਨ ਦੇ ਵਿਸਤ੍ਰਿਤ ਅਭਿਆਸ ਨੇ ਅਣਜਾਣੇ ਵਿੱਚ ਮੋਦੀ ਦੀ ਲੀਡਰਸ਼ਿਪ ਪ੍ਰਤੀ ਉਸ ਬੇਰੁਖੀ ਨੂੰ ਉਜਾਗਰ ਕਰ ਦਿੱਤਾ, ਜਿਸ ਨੂੰ ਭਾਜਪਾ ਘੱਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਸਭ ਤੋਂ ਸ਼ਾਨਦਾਰ ਲਾਈਟ ਸ਼ੋਅ ਮੱਧ ਪ੍ਰਦੇਸ਼ ਸਰਕਾਰ ਵੱਲੋਂ 17 ਸਤੰਬਰ ਦੀ ਸ਼ਾਮ ਨੂੰ ਸ਼ਿਪਰਾ ਨਦੀ ਦੇ ਕੰਢੇ ਮੰਦਰ ਸ਼ਹਿਰ ਉਜੈਨ ਵਿੱਚ ਕੀਤਾ ਗਿਆ ਸੀ, ਜਿਸ ਵਿੱਚ ਸਰਕਾਰੀ ਤੰਤਰ ਨੂੰ ਇਸ ਤਮਾਸ਼ੇ ਨੂੰ ਉਜਾਗਰ ਕਰਨ ਲਈ ਪੂਰੀ ਜ਼ੋਰ ਨਾਲ ਲਗਾਇਆ ਗਿਆ ਸੀ। ਇਸ ਸਮਾਗਮ ਦੇ ਵੀਡੀਓ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਪ੍ਰਸਾਰਤ ਕੀਤੇ ਗਏ ਸਨ, ਜੋ ਕਿ ਮੋਦੀ ਦੀ ਲਗਾਤਾਰ ਪ੍ਰਸਿੱਧੀ ਨੂੰ ਉਜਾਗਰ ਕਰਨ ਲਈ ਜਾਪਦਾ ਹੈ। ਭਾਜਪਾ ਦੇ ਕੁਝ ਹਿੱਸਿਆਂ ਨੇ ਦੱਸਿਆ ਕਿ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ 'ਤੇ ਹਾਲ ਹੀ ਵਿੱਚ ਦੋਸ਼ ਲੱਗੇ ਸਨ ਕਿ ਉਨ੍ਹਾ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੱਡੇ ਜ਼ਮੀਨੀ ਟੁਕੜੇ ਖਰੀਦੇ ਸਨ ਅਤੇ ਇਹ ਸ਼ਾਨਦਾਰ ਪ੍ਰਦਰਸ਼ਨ ਸਿਖਰਲੀ ਲੀਡਰਸ਼ਿਪ ਨੂੰ ਲੁਭਾਉਣ ਦੇ ਉਦੇਸ਼ ਨਾਲ ਕੀਤਾ ਗਿਆ ਜਾਪਦੈ।

ਬਿਹਾਰ ਸਰਕਾਰ ਵੀ ਜਸ਼ਨਾਂ ਵਿੱਚ ਸ਼ਾਮਲ ਹੋਈ, ਪਟਨਾ ਵਿੱਚ ਗੰਗਾ ਦੇ ਕੰਢੇ ਇੱਕ ਦੀਵਾ ਜਗਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ। ਇਸ ਪ੍ਰੋਗਰਾਮ ਦੀ ਅਗਵਾਈ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਕੀਤੀ, ਜੋ ਕਿ ਸੂਬੇ ਦੇ ਪਹਿਲੇ ਭਾਜਪਾ ਮੁੱਖ ਮੰਤਰੀ ਹਨ।

ਪਰ ਦੋਵਾਂ ਘਟਨਾਵਾਂ ਦਾ ਸੋਸ਼ਲ ਮੀਡੀਆ 'ਤੇ ਵਿਰੋਧ ਹੋਇਆ ਅਤੇ ਬਿਹਾਰ ਦਾ ਤਮਾਸ਼ਾ ਖਾਸ ਤੌਰ 'ਤੇ ਅਜੀਬ ਸਾਬਤ ਹੋਇਆ। ਕਈ ਉਪਭੋਗਤਾਵਾਂ ਨੇ ਗੰਗਾ 'ਤੇ ਵਿਸਤ੍ਰਿਤ ਜਸ਼ਨਾਂ ਦੀ ਤੁਲਨਾ ਪੇਂਡੂ ਬਿਹਾਰ ਦੇ ਲੋਕਾਂ ਦੀ ਦੁਰਦਸ਼ਾ ਨਾਲ ਕੀਤੀ, ਜੋ ਗੰਭੀਰ ਹੜ੍ਹਾਂ ਨਾਲ ਜੂਝ ਰਹੇ ਸਨ, ਜਨਮ ਦਿਨ ਦੇ ਤਮਾਸ਼ੇ 'ਤੇ ਸਰੋਤ ਖਰਚ ਕਰਨ ਦੇ ਤਰਕ 'ਤੇ ਸਵਾਲ ਉਠਾਏ, ਜਦੋਂ ਰਾਜ ਦੇ ਵੱਡੇ ਹਿੱਸੇ ਸੰਕਟ ਨਾਲ ਜੂਝ ਰਹੇ ਹਨ। ਇਸ ਆਲੋਚਨਾ ਨੇ ਭਾਜਪਾ ਦੇ ਅੰਦਰ ਨੁਕਸਾਨ ਨੂੰ ਕੰਟਰੋਲ ਕਰਨ ਲਈ ਇੱਕ ਅਸਿੱਧੀ ਕਸਰਤ ਨੂੰ ਉਤਸ਼ਾਹਤ ਕੀਤਾ ਜਾਪਦਾ ਹੈ। ਜਸ਼ਨਾਂ ਤੋਂ ਇੱਕ ਦਿਨ ਬਾਅਦ ਸ਼ੁੱਕਰਵਾਰ ਭਾਜਪਾ ਪ੍ਰਧਾਨ ਨਬੀਨ, ਜੋ ਬਿਹਾਰ ਤੋਂ ਹਨ, ਨੇ ਐਲਾਨ ਕੀਤਾ ਕਿ ਉਹ ਰਾਜ ਸਭਾ ਮੈਂਬਰ ਵਜੋਂ ਤਿੰਨ ਮਹੀਨਿਆਂ ਦੀ ਤਨਖਾਹ ਰਾਜ ਦੇ ਹੜ੍ਹ ਰਾਹਤ ਫੰਡ ਵਿੱਚ ਦਾਨ ਕਰਨਗੇ।

### ਕਾਰਪੋਰੇਟੀ ਲੁਟੇਰਿਆਂ...

ਹੈ।ਦੇਸ਼ ਗੰਭੀਰ ਆਰਥਿਕ ਸੰਕਟ 'ਚ ਹੈ ਤੇ ਆਰਥਿਕ ਨਾਬਰਾਬਰੀ 'ਚ ਭਾਰੀ ਵਾਧਾ ਹੋਇਆ ਹੈ।ਨਤੀਜਾ ਮੱਧ ਵਰਗ ਵੱਲੋਂ ਲਿਆ ਜਾ ਰਿਹਾ 'ਗੋਲਡ ਲੋਨ' ਜੋ 2023 'ਚ 7.46 ਲੱਖ ਕਰੋੜ ਸੀ, ਉਹ ਤਿੰਨਾਂ ਸਾਲਾਂ 'ਚ ਵਧ ਕੇ 18.6 ਲੱਖ ਕਰੋੜ ਤੱਕ ਪੁੱਜ ਗਿਆ ਹੈ।ਕੇਂਦਰ ਸਰਕਾਰ ਲਗਾਤਾਰ ਸੂਬਿਆਂ ਦੇ ਹੱਕ ਛਾਂਗ ਕੇ ਆਪਣਾ ਦਖ਼ਲ ਤੇ ਕੰਟਰੋਲ ਵਧਾਉਣ ਰਾਹੀਂ ਲੋਕ-ਰਾਜ ਤੇ ਫੈਡਰਲ ਢਾਂਚੇ ਦਾ ਗਲ ਘੁੱਟ ਰਹੀ ਹੈ।ਮਸਲਨ ਪੰਜਾਬ ਪੁਨਰਗਠਨ ਐਕਟ 66 ਦੀਆਂ ਕੁਝ ਧਾਰਾਵਾਂ ਦੀ ਵਰਤੋਂ ਕਰਦਿਆਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਆਪਣੇ ਕਬਜ਼ੇ 'ਚ ਲੈ ਕੇ ਜ਼ਮੀਨ ਤੇ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਸੰਵਿਧਾਨਕ ਹੱਕਾਂ ਦਾ ਖਾਤਮਾ ਕਰ ਦਿੱਤਾ ਹੈ। ਇਹ ਸੰਸਾਰ ਵੱਲੋਂ ਪ੍ਰਵਾਨਤ ਦਰਿਆਈ ਪਾਣੀਆਂ ਦੀ ਵੰਡ ਤੇ ਵਰਤੋਂ ਦੇ ਰਿਪੇਰੀਅਨ ਸਿਧਾਂਤ ਦੇ ਉਲਟ ਹੈ।

ਵੱਖੋ-ਵੱਖ ਪ੍ਰਾਂਤਾਂ 'ਚੋਂ ਪੁੱਜੇ 61 ਕਿਸਾਨ ਪ੍ਰਤੀਨਿਧਾਂ ਨੇ ਰਿਪੋਰਟ ਬਾਰੇ ਚਰਚਾ ਕਰਦਿਆਂ ਅਪਣੇ ਵਿਚਾਰ ਇਤਰਾਜ਼ ਤੇ ਸੁਝਾਅ ਪੇਸ਼ ਕੀਤੇ।

ਸੈਸ਼ਨ ਨੂੰ ਸੰਬੋਧਨ ਕਰਦਿਆਂ ਦੀਪਾਂਕਰ ਭੱਟਾਚਾਰੀਆ ਨੇ ਕਿਹਾ ਕਿ ਇਹ ਸਫ਼ਲ ਕਾਨਫਰੰਸ ਇਕ ਅਹਿਮ ਸ਼ੁਰੂਆਤ ਹੈ। ਹੁਣ ਦੇਸ਼, ਖਾਸ ਕਰਕੇ ਪੰਜਾਬ-ਹਰਿਆਣਾ ਦੇ ਕਿਸਾਨ ਸਾਥੀਆਂ ਨੇ ਏਕਤਾ ਦੇ ਇਸ ਸੰਦੇਸ਼ ਨੂੰ ਦੋਹਾਂ ਸੂਬਿਆਂ 'ਚ ਪਿੰਡ-ਪਿੰਡ ਲਿਜਾਣਾ ਹੈ ਅਤੇ ਭੱਵਿਖ ਦੇ ਕਿਸਾਨ ਘੋਲਾਂ ਨੂੰ ਜੇਤੂ ਬਣਾਉਣ ਲਈ ਵਿਸ਼ਾਲ ਤੇ ਮਜ਼ਬੂਤ ਸੰਗਠਨ ਖੜ੍ਹਾ ਕਰਨਾ ਹੈ। ਮੰਗਤ ਰਾਮ ਪਾਸਲਾ ਨੇ ਕਿਹਾ ਕਿ ਖੱਬੇ-ਪੱਖੀ ਕਿਸਾਨ ਜਥੇਬੰਦੀਆਂ ਨੂੰ ਛੋਟੇ ਤੇ ਬੇਜ਼ਮੀਨੇ ਕਿਸਾਨਾਂ ਦੀਆਂ ਮੰਗਾਂ-ਮੁਸ਼ਕਲਾਂ ਉਠਾਉਣ 'ਤੇ ਵਿਸ਼ੇਸ਼ ਜ਼ੋਰ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਦਲਿਤਾਂ, ਔਰਤਾਂ ਤੇ ਕਮਜ਼ੋਰ ਤਬਕਿਆਂ ਖਿਲਾਫ ਹੁੰਦੇ ਸਮਾਜਿਕ ਜਬਰ ਦਾ ਵੀ ਪੁਰਜ਼ੋਰ ਵਿਰੋਧ ਕਰਨਾ ਚਾਹੀਦਾ ਹੈ। ਇੰਝ ਕਰਕੇ ਹੀ ਉਹ ਮਹਿਜ਼ ਆਰਥਿਕ ਮੰਗਾਂ ਮਸਲਿਆਂ ਤੱਕ ਸੀਮਤ ਰਹਿਣ ਦੀ ਬਜਾਏ, ਆਪਣੇ ਆਪ ਨੂੰ ਸਮਾਜਿਕ ਤਬਦੀਲੀ ਲਈ ਪ੍ਰਤੀਬੱਧ ਕਿਸਾਨ ਜਥੇਬੰਦੀ ਕਹਾਉਣ ਦੇ ਸਮਰਥ ਬਣ ਸਕਣਗੇ।

ਲੋਕ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਇਕਬਾਲ ਕੌਰ ਉਦਾਸੀ ਤੇ ਕਮਲਦੀਪ ਜਲੂਰ ਸਮੇਤ ਵੱਖੋ-ਵੱਖ ਸੂਬਿਆਂ ਦੇ ਲੋਕ ਗਾਇਕਾਂ ਨੇ ਇਨਕਲਾਬੀ ਗੀਤਾਂ, ਕਵਿਤਾਵਾਂ ਨਾਲ ਚੋਖਾ ਰੰਗ ਬੰਨ੍ਹਿਆ।

### ਲੋਕਾਂ ਦੇ ਹੱਕਾਂ ਲਈ ਆਵਾਜ਼...

ਕਾਕੜਾ, ਸ੍ਰੀਮਤੀ ਸੁਰਿੰਦਰ ਨੀਰ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਹਰਵਿੰਦਰ ਸਿੰਘ ਸਿਰਸਾ, ਡਾ. ਅੰਮੀਆਂ ਕੁੰਵਰ, ਡਾ. ਹਰੀ ਸਿੰਘ ਜਾਚਕ, ਕੇ. ਸਾਧੂ ਸਿੰਘ, ਭੁਪਿੰਦਰ ਸਿੰਘ ਸੰਧੂ, ਸੰਜੀਵਨ ਸਿੰਘ, ਡਾ. ਸਿਮਰਜੀਤ ਕੌਰ ਗਿੱਲ, ਡਾ. ਤਰਸਪਾਲ ਕੌਰ, ਮਨਜਿੰਦਰ ਸਿੰਘ ਧਨੋਆ, ਤ੍ਰੈਲੋਚਨ ਲੋਚੀ, ਪ੍ਰਭਜੋਤ ਸਿੰਘ ਸੋਹੀ, ਪ੍ਰਿੰ. ਨਵਤੇਜ ਗੜ੍ਹਦੀਵਾਲਾ, ਰਜਿੰਦਰ ਸਿੰਘ ਰਾਜਨ, ਮੱਖਣ ਮਾਨ ਤੇ ਰੋਜ਼ੀ ਸਿੰਘ ਸ਼ਾਮਲ ਹਨ।

ਨਵਾਂ ਜ਼ਮਾਨਾ ਪੋਸਟ ਬਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮੁਲਾਜ਼ਮ ਤੇ ਪੈਨਸ਼ਨਰਾਂ ਵੱਲੋਂ ਰੋਸ ਰੈਲੀ ਕਰਨ ਉਪਰੰਤ ਹਲਕਾ ਵਿਧਾਇਕ ਦਾ ਘਿਰਾਓ

**ਤਰਨ ਤਾਰਨ (ਪ੍ਰਿਤਪਾਲ ਸਿੰਘ)-** ਸਾਂਝਾ ਮੁਲਾਜ਼ਮ ਮੰਚ ਪੰਜਾਬ ਵੱਲੋਂ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਜਿਵੇਂ 259 ਗੁਣਾਕ, ਕੈਸ਼ਲੈਸ ਸਕੀਮ, ਪੁਰਾਣੀ ਪੈਨਸ਼ਨ ਬਹਾਲ ਕਰਨਾ, ਕੱਚੇ ਮੁਲਾਜ਼ਮ ਪੱਕੇ ਕਰਨਾ, ਡੀਏ ਦੀਆਂ ਕਿਸ਼ਤਾਂ ਦਾ ਬਕਾਇਆ 15. 01. 2015 ਦਾ ਪੱਤਰ ਰੱਦ ਕਰਨਾ, ਪ੍ਰਬੇਸ਼ਨ ਪੀਰੀਅਡ ਦੌਰਾਨ ਪੂਰੀ ਤਨਖਾਹ ਤੇ ਭੱਤਿਆਂ ਦੀ ਅਦਾਇਗੀ ਕਰਨਾ, 17 ਜੁਲਾਈ 2020 ਨੂੰ ਜਾਰੀ ਪੱਤਰ ਅਨੁਸਾਰ ਕੇਂਦਰੀ ਪੈਟਰਨ 'ਤੇ ਨਵੀਂ ਭਰਤੀ ਕਰਨ ਦਾ ਪੱਤਰ ਰੱਦ ਕਰਨਾ, 4.9.14 ਏ. ਸੀ. ਪੀ ਸਕੀਮ ਬਹਾਲ ਕਰਨਾ, ਮਿਡ ਡੇ ਮੀਲ ਅਤੇ ਆਸ਼ਾ ਵਰਕਰਾਂ ਦੀਆਂ ਆਦਿ ਮੰਗਾਂ ਸੰਬੰਧੀ ਸਰਕਾਰ ਨੂੰ ਮੰਗ ਪੱਤਰ ਦਿੱਤਾ ਗਿਆ ਸੀ ਪ੍ਰੰਤੂ ਸਰਕਾਰ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰਾਂ ਮਿਡ ਡੇ ਮੀਲ ਆਸ਼ਾ ਵਰਕਰ ਦੀਆਂ ਮੰਗਾਂ ਪ੍ਰਤੀ ਕੋਈ ਹਾਂ ਪੱਖੀ ਹੁੰਗਾਰਾ ਨਾ ਦੇਣ ਕਾਰਨ ਸਾਂਝਾ ਮੁਲਾਜ਼ਮ ਮੰਚ ਪੰਜਾਬ ਚੰਡੀਗੜ੍ਹ ਵੱਲੋਂ 30 ਅਗਸਤ ਨੂੰ ਲੁਧਿਆਣਾ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਜਿਸ ਵਿੱਚ ਅਗਲੇ ਦਿਨਾਂ ਵਿੱਚ ਤਿੱਖੇ ਐਕਸ਼ਨ ਕਰਨ ਦੇ ਪ੍ਰੋਗਰਾਮ ਦਿੱਤੇ ਗਏ ਸਨ। ਇਸ ਲਈ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ 20 ਸਤੰਬਰ ਨੂੰ ਹਰਮੀਤ ਸਿੰਘ ਐਮ ਐਲ ਏ ਹਲਕਾ ਵਿਧਾਇਕ ਤਰਨ ਤਾਰਨ ਦੇ ਘਰ ਦਾ ਘਿਰਾਓ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ



ਨੇ ਦੱਸਿਆ ਕਿ ਜੇਕਰ ਸਰਕਾਰ ਨੇ ਜਾਇਜ਼ ਅਤੇ ਹੱਕੀ ਮੰਗਾਂ ਨਾ ਪੂਰੀਆਂ ਕੀਤੀਆਂ ਤਾਂ ਸਾਂਝਾ ਮੁਲਾਜ਼ਮ ਮੰਚ ਪੰਜਾਬ ਚੰਡੀਗੜ੍ਹ ਵੱਲੋਂ ਦਿੱਤੇ ਗਏ ਐਕਸ਼ਨ ਅਨੁਸਾਰ ਚੰਡੀਗੜ੍ਹ ਵਿੱਚ ਮੁਲਾਜ਼ਮ ਵਿਧਾਨ ਸਭਾ ਲਗਾਈ ਜਾਵੇਗੀ ਜਿਸ ਵਿੱਚ 117 ਵਿਧਾਇਕ ਅਤੇ 13 ਐਮ ਪੀ ਕੋਲੋਂ ਸਵਾਲ ਜਵਾਬ ਲਏ ਜਾਣਗੇ ਅਤੇ 10 ਅਕਤੂਬਰ ਨੂੰ ਸੰਗਰੂਰ ਦੀ ਧਰਤੀ 'ਤੇ ਪੰਜਾਬ ਪੱਧਰੀ ਮਹਾਂ ਰੈਲੀ ਕੀਤੀ ਜਾਵੇਗੀ ਜਿਸ ਵਿੱਚ ਜ਼ਿਲ੍ਹਾ ਤਰਨ ਤਾਰਨ ਤੋਂ ਭਾਰੀ ਗਿਣਤੀ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ, ਮਿਡ ਡੇ ਮੀਲ ਅਤੇ ਆਸ਼ਾ ਵਰਕਰ ਭੈਣਾਂ ਜਾਣਗੀਆਂ। ਇਸ ਤੋਂ ਇਲਾਵਾ ਮਿਤੀ 21, 22 ਅਕਤੂਬਰ ਨੂੰ ਦੋ ਦਿਨ ਦੀ ਮੁਲਾਜ਼ਮਾਂ ਵੱਲੋਂ ਸਮੂਹ ਛੁੱਟੀ ਲੈ ਕੇ ਆਰ ਪਾਰ ਦੀ ਹੜਤਾਲ ਕੀਤੀ ਜਾਵੇਗੀ ਅਤੇ ਪਿੰਡ ਪਿੰਡ ਜਾ ਕੇ ਪੰਜਾਬ ਸਰਕਾਰ ਦੀਆਂ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ, ਮਿਡ ਡੇ ਮੀਲ ਅਤੇ ਆਸ਼ਾ ਵਰਕਰਾਂ ਵਿਰੁੱਧ ਮਾਰੂ ਨੀਤੀਆਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਰੋਸ ਧਰਨੇ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਆਗੂ ਗੁਰਸੇਵਕ ਸਿੰਘ ਸਰਾਂ ਪ੍ਰਧਾਨ ਅੰਗਰੇਜ਼ ਸਿੰਘ ਰੰਧਾਵਾ ਜਨਰਲ ਸਕੱਤਰ ਜਸਪਾਲ ਸਿੰਘ ਵਿਤ ਸਕੱਤਰ ਪੀਐਸਐਮਐਸਯੂ ਯੂਨੀਅਨ ਬਲਦੇਵ ਸਿੰਘ ਕੱਲਾ ਪ੍ਰਧਾਨ ਅਸ਼ਵਨੀ ਕੁਮਾਰ ਸੈਣੀ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਅਜੀਤ ਸਿੰਘ ਢੋਟੀਆਂ ਪ੍ਰਧਾਨ ਮਾਸਟਰ ਸਤਿੰਦਰ ਸਿੰਘ ਜੱਸਾ ਸਿੰਘ ਕੱਦ ਗਿੱਲ ਸੀਨੀਅਰ ਸਿਟੀਜ਼ਨ ਪੈਨਸ਼ਨ ਐਸੋਸੀਏਸ਼ਨ ਸਰਬਜੀਤ ਸਿੰਘ ਪ੍ਰਧਾਨ ਸਵਰਨ ਸਿੰਘ ਸੈਕਟਰੀ ਅਜਮੇਰ ਸਿੰਘ ਕੱਲਾ ਪੰਜਾਬ ਪੈਨਸ਼ਨ ਏਟਕ ਯੂਨੀਅਨ ਦਵਿੰਦਰ ਸਿੰਘ ਗਲੇਵਾਲ ਪ੍ਰਧਾਨ ਕਾਬਲ ਸਿੰਘ ਤੁੜ ਜਨਰਲ ਸਕੱਤਰ ਪੀ ਐਸ ਐਮ ਪੈਨਸ਼ਨਰ ਐਸੋਸੀਏਸ਼ਨ ਤਰਨ ਤਾਰਨ ਪ੍ਰਿੰਸੀਪਲ ਦਲਬੀਰ ਸਿੰਘ ਦਿਓਲ ਰਜਵੰਤ ਸਿੰਘ ਬਾਗੜੀਆਂ ਪ੍ਰਧਾਨ ਪੈਰਾਮੈਡੀਕਲ ਤੇ ਸਿਹਤ ਵਿਭਾਗ ਕਰਮਚਾਰੀ ਨਰਿੰਦਰ ਸਿੰਘ ਪ੍ਰਧਾਨ ਨਵਤੇਜ ਸਿੰਘ ਜਨਰਲ ਸਕੱਤਰ ਸਿਹਤ ਵਿਭਾਗ ਐਸੋਸੀਏਸ਼ਨ ਯੂਨੀਅਨ ਫੁੱਲਬੀਰ ਸਿੰਘ ਕੈਰੋ ਪ੍ਰਦੀਪ ਸਿੰਘ ਢੋਟੀਆਂ ਜਸਪਿੰਦਰ ਸਿੰਘ ਹਰਜਿੰਦਰ ਸਿੰਘ ਝਬਾਲ ਮਨਦੀਪ ਸਿੰਘ ਅਮਰਜੀਤ ਸਿੰਘ ਕੇਡਰ ਯੂਨੀਅਨ ਮਨਜਿੰਦਰ ਸਿੰਘ ਢਿੱਲੋਂ ਹਰਪ੍ਰੀਤ ਕੌਰ ਰਮਨ ਕੁਮਾਰ ਡੀ ਸੀ ਦਫਤਰ ਤਰਨ ਤਾਰਨ ਆਦਿ ਹਾਜ਼ਰ ਹੋਏ।

# ਮਾਸਟਰ ਸਵਿਮਿੰਗ ਮੁਕਾਬਲੇ 'ਚ ਜ਼ਿਲ੍ਹਾ ਸਵਿਮਿੰਗ ਐਸੋਸੀਏਸ਼ਨ ਦੇ ਦੋ ਤੈਰਾਕਾਂ ਦਾ ਸ਼ਾਨਦਾਰ ਪ੍ਰਦਰਸ਼ਨ

**ਪਠਾਨਕੋਟ-** ਜ਼ਿਲ੍ਹਾ ਸਵਿਮਿੰਗ ਐਸੋਸੀਏਸ਼ਨ ਪਠਾਨਕੋਟ ਦੇ ਪ੍ਰਧਾਨ ਮਨਨ ਮਹਾਜਨ ਦੀ ਅਗਵਾਈ ਅਤੇ ਚੇਅਰਮੈਨ ਗੁਰਲਾਲ ਸਿੰਘ ਰਿਆੜ ਦੇ ਮਾਰਗਦਰਸ਼ਨ ਹੇਠ ਤੈਰਾਕੀ ਦੇ ਖੇਤਰ ਵਿੱਚ ਲਗਾਤਾਰ ਨਵੀਆਂ ਉਚਾਈਆਂ ਹਾਸਲ ਕਰ ਰਹੀ ਹੈ ਅਤੇ ਰਾਸ਼ਟਰੀ ਪੱਧਰ 'ਤੇ ਪਠਾਨਕੋਟ ਦਾ ਨਾਮ ਰੌਸ਼ਨ ਕਰ ਰਹੀ ਹੈ।ਹਾਲ ਹੀ ਵਿੱਚ ਹਰਿਆਣਾ ਦੇ ਬਹਾਦੁਰਗੜ੍ਹ ਵਿਖੇ ਆਯੋਜਿਤ ਮਾਸਟਰ ਸਵਿਮਿੰਗ ਮੁਕਾਬਲੇ ਵਿੱਚ ਜ਼ਿਲ੍ਹਾ ਸਵਿਮਿੰਗ ਐਸੋਸੀਏਸ਼ਨ, ਪਠਾਨਕੋਟ ਦੇ ਦੋ ਤੈਰਾਕਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। 45-49 ਸਾਲ ਉਮਰ ਵਰਗ ਵਿੱਚ ਸਵਿਤਾ ਜੋਸ਼ੀ ਨੇ 3 ਤਮਗੇ ਅਤੇ 75-79 ਸਾਲ ਉਮਰ ਵਰਗ ਵਿੱਚ ਸੁਰਿੰਦਰ ਮਹਾਜਨ ਨੇ 2 ਤਮਗੇ ਹਾਸਲ ਕੀਤੇ। ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ 'ਤੇ ਦੋਵੇਂ ਤੈਰਾਕਾਂ ਦੀ ਚੋਣ ਅਕਤੂਬਰ ਦੇ ਪਹਿਲੇ ਹਫ਼ਤੇ ਬੈਂਗਲੁਰੂ ਵਿਖੇ ਹੋਣ ਵਾਲੀ ਏਸ਼ੀਅਨ ਐਕਵੈਟਿਕ ਚੈਂਪੀਅਨਸ਼ਿਪ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਹੋਈ ਹੈ।ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਇਸ ਉਪਲਬਧੀ ਦਾ ਮੁੱਖ ਸਿਹਰਾ ਸਪੋਰਟਸ-ਫ੍ਰੈਂਡਲੀ ਵਿਧਾਇਕ ਅਸ਼ਵਨੀ ਸ਼ਰਮਾ ਦੇ ਵਿਸ਼ੇਸ਼ ਯਤਨਾਂ ਨਾਲ ਨਗਰ ਨਿਗਮ ਸਵਿਮਿੰਗ ਪੂਲ ਦੇ ਨਵੀਨੀਕਰਨ ਤੋਂ ਬਾਅਦ ਵਧੇ ਹੋਏ ਅਭਿਆਸ ਸਮੇਂ ਨੂੰ ਦਿੱਤਾ। ਪੂਲ ਦੇ ਬਿਹਤਰ ਸੰਭਾਲ ਅਤੇ ਸਹੂਲਤਾਂ ਵਿੱਚ ਸੁਧਾਰ ਨਾਲ ਖਿਡਾਰੀਆਂ ਨੂੰ ਨਿਯਮਿਤ ਤੌਰ 'ਤੇ ਵਧੇਰੇ ਸਮੇਂ ਤੱਕ ਅਭਿਆਸ ਕਰਨ ਦਾ ਮੌਕਾ ਮਿਲਿਆ ਹੈ, ਜਿਸ ਦਾ ਸਕਾਰਾਤਮਕ ਨਤੀਜਾ ਹੁਣ ਰਾਸ਼ਟਰੀ ਪੱਧਰ 'ਤੇ ਦਿਖਾਈ ਦੇ



ਰਿਹਾ ਹੈ। ਅਸ਼ਵਨੀ ਸ਼ਰਮਾ ਵਿਧਾਇਕ ਵੱਲੋਂ ਪਠਾਨਕੋਟ ਸ਼ਹਿਰ ਦੇ ਵਿਕਾਸ ਅਤੇ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸਰਾਹਨਾ ਕਰਦਿਆਂ ਐਸੋਸੀਏਸ਼ਨ ਨੇ ਕਿਹਾ ਕਿ ਉਨ੍ਹਾਂ ਦਾ ਯੋਗਦਾਨ ਸ਼ਹਿਰ ਲਈ ਵਿਆਪਕ ਅਤੇ ਬਹੁਪੱਖੀ ਰਿਹਾ ਹੈ। 21 ਸਤੰਬਰ ਨੂੰ ਨਗਰ ਨਿਗਮ ਸਵਿਮਿੰਗ ਪੂਲ ਕੰਪਲੈਕਸ ਵਿਖੇ ਆਯੋਜਿਤ ਇੱਕ ਸਨਮਾਨ ਸਮਾਰੋਹ ਦੌਰਾਨ ਵਿਧਾਇਕ ਅਸ਼ਵਨੀ ਸ਼ਰਮਾ ਨੇ ਮਾਸਟਰ ਸਵਿਮਿੰਗ ਮੁਕਾਬਲੇ ਦੇ ਦੋਵੇਂ ਤਮਗਾ ਜੇਤੂ ਤੈਰਾਕਾਂ ਨੂੰ ਬੁੱਕੇ ਭੇਟ ਕਰਕੇ ਸਨਮਾਨਤ ਕੀਤਾ।ਇਸ ਮੌਕੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਜ਼ਿਲ੍ਹਾ ਸਵਿਮਿੰਗ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਭਰੋਸਾ ਦੁਆਇਆ ਕਿ ਨਗਰ ਨਿਗਮ ਦੇ ਇਸ ਸਵਿਮਿੰਗ ਪੂਲ ਨੂੰ ਜਲਦ ਹੀ ਆਲ-ਵੈਦਰ ਸਵਿਮਿੰਗ ਪੂਲ ਵਿੱਚ ਤਬਦੀਲ ਕਰਨ ਲਈ ਯਤਨ ਕੀਤੇ ਜਾਣਗੇ, ਤਾਂ ਜੋ ਇਹ ਪਠਾਨਕੋਟ ਵਿੱਚ ਪ੍ਰਤਿਭਾਸ਼ਾਲੀ ਤੈਰਾਕਾਂ ਨੂੰ ਤਿਆਰ ਕਰਨ ਵਾਲੇ ਇੱਕ ਮਜ਼ਬੂਤ ਫੀਡਰ ਅਤੇ ਨਰਸਰੀ ਵਜੋਂ ਵਿਕਸਤ ਹੋ ਸਕੇ ਅਤੇ ਭਵਿੱਖ ਵਿੱਚ ਇੱਥੋਂ ਹੋਰ ਵੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਤੈਰਾਕ ਤਿਆਰ ਹੋਣ। ਐਸੋਸੀਏਸ਼ਨ ਨੇ ਸਵਿਮਿੰਗ ਪੂਲ ਦੇ ਰੱਖ-ਰਖਾਅ ਅਤੇ ਬਿਹਤਰ ਸੰਚਾਲਨ ਲਈ ਨਗਰ ਨਿਗਮ ਪ੍ਰਸ਼ਾਸਨ ਅਤੇ ਪੂਲ ਦੇ ਕੋਚਾਂ ਦਾ ਵੀ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਰਿਆਂ ਦੇ ਸਾਂਝੇ ਯਤਨਾਂ ਨਾਲ ਪਠਾਨਕੋਟ ਵਿੱਚ ਤੈਰਾਕੀ ਦੇ ਖੇਤਰ ਨੂੰ ਨਵੀਂ ਦਿਸ਼ਾ ਮਿਲ ਰਹੀ ਹੈ।ਸਨਮਾਨ ਸਮਾਰੋਹ ਦੇ ਮੌਕੇ 'ਤੇ ਜ਼ਿਲ੍ਹਾ ਸਵਿਮਿੰਗ ਐਸੋਸੀਏਸ਼ਨ ਦੇ ਦੀਪਕ ਗੁਪਤਾ, ਰਮਨ ਮਹਾਜਨ, ਸੰਦੀਪ, ਦੀਪਕ ਰਾਂਦੇਵ, ਵਿਸ਼ਾਲ ਗੁਪਤਾ, ਡਾ. ਪੁਨੀਤ, ਸੁਰੇਸ਼ ਪਠਾਨੀਆ, ਪਾਰਸ, ਵਿੱਕੀ, ਰਮੇਸ਼ ਅਤੇ ਸ੍ਰੀ ਕਾਲਾ ਸਮੇਤ ਹੋਰ ਮੈਂਬਰ ਵੀ ਹਾਜ਼ਰ ਸਨ।

# ਬਦਲਾਖੋਰੀ ਤੇ ਦਬਾਅ ਦੀ ਰਾਜਨੀਤੀ ਹੋ ਰਹੀ : ਮਜੀਠੀਆ

**ਮਜੀਠਾ / ਕੱਥੂਨੰਗਲ (ਸੋਇਮ ਆਨੰਦ/ ਪ੍ਰੀਤਮ ਸਿੰਘ)-** ਆਦਮੀ ਪਾਰਟੀ ਵੱਲੋਂ ਪੰਜਾਬ ਵਿਚ ਬਦਲਾਖੋਰੀ ਅਤੇ ਦਬਾਅ ਦੀ ਰਾਜਨੀਤੀ ਕੀਤੀ ਜਾ ਰਹੀ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਿਕਰਮ ਸਿੰਘ ਮਜੀਠੀਆ ਨੇ ਪਿੰਡ ਨਾਗ ਖੁਰਦ ਵਿਖੇ ਸਾਬਕਾ ਚੇਅਰਮੈਨ ਬਲਬੀਰ ਸਿੰਘ ਚੰਦੀ ਦੀ ਅਗਵਾਈ ਵਿਚ ਅਕਾਲੀ ਆਗੂਆਂ



ਅਤੇ ਵਰਕਰਾਂ ਨਾਲ ਚੋਣਾਂ ਸੰਬੰਧੀ ਕੀਤੀ ਇਕੱਤਰਤਾ ਉਪਰੰਤ ਗਲਬਾਤ ਕਰਦਿਆਂ ਕੀਤਾ। ਮਜੀਠੀਆ ਨੇ ਕਿਹਾ ਕਿ ਪੰਜਾਬ ਵਿਚ ਕਿਸੇ ਵੀ ਨਾਗਰਿਕ ਵੱਲੋਂ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਸਵਾਲ ਪੁੱਛੇ ਜਾਣ 'ਤੇ ਆਪ ਆਗੂ ਪੁਲਸ ਦੀ ਮਦਦ ਨਾਲ ਉਸ ਵਿਅਕਤੀ ਉਪਰ ਤਸ਼ੱਦਦ ਕਰਵਾ ਰਹੀ ਹੈ ਅਤੇ ਝੂਠੇ ਮੁਕੱਦਮਿਆਂ ਵਿਚ ਫਸਾ ਰਹੀ ਹੈ। ਆਪ ਆਗੂ ਵਿਰੋਧੀ ਪਾਰਟੀ ਦੇ ਵਰਕਰਾਂ ਉਪਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਸਤੇ ਹਰ ਤਰ੍ਹਾਂ ਦੇ ਹੱਥਕੰਡੇ ਅਪਨਾ ਰਹੇ ਹਨ। ਜਦ ਕਿ ਲੋਕ ਆਮ ਆਦਮੀ ਪਾਰਟੀ ਵਿਚ ਘੁਟਣ ਮਹਿਸੂਸ ਕਰ ਰਹੇ ਹਨ ਅਤੇ ਚੋਣ ਜ਼ਾਬਤਾ ਲੱਗਣ ਦੀ ਇੰਤਜ਼ਾਰ ਕਰ ਰਹੇ ਹਨ। ਆਪ ਵੱਲੋਂ ਆਪਣੀ ਪਾਰਟੀ ਦੀ ਝੂਠੀ ਸ਼ੋਹਰਤ ਵਾਸਤੇ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਜਿਸ ਕਰਕੇ ਪੰਜਾਬ ਦੇ ਸਿਰ ਕਈ ਲੱਖ ਕਰੋੜ ਦਾ ਕਰਜਾ ਚੜ੍ਹ ਚੁੱਕਾ ਹੈ। ਮਜੀਠੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਇਸ ਦਾ ਹਿਸਾਬ ਦੇਣਾ ਪਵੇਗਾ। ਇਸ ਮੌਕੇ ਮਜੀਠੀਆ ਦੇ ਨਾਲ ਮੇਜਰ ਸ਼ਿਵਚਰਨ ਸਿੰਘ, ਗਗਨਦੀਪ ਸਿੰਘ ਭਕਨਾ, ਐਡਵੋਕੇਟ ਰਾਕੇਸ਼ ਪ੍ਰਾਸ਼ਰ, ਕੁਲਜੀਤ ਸਿੰਘ ਬਰਾੜ, ਸਾਬਕਾ ਚੇਅਰਮੈਨ ਬਲਬੀਰ ਸਿੰਘ ਚੰਦੀ, ਨਵਦੀਪ ਸਿੰਘ ਝੰਡ, ਯਸ਼ਪਾਲ ਪੰਚ, ਜਗਰੂਪ ਸਿੰਘ ਚੰਦੀ, ਸੁਖਬੀਰ ਸਿੰਘ, ਦਿਲਸ਼ੇਰ ਸਿੰਘ, ਹਰਨੂਰ ਸਿੰਘ, ਰਣਜੀਤ ਸਿੰਘ ਸਰਪੰਚ, ਲਾਭ ਸਿੰਘ, ਦਲਬੀਰ ਸਿੰਘ ਦੋਧੀ, ਮਾਸਟਰ ਜਗਜੀਤ ਸਿੰਘ, ਬਿਕਰਮਜੀਤ ਸਿੰਘ, ਨੰਬਰਦਾਰ ਜਸਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਹਾਜ਼ਰ ਸਨ।

# 79ਵੇਂ ਸੰਤ ਸਮਾਗਮ ਦੀਆਂ ਸੇਵਾਵਾਂ ਦਾ ਮੰਗਲਮਈ ਆਗਾਜ਼

**ਬਟਾਲਾ (ਤਰਲੋਕ ਬੱਗਾ)-** ਭਾਈ ਸਾਹਿਬ ਲਖਵਿੰਦਰ ਸਿੰਘ, ਮੁਖੀ ਬ੍ਰਾਂਚ ਬਟਾਲਾ ਨੇ ਦੱਸਿਆ ਕਿ ਵਿਭਿੰਨਤਾਵਾਂ ਨਾਲ ਸਜੇ ਇਸ ਸੰਸਾਰ ਵਿੱਚ ਸਾਡੇ ਰੂਪ, ਭਾਸ਼ਾਵਾਂ ਅਤੇ ਜੀਵਨ-ਸ਼ੈਲੀਆਂ ਭਾਵੇਂ ਵੱਖ-ਵੱਖ ਹਨ, ਪਰ ਇਨ੍ਹਾਂ ਬਾਹਰੀ ਭਿੰਨਤਾਵਾਂ ਦੇ ਪਿੱਛੇ ਵੱਸਣ ਵਾਲੀ ਚੇਤਨਾ ਇੱਕੋ ਹੀ ਹੈ। ਅਸੀਂ ਸਾਰੇ ਉਸ ਪਰਮਾਤਮਾ



ਦੀ ਸੰਤਾਨ ਹਾਂ, ਜਿਨ੍ਹਾਂ ਨੂੰ ਸਤਿਗੁਰੂ ਨੇ ਪਿਆਰ ਦੇ ਅਦ੍ਰਿਸ਼ਟ ਸੂਤਰ ਵਿੱਚ ਬੰਨ੍ਹ ਕੇ ਮਨੁੱਖਤਾ ਨੂੰ ਏਕਤਾ ਦਾ ਸੰਦੇਸ਼ ਦਿੱਤਾ ਹੈ। ਸੰਤ ਨਿਰੰਕਾਰੀ ਮਿਸ਼ਨ ਇਸੇ ਭਾਵਨਾ ਨੂੰ 'ਵਸੁਧੈਵ ਕੁਟੁੰਬਕਮ'—'ਸਾਰਾ ਸੰਸਾਰ ਇੱਕ ਪਰਵਾਰ' ਦੇ ਰੂਪ ਵਿੱਚ ਜੀਵੰਤ ਕਰ ਰਿਹਾ ਹੈ, ਜਿੱਥੇ ਪਿਆਰ ਕੇਵਲ ਇੱਕ ਵਿਚਾਰ ਨਹੀਂ, ਸਗੋਂ ਜੀਵਨ ਜਿਊਣ ਦੀ ਸ਼ੈਲੀ ਹੈ।79ਵਾਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਪਰਮ ਸਤਿਕਾਰਯੋਗ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਦੇ ਪਾਵਨ ਸਾਨਿਧ ਵਿੱਚ 23 ਤੋਂ 26 ਅਕਤੂਬਰ ਤੱਕ ਸੰਤ ਨਿਰੰਕਾਰੀ ਅਧਿਆਤਮਿਕ ਸਥਲ, ਸਮਾਲਖਾ, ਹਰਿਆਣਾ ਵਿਖੇ ਸ਼ਰਧਾ ਅਤੇ ਹਰਸ਼ੋ-ਉਲਾਸ ਨਾਲ ਆਯੋਜਿਤ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਭਗਤ ਸ਼ਾਮਲ ਹੋਣਗੇ। 79ਵੇਂ ਸਮਾਗਮ ਦੀਆਂ ਸੇਵਾਵਾਂ ਦੇ ਸ਼ੁੱਭ ਆਰੰਭ ਮੌਕੇ ਹਾਜ਼ਰ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਨਿਰੰਕਾਰੀ ਰਾਜਪਿਤਾ ਨੇ ਸਤਿਗੁਰੂ ਮਾਤਾ ਜੀ ਦੇ ਪਿਆਰ ਅਤੇ ਆਸ਼ੀਰਵਾਦ ਨੂੰ ਸੰਤਾਂ ਤੱਕ ਪਹੁੰਚਾਉਂਦੇ ਹੋਏ ਫ਼ਰਮਾਇਆ ਕਿ ਸੰਤ ਸਮਾਗਮ ਦੀਆਂ ਸੇਵਾਵਾਂ ਦਾ ਇਹ ਵਿਸ਼ਾਲ ਸਰੂਪ ਅਣਗਿਣਤ ਸੰਤਾਂ ਦੀ ਨਿਸ਼ਕਾਮ ਸੇਵਾ, ਤਿਆਗ ਅਤੇ ਸਮਰਪਣ ਦਾ ਨਤੀਜਾ ਹੈ। ਇਹ ਸਾਨੂੰ ਪ੍ਰੇਰਣਾ ਦਿੰਦਾ ਹੈ ਕਿ ਸਾਡੇ ਜੀਵਨ ਵਿੱਚ ਵੀ ਸੇਵਾ ਅਤੇ ਪਰਉਪਕਾਰ ਦਾ ਭਾਵ ਆਵੇ। ਮਨੁੱਖੀ ਸਰੀਰ ਕੇਵਲ ਆਪਣੇ ਲਈ ਨਹੀਂ, ਸਗੋਂ ਦੂਜਿਆਂ ਦੇ ਸੁੱਖ-ਦੁੱਖ ਵਿੱਚ ਭਾਗੀਦਾਰ ਬਣਨ ਲਈ ਮਿਲਿਆ ਹੈ।ਇਸ ਸਾਲ ਸੰਤ ਸਮਾਗਮ ਦਾ ਸਿਰਲੇਖ 'ਜਾਗ੍ਰਿਤੀ' ਹੈ, ਜੋ ਮਨੁੱਖ ਨੂੰ ਬਾਹਰੀ ਸੰਸਾਰ ਤੋਂ ਹਟ ਕੇ ਆਪਣੇ ਅੰਦਰ ਝਾਤ ਮਾਰਨ ਅਤੇ ਆਪਣੇ ਅਸਲ ਸਰੂਪ ਨੂੰ ਪਛਾਣਨ ਦੀ ਪ੍ਰੇਰਣਾ ਦਿੰਦਾ ਹੈ। 'ਜਾਗ੍ਰਿਤੀ' ਦਾ ਅਰਥ ਕਿਸੇ ਨਵੀਂ ਗੱਲ ਦਾ ਅਚਾਨਕ ਬੋਧ ਹੋ ਜਾਣਾ ਨਹੀਂ, ਸਗੋਂ ਹਰ ਪਲ ਆਪਣੇ ਅੰਦਰ ਸਜਗ ਅਤੇ ਸੁਚੇਤ ਰਹਿਣਾ ਹੈ। ਸੰਸਾਰ ਵਿੱਚ ਰਹਿੰਦੇ ਹੋਏ ਵੀ ਇਸਦੇ ਪ੍ਰਭਾਵ ਤੋਂ ਆਪਣੇ ਆਪ ਨੂੰ ਬਚਾਈ ਰੱਖਣਾ ਅਤੇ ਹਰ ਪਰਿਸਥਿਤੀ ਵਿੱਚ ਪ੍ਰਭੂ-ਸਿਮਰਨ ਨਾਲ ਜੁੜੇ ਰਹਿਣਾ ਹੀ ਸੱਚੀ 'ਜਾਗ੍ਰਿਤੀ' ਹੈ

# ਦਿਵਯ ਜਯੋਤੀ ਜਾਗਰਤੀ ਸੰਸਥਾਨ ਵੱਲੋਂ ਸਪਤਾਹਿਕ ਸਤਿਸੰਗ

**ਤਰਨ ਤਾਰਨ (ਪ੍ਰਿਤਪਾਲ ਸਿੰਘ)-** ਦਿਵਯ ਜਯੋਤੀ ਜਾਗਰਤੀ ਸੰਸਥਾਨ ਤਰਨ ਤਾਰਨ ਆਸ਼ਰਮ ਦੁਆਰਾ ਸਪਤਾਹਿਕ ਸਤਿਸੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਆਸ਼ੂਤੋਸ਼ ਮਹਾਰਾਜ ਦੀ



ਸ਼ਿਸ਼ਯਾ ਸਾਧਵੀ ਪਰਮਜੀਤ ਭਾਰਤੀ ਨੇ ਵਿਚਾਰ ਦਿੰਦੇ ਹੋਏ ਕਿਹਾ ਕਿ ਕੁਦਰਤ ਦੀ ਇਸ ਰਚਨਾ ਅੰਦਰ ਕੋਈ ਵੀ ਅਜਿਹੀ ਚੀਜ਼ ਨਹੀਂ ਹੈ, ਜਿਸ ਅੰਦਰ ਕੁਦਰਤ ਨੇ ਕੋਈ ਨਾ ਕੋਈ ਗੁਣ ਨਾ ਪਾਇਆ ਹੋਵੇ। ਇਹ ਗੁਣ ਕਿਸੇ ਵਿਅਕਤੀ ਵਿਸ਼ੇਸ਼ ਨੇ ਪੈਦਾ ਨਹੀਂ ਕੀਤੇ ਅਤੇ ਨਾ ਹੀ ਕਿਸੇ ਦੀ ਨਿੱਜੀ ਜਾਇਦਾਦ ਹੈ।

ਇਹਨਾਂ ਗੁਣਾਂ ਦਾ ਮਾਲਿਕ ਉਹ ਪਰਮਾਤਮਾ ਹੀ ਹੈ। ਸੰਸਾਰ ਅੰਦਰ ਜੋ ਵੀ ਗੁਣੀ ਗਿਆਨੀ ਲੋਕ ਨਜ਼ਰ ਆਉਂਦੇ ਹਨ, ਇਹ ਸਭ ਉਸੇ ਦੁਆਰਾ ਹੀ ਬਣਾਏ ਗਏ ਹਨ। ਭਾਵ ਉਸ ਮਾਲਕ ਦੀ ਹੀ ਮਹਿਮਾ ਹੈ। ਸਭ ਗੁਣ ਉਸ ਦੇ ਹੀ ਹਨ ਤੇ ਉਹ ਸਭ ਦੇ ਅੰਦਰ ਬਿਰਾਜਮਾਨ ਹੈ। ਉਹ ਧਰਤੀ ਦੀ ਸੁਗੰਧ ਅੰਦਰ, ਪਾਣੀ ਦੀ ਠੰਡਕ ਅੰਦਰ, ਹਵਾ ਦੇ ਵੇਗ ਅੰਦਰ, ਅੱਗ ਦੀ ਤਪਿਸ਼ ਅੰਦਰ, ਸ਼ੇਰ ਦੀ ਦਹਾੜ ਅੰਦਰ, ਪਪੀਹੇ ਦੀ ਪੁਕਾਰ ਅੰਦਰ ਸਭ ਜਗ੍ਹਾ ਸਮਾਇਆ ਹੋਇਆ ਹੈ। ਪਰ ਇਸ ਰਾਜ਼ ਨੂੰ ਕਿਸੇ ਬੁੱਧੀ ਦੇ ਦਾਇਰੇ ਦੇ ਵਿੱਚ ਲਿਆ ਕੇ ਨਹੀਂ ਸਮਝਿਆ ਜਾ ਸਕਦਾ। ਸਭ ਜੀਵਾਂ ਦੀ ਇਸ ਭਿਆਨਕ ਸੰਸਾਰ ਸਰੋਵਰ ਅੰਦਰ ਵੱਸੋਂ ਹੈ। ਜਿਸ ਵਿੱਚ ਉਸ ਪ੍ਰਭੂ ਨੇ ਆਪ ਹੀ ਪਾਣੀ ਦੀ ਥਾਂ ਤ੍ਰਿਸ਼ਨਾ ਦੀ ਅੱਗ ਪਾਈ ਹੈ। ਕਿਉਂਕਿ ਕੁਦਰਤ ਦਾ ਨਿਯਮ ਹੈ। ਜੋ ਸੰਸਾਰ ਅੰਦਰ ਆਇਆ ਹੈ। ਉਸ ਉੱਪਰ ਸੰਸਾਰਿਕ ਵਿਸ਼ੇ ਵਾਸਨਾਵਾਂ ਆਪਣਾ ਪ੍ਰਭਾਵ ਪਾਉਂਦੀਆਂ ਹਨ। ਜਿਸਦੇ ਕਾਰਨ ਜੀਵਨ ਮਲੀਨ ਹੋ ਜਾਂਦਾ ਹੈ। ਪਰ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਆਪਣੇ ਆਪ ਨੂੰ ਕਿਵੇਂ ਸਵਾਰੀਏ? ਤਨ ਦੀ ਮੈਲ ਨੂੰ ਤਾਂ ਅਸੀਂ ਇਸ਼ਨਾਨ ਕਰਕੇ ਦੂਰ ਕਰ ਲੈਂਦੇ ਹਾਂ ਪਰ ਮਨ ਨੂੰ ਲੱਗੀ ਹੋਈ ਵਿਸ਼ੇ ਵਿਕਾਰਾਂ ਦੀ ਮੈਲ ਤੋਂ ਨਿਜਾਤ ਕਿਵੇਂ ਪਾਈ ਜਾਵੇ। ਜਦੋਂ ਕੋਈ ਜਗਿਆਸੂ ਇਸ ਦਲਦਲ ਦੇ ਵਿੱਚੋਂ ਨਿਕਲਣਾ ਚਾਹੁੰਦਾ ਹੈ ਤਾਂ ਉਸ ਦਾ ਮਿਲਾਪ ਸਮੇਂ ਦੇ ਕਿਸੇ ਪੂਰਨ ਸੰਤ ਸਤਿਗੁਰੂ ਨਾਲ ਹੁੰਦਾ ਹੈ। ਪ੍ਰੋਗਰਾਮ ਦੇ ਦੌਰਾਨ ਸਾਦਵੀ ਰਮਨਦੀਪ ਭਾਰਤੀ, ਸਾਧਵੀ ਲਖਵਿੰਦਰ ਭਾਰਤੀ ਨੇ ਗੁਰਬਾਣੀ ਸ਼ਬਦ ਕੀਰਤਨ ਦਾ ਗਾਇਨ ਕੀਤਾ।

# ਹਲਕਾ ਬਟਾਲਾ ਦੇ ਟਰੇਡਰਜ਼ ਕਮਿਸ਼ਨ ਦੀ ਮੀਟਿੰਗ



**ਬਟਾਲਾ (ਡਾਕਟਰ ਮਲਵਿੰਦਰ ਸਿੰਘ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ, ਕਾਰਜਕਾਰੀ ਪ੍ਰਧਾਨ ਪੰਜਾਬ ਅਤੇ ਵਿਧਾਇਕ ਸ਼ੈਰੀ ਕਲਸੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹਲਕਾ ਬਟਾਲਾ ਦੇ ਟਰੇਡਰ ਕਮਿਸ਼ਨ ਦੇ ਮੈਂਬਰਾਂ ਨਾਲ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਹਲਕਾ ਬਟਾਲਾ ਦੇ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਕਿਰਪਾਲ ਸਿੰਘ ਉਦੋਵਾਲੀ ਨੇ ਦੱਸਿਆ ਕਿ ਇਸ ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਇੰਚਾਰਜ ਚਰਨਜੀਤ ਸਿੰਘ ਪਰੋਵਾਲ ਵੱਲੋਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਹਲਕੇ ਦੇ ਵਪਾਰੀਆਂ ਨਾਲ ਸਬੰਧਤ ਮੁੱਦਿਆਂ, ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵਪਾਰੀ ਭਾਈਚਾਰੇ ਦੀਆਂ ਲੋੜਾਂ ਅਤੇ ਬਟਾਲਾ ਮਾਰਕੀਟ ਦੇ ਵਿਕਾਸ ਲਈ ਵਚਨਬੱਧਤਾ ਦੁਹਰਾਈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਸ਼ੇਸ਼ ਉੱਪਰਾਲਾ ਸਦਕਾ ਟਰੇਡਰਜ਼ ਕਮਿਸ਼ਨ ਗਠਿਤ ਕੀਤਾ ਗਿਆ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਰ ਛੋਟੇ-ਵੱਡੇ ਵਾਪਰੀ ਦੀਆਂ ਮੁਸ਼ਕਲਾਂ ਇਸ ਕਮਿਸ਼ਨ ਤਹਿਤ ਹੱਲ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਟਰੇਡਰਜ਼ ਕਮਿਸ਼ਨ ਦੇ ਬਲਾਕ ਪ੍ਰਧਾਨ ਜਸਵਿੰਦਰ ਸਿੰਘ, ਸੌਰਵ ਭਾਟੀਆ, ਮਨਜਿੰਦਰ ਸਿੰਘ, ਜਤਿੰਦਰ ਸਿੰਘ ਰਾਜਪੂਤ, ਰਾਹੁਲ ਅਰੋੜਾ, ਦਲਜਿੰਦਰ ਸੋਨੀ, ਅਸ਼ੀਸ਼ ਸ਼ਰਮਾ ਅਤੇ ਜਤਿੰਦਰ ਸਿੰਘ ਮੌਜੂਦ ਸਨ।

# ਸੀਨੀਅਰ ਪੱਤਰਕਾਰ ਵਰਿੰਦਰ ਸ਼ਰਮਾ ਦੀ ਕੁੱਟਮਾਰ ਦੇ ਮਾਮਲੇ 'ਚ ਪਰਚਾ ਦਰਜ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-** ਬੀਤੇ ਦਿਨੀਂ ਅਜਨਾਲਾ ਦੇ ਸੀਨੀਅਰ ਪੱਤਰਕਾਰ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਵਕਫ਼ ਬੋਰਡ ਦੀ ਲੀਜ 'ਤੇ ਲਈ ਹੋਈ ਜਗ੍ਹਾ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਨਾਜਾਇਜ਼ ਕਬਜ਼ਾ ਕਰਨ ਦੀ ਨੀਅਤ ਨਾਲ ਜਿੱਥੇ ਉਸ ਜਗ੍ਹਾ ਦੇ ਤਾਲੇ ਤੋੜ ਕੇ ਕੀਮਤੀ ਸਮਾਨ ਚੋਰੀ ਕੀਤਾ ਉੱਥੇ ਮੌਕੇ 'ਤੇ ਪਹੁੰਚੇ ਪੱਤਰਕਾਰ ਵਰਿੰਦਰ ਸ਼ਰਮਾ ਦੀ ਕੁੱਟਮਾਰ ਕਰਨ ਦਾ ਵੀ ਮਾਮਲਾ ਸਾਹਮਣੇ ਆਇਆ ਹੈ। ਇਸ ਸੰਬੰਧੀ ਅਜਨਾਲਾ ਦੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਵਰਿੰਦਰ ਸ਼ਰਮਾ ਦੇ ਹੱਕ ਵਿੱਚ ਖੜ੍ਹ ਕੇ ਜਿੱਥੇ ਆਪਸੀ ਏਕਤਾ ਦਾ ਸਬੂਤ ਦਿੱਤਾ ਉੱਥੇ ਅਜਨਾਲਾ ਦੇ ਐਸ ਐਚ ਓ ਨਰਿੰਦਰ ਸਿੰਘ ਨੂੰ ਮਿਲ ਕੇ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਪੱਤਰਕਾਰ ਵਰਿੰਦਰ ਸ਼ਰਮਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ 19 ਸਤੰਬਰ ਦੀ ਰਾਤ ਕਰੀਬ 10 ਵਜੇ ਸਨਮ ਪੁੱਤਰ ਅਸ਼ੋਕ ਕੁਮਾਰ ਵਾਸੀ ਅਜਨਾਲਾ, ਰਕੇਸ਼ ਕੁਮਾਰ ਪੁੱਤਰ ਸਾਈ ਦਾਸ ਹਣੀ ਫਰੂਟ ਵਾਲਾ ਪੁੱਤਰ ਬਾਊ ਪ੍ਰਦੀਪ ਕੁਮਾਰ ਉਰਫ ਪਿੰਨੀ ਪੁੱਤਰ ਵਰਿੰਦਰ ਕੁਮਾਰ ਵਾਸੀ ਵਾਰਡ ਨੰਬਰ ਚਾਰ ਅਜਨਾਲਾ ਹਰਜਿੰਦਰ ਸਿੰਘ ਉਰਫਣੀ ਪੁੱਤਰ ਲਖਵਿੰਦਰ ਸਿੰਘ ਵਿਸ਼ਾਲ ਅਰੋੜਾ ਅਤੇ ਸੋਨਾ ਪੁੱਤਰ ਅਸ਼ੋਕ ਅਰੋੜਾ ਸਮੇਤ 10-15 ਅਣਪਛਾਤੇ ਵਿਅਕਤੀਆਂ ਜਿਨ੍ਹਾਂ ਦੇ ਕੋਲ ਪਿਸਤੌਲ ਤੇ ਹੋਰ ਮਾਰੂ ਹਥਿਆਰ ਸਨ, ਨੇ ਮੇਰੇ ਵੱਲੋਂ ਵਕਫ਼ ਬੋਰਡ ਦੀ ਲੀਜ਼ 'ਤੇ ਲਈ ਹੋਈ ਇੱਕ ਕਨਾਲ 14 ਮਰਲੇ ਜਗ੍ਹਾ ਜਿਸ ਵਿੱਚ ਕਮਰੇ ਬਣੇ ਹੋਏ ਹਨ ਦੇ ਤਾਲੇ ਤੋੜ ਕੇ ਅੰਦਰ ਦਾਖਲ ਹੋ ਕੇ ਬਿਜਲੀ ਦੇ ਛੇ ਪੱਖੇ, ਮੋਟਰਾਂ, ਤਿੰਨ ਟੁੱਲੂ ਪੰਪ, ਬਿਜਲੀ ਦੀ ਤਾਰ ਦੇ ਦਸ ਬੰਡਲ, ਤਿੰਨ ਨਵੇਂ ਛੱਤ ਵਾਲੇ ਪੱਖੇ, ਇੱਕ ਸਟੈਂਡ ਵਾਲਾ ਪੱਖਾ ਤੇ ਹੋਰ ਬਿਜਲੀ ਦਾ



ਸਮਾਨ ਕੱਢ ਲਿਆ। ਇਸ ਸੰਬੰਧੀ ਪਤਾ ਲੱਗਣ 'ਤੇ ਜਦੋਂ ਮੈਂ ਘਟਨਾ ਸਥਾਨ 'ਤੇ ਪਹੁੰਚਿਆ ਤਾਂ ਉਕਤ ਵਿਅਕਤੀਆਂ ਨੇ ਮੇਰੇ ਨਾਲ ਕੁੱਟਮਾਰ ਕੀਤੀ ਅਤੇ ਪ੍ਰਦੀਪ ਕੁਮਾਰ ਉਰਫ ਪਿੰਨੀ ਵੱਲੋਂ ਮੇਰੇ ਗਲੇ ਵਿੱਚ ਪਾਈ ਹੋਈ ਡੇਢ ਤੋਲੇ ਸੋਨੇ ਦੀ ਚੈਨ ਵੀ ਖੋਹ ਲਈ। ਇਸ ਸੰਬੰਧੀ ਥਾਣਾ ਅਜਨਾਲਾ ਦੇ ਮੁੱਖ ਅਫਸਰ ਨਰਿੰਦਰ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਵਰਿੰਦਰ ਸ਼ਰਮਾ ਦੇ ਦਿੱਤੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੌਕੇ ਪੱਤਰਕਾਰ ਵਰਿੰਦਰ ਸ਼ਰਮਾ ਨਾਲ ਅਜਨਾਲਾ ਦੇ ਸਮੂਹ ਪੱਤਰਕਾਰ ਭਾਈਚਾਰੇ ਨੇ ਚਟਾਨ ਵਾਂਗ ਖੜ੍ਹੇ ਹੋ ਕੇ ਸਾਥ ਦਿੱਤਾ।

# ਪਿਆਰਾ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ ਕਰਵਾਇਆ

**ਮਜੀਠਾ (ਸੋਇਮ ਆਨੰਦ)** ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਵਡਾਲਾ ਦੇ ਪਿਤਾ ਸਵਰਗੀ ਪਿਆਰਾ ਸਿੰਘ, ਜੋ ਬੀਤੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਅਕਾਲ ਚਲਾਣਾ ਕਰ ਗਏ ਸਨ, ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਅਕਾਲਗੜ੍ਹ, ਫੈਜਪੁਰਾ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਕੀਰਤਨੀ ਜਥੇ ਵੱਲੋਂ ਵੈਰਾਗਮਈ ਕੀਰਤਨ ਰਾਹੀਂ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਗਿਆ ਅਤੇ ਸਵਰਗੀ ਪਿਆਰਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਸ਼ਰਧਾਂਜਲੀ ਸਮਾਗਮ ਵਿੱਚ ਵੱਖ-ਵੱਖ ਧਾਰਮਿਕ, ਸਮਾਜ ਸੇਵੀ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਸਮੁੱਚੇ ਪੱਤਰਕਾਰ ਭਾਈਚਾਰੇ ਨਾਲ ਸਬੰਧਤ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਦਿਆਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਪਰਿਵਾਰ ਵੱਲੋਂ ਪੱਤਰਕਾਰ ਕੁਲਦੀਪ ਸਿੰਘ ਕਾਹਲੋਂ ਨੇ ਸਮਾਗਮ ਵਿੱਚ ਪਹੁੰਚੀਆਂ ਸਮੂਹ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਰਿਸ਼ਤੇਦਾਰਾਂ, ਸਨੇਹੀਆਂ, ਮਿੱਤਰਾਂ ਅਤੇ ਪੱਤਰਕਾਰ ਭਾਈਚਾਰੇ ਵੱਲੋਂ ਪਰਵਾਰ ਨਾਲ ਖੜ੍ਹ ਕੇ ਦਿੱਤਾ ਗਿਆ ਸਹਿਯੋਗ ਹਮੇਸ਼ਾ ਯਾਦ ਰਹੇਗਾ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਦੇ ਭਰਾਤਾ ਅੰਮ੍ਰਿਤ ਕਲਸੀ, ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ



ਤਲਬੀਰ ਸਿੰਘ ਗਿੱਲ ਦੇ ਸਪੁੱਤਰ ਸਰਪ੍ਰੀਤ ਸਿੰਘ ਗਿੱਲ, ਸੁਖਦੀਪ ਸਿੰਘ ਗਿੱਲ ਮੈਂਬਰ ਚੀਫ ਖਾਲਸਾ ਦੀਵਾਨ, ਕਿਸਾਨ ਆਗੂ ਬਿਕਰਮਜੀਤ ਸਿੰਘ ਮਜੀਠਾ ਦਿਹਾਤੀ, ਬਚਿੱਤਰ ਸਿੰਘ ਲਾਲੀ ਢਿੰਗ ਨੰਗਲ, ਟੀ.ਐਸ.ਯੂ. ਦੇ ਸੂਬਾ ਪ੍ਰਧਾਨ ਕਿਸ਼ਨ ਸਿੰਘ ਔਲਖ, ਸੁਖਪਾਲ ਸਿੰਘ ਗਿੱਲ, ਰਘਬੀਰ ਸਿੰਘ ਮਜੀਠਾ, ਕੁੰਦਨ ਲਾਲ ਹਰੀਆਂ, ਸੀਨੀਅਰ ਪੱਤਰਕਾਰ ਜਗਤਾਰ ਸਿੰਘ ਸਹਿਮੀ, ਪ੍ਰਿਥੀਪਾਲ ਸਿੰਘ ਹਰੀਆਂ, ਮਿੱਤਰਪਾਲ ਸਿੰਘ ਰੰਧਾਵਾ, ਪ੍ਰੈਸ ਕਲੱਬ ਅੰਮ੍ਰਿਤਸਰ ਦੇ ਪ੍ਰਧਾਨ ਰਜੇਸ਼ ਗਿੱਲ, ਜਰਨੈਲ ਸਿੰਘ ਤੱਗੜ, ਸਤਪਾਲ ਸਿੰਘ ਢੱਡੇ, ਡਾਕਟਰ ਦਲਵਿੰਦਰ ਸਿੰਘ ਰੰਧਾਵਾ, ਮਾਸਟਰ ਭੁਪਿੰਦਰ ਸਿੰਘ ਕੱਥੂ ਨੰਗਲ, ਰਾਜਬੀਰ ਚਵਿੰਡਾ ਦੇਵੀ, ਜਗਤਾਰ ਸਿੰਘ ਛਿੱਤ, ਸੁਨੀਲ ਦੇਵਗਨ, ਪ੍ਰੀਤਮ ਸਿੰਘ, ਬਾਬਾ ਮੁਖਤਾਰ ਸਿੰਘ, ਸੋਇਮ ਅਨੰਦ, ਖੁਸ਼ਹਾਲ ਸੁੰਦਰ ਚਵਿੰਡਾ ਦੇਵੀ, ਵਿਕੀ ਭੰਡਾਰੀ, ਡਾ. ਦਿਦਾਰ ਸਿੰਘ, ਡਾਕਟਰ ਪਾਲ ਮਾਨ, ਸਵਿੰਦਰ ਸਿੰਘ ਵਡਾਲਾ, ਸੁਖਵਿੰਦਰ ਸਿੰਘ ਮਜੀਠਾ ਰੀਡਰ ਐਸਡੀਐਮ ਮਜੀਠਾ, ਡਾ. ਕਸ਼ਮੀਰ ਸਿੰਘ ਪੰਧੇਰ, ਚੇਅਰਮੈਨ ਯਾਦਵਿੰਦਰ ਸਿੰਘ ਪੰਧੇਰ, ਸਰਪੰਚ ਚਨਪ੍ਰੀਤ ਸਿੰਘ ਅਜੈਬ ਵਾਲੀ, ਸਰਪੰਚ ਚਰਨਜੀਤ ਸਿੰਘ ਵਡਾਲਾ, ਸਾਬਕਾ ਸਰਪੰਚ ਹਨੀ ਅਜਾਇਬ ਵਾਲੀ, ਚੌਂਕੀ ਇੰਚਾਰਜ ਚਮਿਆਰੀ ਜੋਗਿੰਦਰ ਸਿੰਘ ਭੋਮਾਂ, ਸੈਕਟਰੀ ਹਰਜਿੰਦਰ ਸਿੰਘ, ਨੰਗਲ ਪੰਨਵਾਂ, ਰਾਮਪਾਲ, ਕੌਂਸਲਰ ਰਾਜ ਕੁਮਾਰ, ਕੌਂਸਲਰ ਦਰਸ਼ਨ ਲਾਲ, ਸਰਪੰਚ ਹਰਗੁਰਿੰਦਰ ਮਾਨ, ਸਰਪੰਚ ਸੋਨਾ ਭੋਆ, ਸਰਪੰਚ ਗੁਰਪ੍ਰੀਤ ਹਾਂਸ, ਨਵਤੇਜ ਕੱਥੂ ਨੰਗਲ, ਜਗਦੀਸ਼ ਸਾਹਿਬਜ਼ਾਦਾ, ਸਰਪੰਚ ਰੇਸ਼ਮ ਸਿੰਘ ਝੰਡੇ, ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# ਗਨੀਵ ਕੌਰ ਮਜੀਠੀਆ ਕੈਥੋਲਿਕ ਚਰਚ ਵਿਖੇ ਹੋਏ ਨਤਮਸਤਕ

**ਮਜੀਠਾ/ ਕੱਥੂਨੰਗਲ (ਸੋਇਮ ਆਨੰਦ/ ਪ੍ਰੀਤਮ ਸਿੰਘ)-** ਵਿਧਾਨ ਸਭਾ ਹਲਕਾ ਮਜੀਠਾ ਦੇ ਵਿਧਾਇਕ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਧਰਮ ਪਤਨੀ ਗਨੀਵ ਕੌਰ ਮਜੀਠੀਆ ਆਪਣੇ ਸਾਥੀਆਂ ਸਮੇਤ ਫਜਲਾਂ ਦੀ ਰਾਣੀ ਕੈਥੋਲਿਕ ਚਰਚ ਆਬਾਦੀ ਰੋੜੀ ਮਜੀਠਾ ਵਿਖੇ ਨਤਮਸਤਕ ਹੋਏ। ਜਿਥੇ



ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦੀ ਚੜ੍ਹਦੀ ਕਲਾ, ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਦੁਆ ਕੀਤੀ। ਪੈਰਿਸ ਪਰੀਸ਼ਟ ਫਾਦਰ ਅਨੀਸ਼ ਨੇ ਮਜੀਠੀਆ ਪਰਵਾਰ, ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਵਰਕਰਾਂ ਦੀ ਚੜ੍ਹਦੀ ਕਲਾ ਵਾਸਤੇ ਪ੍ਰਭੂ ਯਿਸੂ ਮਸੀਹ ਦੇ ਚਰਨਾਂ ਵਿਚ ਦੁਆ ਕੀਤੀ। ਫਾਦਰ ਅਨੀਸ਼ ਨੇ ਗਨੀਵ ਕੌਰ ਮਜੀਠੀਆ ਅਤੇ ਉਨ੍ਹਾਂ ਨਾਲ ਆਏ ਪਤਵੰਤੇ ਵਿਅਕਤੀਆਂ ਨੂੰ ਸਨਮਾਨਤ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਮਜੀਠੀਆਂ ਨੇ ਕਿਹਾ ਕਿ ਸਾਰੇ ਧਰਮ ਇਨਸਾਨੀਅਤ ਦੀ ਭਲਾਈ ਅਤੇ ਸਤਿਕਾਰ ਕਰਨਾ ਸਿਖਾਉਂਦੇ ਹਨ ਅਤੇ ਇਨਸਾਨੀਅਤ ਦੇ ਨਾਤੇ ਸਭ ਦਾ ਸਤਿਕਾਰ ਕਰਨਾ ਸਿਖਾਉਂਦੇ ਹਨ। ਕੋਈ ਵੀ ਉਚਾ ਜਾਂ ਨੀਵਾਂ ਨਹੀਂ, ਸਾਰੇ ਇਨਸਾਨ ਬਰਾਬਰ ਹਨ, ਕੋਈ ਵੀ ਧਰਮ ਕਿਸੇ ਨਾਲ ਵੈਰ ਵਿਰੋਧ ਕਰਨਾ ਨਹੀਂ ਸਿਖਾਉਂਦਾ। ਸਾਨੂੰ ਸਭ ਨੂੰ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਇੱਕ ਦੂਸਰੇ ਦੇ ਕੰਮ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਭੂ ਯਿਸੂ ਮਸੀਹ ਨੇ ਮਨੁੱਖਤਾ ਨਾਲ ਪਿਆਰ ਕਰਨਾ ਹੀ ਸਿਖਾਇਆ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਫਜ਼ਲਾਂ ਦੀ ਰਾਣੀ ਕੈਥੋਲਿਕ ਚਰਚ ਮਜੀਠਾ ਵਿਖੇ ਆਪਣੇ ਪਰਵਾਰ ਦੀ ਖੁਸ਼ਹਾਲੀ, ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਅਤੇ ਸਮੁੱਚੀ ਮਾਨਵਤਾ ਦੀ ਭਲਾਈ ਲਈ ਪ੍ਰਭੂ ਯਿਸੂ ਮਸੀਹ ਜੀ ਦੇ ਚਰਨਾਂ ਵਿਚ ਅਰਦਾਸ ਕਰਕੇ ਆਏ ਹਨ । ਇਸ ਮੌਕੇ ਮਜੀਠੀਆ ਦੇ ਨਾਲ ਗਗਨਦੀਪ ਸਿੰਘ ਭਕਨਾ, ਐਡਵੋਕੇਟ ਰਾਕੇਸ਼ ਕੁਮਾਰ ਪ੍ਰਾਸ਼ਰ, ਅਮਨਦੀਪ ਗਿਲ ਸੁਪਾਰੀਵਿੰਡ ਜਥੇਬੰਦਕ ਸਕੱਤਰ ਸ਼੍ਰੋਮਣੀ ਅਕਾਲੀ ਦਲ, ਸਰਬਜੀਤ ਸਿੰਘ ਸੁਪਾਰੀਵਿੰਡ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਚਰਚ ਪ੍ਰਧਾਨ ਲਾਲ ਮਸੀਹ ਹਮਜਾ, ਸਰਪੰਚ ਰੋਜ਼ੀ ਗਿੱਲ ਸੁਪਾਰੀਵਿੰਡ, ਮਦਰ ਸਿਸਟਰ ਸ਼ੀਲਾ, ਪ੍ਰਿੰਸੀਪਲ ਸਿਸਟਰ ਵਿਲਫੀ, ਸਿਸਟਰ ਰੌਣਿਕਾ, ਸਿਸਟਰ ਜੂਲੀਅਟ, ਬਾਬਾ ਮਹਿੰਦਰ ਸਿੰਘ ਸਾਬਕਾ ਕੌਂਸਲਰ, ਕੁੱਕਾ ਮਸੀਹ ਸਾਬਕਾ ਕੌਂਸਲਰ, ਸੋਹਨ ਸਿੰਘ ਸਾਬਕਾ ਕੌਂਸਲਰ, ਭੁਪਿੰਦਰ ਸਿੰਘ ਮਜੀਠਾ ਦਿਹਾਤੀ, ਵਿਲਸਨ ਮਸੀਹ, ਨੌਬਲ ਸਹੋਤਾ ਵਡਾਲਾ, ਸਮੇਤ ਵੱਡੀ ਗਿਣਤੀ ਵਿਚ ਕਲੀਸੀਆ ਹਾਜ਼ਰ ਸਨ।

# ਰਮਨ ਬਹਿਲ ਨੇ ਹਯਾਤ ਨਗਰ 'ਚ ਈਸਾਈ ਧਰਮਸ਼ਾਲਾ ਹਾਲ ਦਾ ਰੱਖਿਆ ਨੀਂਹ ਪੱਥਰ

**ਗੁਰਦਾਸਪੁਰ (ਜਨਕ ਮਹਾਜਨ)-** ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਵਲੋਂ ਆਪਣੀ ਕਰਮਭੂਮੀ ਪਿੰਡ ਹਯਾਤਨਗਰ ਵਿਖੇ ਈਸਾਈ ਭਾਈਚਾਰੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦਿਆਂ ਈਸਾਈ ਧਰਮਸ਼ਾਲਾ ਹਾਲ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ। ਇਹ ਹਾਲ 19.5 ਲੱਖ ਰੁਪਏ ਦੀ ਲਾਗਤ ਨਾਲ 1575 ਵਰਗ ਫੁੱਟ ਖੇਤਰ ਵਿਚ ਤਿਆਰ ਕੀਤਾ ਜਾਵੇਗਾ। ਇਸ ਮੌਕੇ ਰਮਨ ਬਹਿਲ ਨੇ ਕਿਹਾ ਕਿ ਇਹ ਪਿੰਡ ਮੇਰਾ ਹੈ ਅਤੇ ਮੈਨੂੰ ਤੇ ਮੇਰੇ ਪਰਵਾਰ ਨੂੰ ਇਸ ਪਿੰਡ ਨੇ ਬਹੁਤ ਕੁਝ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਯਾਤਨਗਰ ਵਿਖੇ ਬਣਨ ਵਾਲਾ ਇਹ ਧਰਮਸ਼ਾਲਾ ਹਾਲ ਪਿੰਡ ਵਾਸੀਆਂ ਲਈ ਮਹੱਤਵਪੂਰਨ ਸਹੂਲਤ ਸਾਬਤ ਹੋਵੇਗਾ, ਜਿੱਥੇ ਧਾਰਮਿਕ, ਸਮਾਜਿਕ ਅਤੇ ਹੋਰ ਸਮਾਗਮ ਕਰਵਾਏ ਜਾ ਸਕਣਗੇ। ਰਮਨ ਬਹਿਲ ਨੇ ਦੱਸਿਆ ਕਿ ਈਸਾਈ ਧਰਮਸ਼ਾਲਾ ਹਾਲ ਲਈ 19.5 ਲੱਖ ਰੁਪਏ ਪੰਜਾਬ ਨਿਰਮਾਣ ਯੋਜਨਾ ਵਿਕਾਸ ਸਕੀਮ ਤਹਿਤ ਮੁੱਖ ਮੰਤਰੀ ਪੰਜਾਬ ਵਲੋਂ ਪਿੰਡ ਹਯਾਤਨਗਰ ਨੂੰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਨੌਜਵਾਨਾਂ ਲਈ 29 ਖੇਡ ਮੈਦਾਨ ਤਿਆਰ ਕਰਵਾਏ ਗਏ ਹਨ, ਤਾਂ ਜੋ ਨੌਜਵਾਨ ਖੇਡਾਂ ਨਾਲ ਜੁੜ ਕੇ ਆਪਣੀ ਊਰਜਾ ਨੂੰ ਸਹੀ ਦਿਸ਼ਾ ਵਿੱਚ



ਲਗਾ ਸਕਣ। ਬਹਿਲ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਰਕਾਰ ਦੇ ਨਾਲ-ਨਾਲ ਮਾਪਿਆਂ, ਪੰਚਾਇਤਾਂ ਅਤੇ ਸਮਾਜ ਦੇ ਹਰੇਕ ਵਰਗ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਰਮਨ ਬਹਿਲ ਨੇ ਕਿਹਾ ਕਿ ਭਾਜਪਾ ਨੂੰ ਪੰਜਾਬ ਵਿੱਚ ਨਸ਼ਾ ਮੁਕਤ ਯਾਤਰਾ ਕੱਢਣ ਤੋਂ ਪਹਿਲਾਂ ਆਪਣੇ ਘਰ ਵੱਲ ਵੀ ਦੇਖਣਾ ਚਾਹੀਦਾ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਸੰਬੰਧੀ ਰਮਨ ਬਹਿਲ ਨੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਬਿਨਾਂ ਵਿਧਾਇਕ ਬਣੇ ਵੀ ਹਲਕੇ ਦੇ ਵਿਕਾਸ ਲਈ ਲਗਾਤਾਰ ਕੰਮ ਕਰਵਾਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੇ ਹੁਣ ਤੱਕ ਉਨ੍ਹਾਂ ਵਲੋਂ ਕਰਵਾਏ ਕੰਮ ਆਪਣੀਆਂ ਅੱਖਾਂ ਨਾਲ ਦੇਖੇ ਹਨ ਅਤੇ ਹੁਣ ਇੱਕ ਵਾਰ ਉਨ੍ਹਾਂ 'ਤੇ ਵਿਸ਼ਵਾਸ ਕਰਕੇ ਉਨ੍ਹਾਂ ਨੂੰ 2027 ਵਿੱਚ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣ। ਇਸ ਮੌਕੇ ਐਸ.ਡੀ.ਓ. ਮੰਡੀ ਬੋਰਡ ਗੁਰਦਾਸਪੁਰ ਰਾਕੇਸ਼ ਕੁਮਾਰ, ਚੇਅਰਮੈਨ ਬਲਾਕ ਸੰਮਤੀ ਰਣਜੀਤ ਸਿੰਘ ਰਾਣਾ, ਕ੍ਰਿਸਚਨ ਵੈਲਫੇਅਰ ਦੇ ਚੇਅਰਮੈਨ ਅਜੀਤ ਮਸੀਹ, ਜ਼ਿਲ੍ਹਾ ਸੈਕਟਰੀ ਜਗਜੀਤ ਸਿੰਘ ਪਿੰਟਾ, ਸਰਪੰਚ ਗੁਰਜੀਵ ਸਿੰਘ ਟਿੰਕੂ ਬੱਬਰੀ, ਸੰਦੀਪ ਸ਼ੇਰਾ, ਉਂਕਾਰ ਸਿੰਘ ਸਰਪੰਚ ਹਯਾਤਨਗਰ, ਸਮੂਹ ਗ੍ਰਾਮ ਪੰਚਾਇਤ ਹਯਾਤਨਗਰ, ਪ੍ਰਭਦਿਆਲ ਬਲਾਕ ਸੰਮਤੀ ਮੈਂਬਰ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਇਸ ਮੌਕੇ ਪਿੰਡ ਵਾਸੀਆਂ ਅਤੇ ਈਸਾਈ ਭਾਈਚਾਰੇ ਵਲੋਂ ਧਰਮਸ਼ਾਲਾ ਹਾਲ ਦੀ ਉਸਾਰੀ ਲਈ ਪੰਜਾਬ ਸਰਕਾਰ, ਪੰਜਾਬ ਮੰਡੀ ਬੋਰਡ ਅਤੇ ਰਮਨ ਬਹਿਲ ਦਾ ਧੰਨਵਾਦ ਕੀਤਾ ਗਿਆ।

# ਸ੍ਰੀ ਰਾਧਾ ਅਸ਼ਟਮੀ ਦਾ ਪਵਿੱਤਰ ਤਿਉਹਾਰ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ

**ਮਜੀਠਾ (ਸੋਇਮ ਆਨੰਦ)** ਸ੍ਰੀ ਵ੍ਰਿੰਦਾਵਨ ਸੇਵਾ ਸੁਸਾਇਟੀ ਵੱਲੋਂ ਦਾਣਾ ਮੰਡੀ ਮਜੀਠਾ ਨੇੜੇ ਮਜੀਠਾ ਪੈਲੇਸ ਵਿਖੇ ਸ੍ਰੀ ਰਾਧਾ ਅਸ਼ਟਮੀ ਦਾ ਪਵਿੱਤਰ ਤਿਉਹਾਰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਸ਼ਰਧਾਲੂਆਂ ਨੇ ਸ੍ਰੀ ਰਾਧਾ ਰਾਣੀ ਦੇ ਚਰਨਾਂ ਵਿੱਚ ਖੁਸ਼ੀ, ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ।

ਸ਼ਾਮ 7 ਵਜੇ ਸ਼ੁਰੂ ਹੋਏ ਇਸ ਪ੍ਰੋਗਰਾਮ ਵਿੱਚ ਮਜੀਠਾ ਦੇ ਜਾਨਕੀ ਮੰਦਰ ਦੇ ਪੰਡਿਤ ਓਮ ਪ੍ਰਕਾਸ਼ ਸ਼ਾਸਤਰੀ ਅਤੇ ਸ੍ਰੀ ਵ੍ਰਿੰਦਾਵਨ ਸੇਵਾ ਸੁਸਾਇਟੀ ਦੇ ਹਰੀ ਨਾਮ ਸੰਕੀਰਤਨ ਦੇ ਮੈਂਬਰਾਂ ਨੇ ਰਾਧਾ ਰਾਣੀ ਦੇ ਭਜਨ ਗਾਇਨ ਕਰਕੇ ਸ਼ਰਧਾਲੂਆਂ ਨੂੰ ਸ਼ਰਧਾ ਵਿੱਚ ਲੀਨ ਕੀਤਾ।

ਸ੍ਰੀ ਵ੍ਰਿੰਦਾਵਨ ਸੇਵਾ ਸੁਸਾਇਟੀ ਹਰੀ ਨਾਮ ਸੰਕੀਰਤਨ ਦੇ ਮੈਂਬਰਾਂ ਰਾਹੀਂ ਲੋੜਵੰਦਾਂ ਨੂੰ ਮੁਫ਼ਤ ਸਹਾਇਤਾ ਵੀ ਪ੍ਰਦਾਨ ਕਰਦੀ ਹੈ। ਇਸ ਸਮਾਗਮ ਦੌਰਾਨ, ਮਜੀਠਾ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਵਫ਼ਦਾਂ ਨੇ ਵੀ ਸ੍ਰੀ ਰਾਧਾ ਰਾਣੀ ਦੇ ਚਰਨਾਂ ਵਿੱਚ ਮੱਥਾ ਟੇਕਿਆ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਹਾਜ਼ਰੀਨ ਨੂੰ ਲੰਗਰ ਪ੍ਰਸ਼ਾਦ ਵੰਡਿਆ ਗਿਆ।

# ਰੰਧਾਵਾ ਦੀ ਪ੍ਰਧਾਨਗੀ ਹੇਠ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮੀਟਿੰਗ



**ਗੁਰਦਾਸਪੁਰ (ਜਨਕ ਮਹਾਜਨ)-** ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿੰਡਾਂ ਦੇ ਸਰਪੰਚ ਸਾਹਿਬਾਨ ਨਾਲ ਅਹਿਮ ਮੀਟਿੰਗ ਕੀਤੀ। ਇਸ ਮੌਕੇ ਐੱਸ ਡੀ ਐਮ ਲਛਮਣ ਸਿੰਘ, ਐਸ.ਐਚ.ਓ. ਡੇਰਾ ਬਾਬਾ ਨਾਨਕ ਸਮੇਤ ਪਿੰਡਾਂ ਦੇ ਸਰਪੰਚ ਸਾਹਿਬਾਨ ਹਾਜ਼ਰ ਸਨ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਮੌਕੇ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹ ਤੋਂ ਖਤਮ ਕਰਨ, ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਪਿੰਡ ਪੱਧਰ 'ਤੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਨਸ਼ਿਆਂ ਵਿਰੁੱਧ ਲੜਾਈ ਵਿੱਚ ਪੰਚਾਇਤਾਂ, ਪ੍ਰਸ਼ਾਸਨ ਅਤੇ ਪੁਲਸ ਦੇ ਸਾਂਝੇ ਯਤਨਾਂ ਦੀ ਮਹੱਤਤਾ 'ਤੇ ਵੀ ਚਰਚਾ ਹੋਈ। ਉਨ੍ਹਾਂ ਕਿਹਾ ਕਿ ਆਓ, ਸਾਰੇ ਮਿਲ ਕੇ ਨਸ਼ਿਆਂ ਵਿਰੁੱਧ ਇੱਕਜੁੱਟ ਹੋਈਏ ਅਤੇ ਆਪਣੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਬਣਾਈਏ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਦੇ ਸਾਰੇ ਵਲੰਟੀਅਰਜ਼, ਵਿਲੇਜ ਅਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਵੱਲੋਂ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਬੜੀ ਸਰਗਰਮੀ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਨਸ਼ਿਆਂ ਵਿਰੁੱਧ ਹੋਰ ਜਾਗਰੂਕਤਾ ਮੁਹਿੰਮ, ਸੈਮੀਨਾਰ ਅਤੇ ਕੈਂਪ ਵੱਡੇ ਪੱਧਰ 'ਤੇ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਇਸ ਮੁਹਿੰਮ ਨਾਲ ਜੋੜਿਆ ਜਾ ਸਕੇ।

# ਕੀਰਤਨ ਤੇ ਹਵਨ ਯੱਗ ਕਰਵਾਇਆ



**ਛੇਹਰਟਾ, (ਮਨੋਜ ਕੁਮਾਰ)-** ਰਾਧਾ ਅਸ਼ਟਮੀ ਦੇ ਮੌਕੇ ਪ੍ਰਸਿੱਧ ਗਾਇਕ ਨਵਲ ਵਰਮਾ ਨੇ ਤਿਲਕ ਨਗਰ, ਸ਼ਿਵਾਲਾ ਰੋਡ ਸਥਿਤ ਆਪਣੇ ਨਿਵਾਸ ਸਥਾਨ 'ਤੇ ਕੀਰਤਨ ਤੇ ਹਵਨ ਯੱਗ ਧੂਮਧਾਮ ਨਾਲ ਕਰਵਾਇਆ। ਇਸ ਮੌਕੇ ਉੱਤਰੀ ਹਲਕੇ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ। ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਟੀਮ ਦੇ ਮੈਂਬਰ ਅਨੁਜ ਖੇਮਕਾ, ਸਮਾਜ ਸੇਵਕ ਅਸ਼ਵਨੀ ਜੋਸ਼ੀ, ਅਮਨ ਸ਼ਰਮਾ, ਸ਼ੰਕਰ ਅਰੋੜਾ ਆਦਿ ਵੱਲੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਸਨਮਾਨਤ ਕੀਤਾ ਗਿਆ। ਉਪਰੰਤ ਲੰਗਰ ਵੀ ਵੰਡਿਆ ਗਿਆ।

# ਮਾਰਕੀਟ ਕਮੇਟੀ ਦੇ ਨਵੇਂ ਚੇਅਰਮੈਨ ਸਮੀਰ ਸ਼ਾਰਦਾ ਨੇ ਸੰਭਾਲਿਆ ਅਹੁਦਾ

**ਪਠਾਨਕੋਟ (ਦਵਿੰਦਰ ਸਿੰਘ)-** ਮਾਰਕੀਟ ਕਮੇਟੀ ਪਠਾਨਕੋਟ ਦੇ ਦਫ਼ਤਰ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਸਮੀਰ ਸ਼ਾਰਦਾ ਨੇ ਮਾਰਕੀਟ ਕਮੇਟੀ ਪਠਾਨਕੋਟ ਦੇ ਨਵੇਂ ਚੇਅਰਮੈਨ ਵਜੋਂ ਬਕਾਇਦਾ ਅਹੁਦਾ ਸੰਭਾਲਿਆ ਅਤੇ ਸਹੁੰ ਚੁੱਕੀ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਸਮੇਤ ਆਮ ਆਦਮੀ ਪਾਰਟੀ ਦੇ ਆਗੂਆਂ, ਵਰਕਰਾਂ ਅਤੇ ਇਲਾਕਾ ਵਾਸੀਆਂ ਨੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੱਤੀ।ਇਸ ਮੌਕੇ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਸਭ ਤੋਂ ਪਹਿਲਾਂ ਉਹ ਬਾਬਾ ਸ੍ਰੀ ਚੰਦ ਜੀ ਦੇ 532ਵੇਂ ਜਨਮ ਦਿਹਾੜੇ ਦੀਆਂ ਵੀ ਸਮੂਹ ਹਾਜ਼ਰੀਨ ਨੂੰ ਮੁਬਾਰਕਾਂ ਦਿੰਦੇ ਹਨ। ਮੈਂ ਸਮੀਰ ਸ਼ਾਰਦਾ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁੱਭਕਾਮਨਾਵਾਂ ਦਿੰਦਾ ਹਾਂ। ਇਸ ਮੌਕੇ ਪਾਰਟੀ ਹਾਈਕਮਾਨ, ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮੁੱਚੀ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਵੀ ਕੀਤਾ ਗਿਆ। ਇਸ ਮੌਕੇ ਸਮੀਰ ਸ਼ਾਰਦਾ ਨੇ ਮਾਰਕੀਟ ਕਮੇਟੀ ਪਠਾਨਕੋਟ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ ਮੈਂ ਪਾਰਟੀ ਹਾਈਕਮਾਨ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ,



ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਹੋਰ ਸੀਨੀਅਰ ਆਗੂਆਂ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਅਹੁਦਾ ਸੰਭਾਲਣ ਮੌਕੇ ਪਹੁੰਚੇ ਸਾਰੇ ਚੇਅਰਮੈਨਾਂ, ਇੰਚਾਰਜਾਂ, ਪਾਰਟੀ ਵਰਕਰਾਂ ਅਤੇ ਸਮਰਥਕਾਂ ਦਾ ਵੀ ਧੰਨਵਾਦ ਕੀਤਾ।ਇਸ ਮੌਕੇ ਮਾਝਾ ਜ਼ੋਨ ਇੰਚਾਰਜ ਅਤੇ ਪੰਜਾਬ ਵੇਅਰਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਗੁਰਦੇਵ ਸਿੰਘ ਲਾਖਨਾ, ਲੋਕ ਸਭਾ ਇੰਚਾਰਜ ਅਤੇ ਚੇਅਰਮੈਨ ਰਾਜੀਵ ਸ਼ਰਮਾ, ਜ਼ਿਲ੍ਹਾ ਪ੍ਰਧਾਨ ਅਮਨਦੀਪ ਸਿੰਘ ਸੰਧੂ, ਹਲਕਾ ਇੰਚਾਰਜ ਸੁਜਾਨਪੁਰ ਡਾ. ਸਵਰਨ ਸਿੰਘ ਸਲਾਰੀਆ, ਹਲਕਾ ਇੰਚਾਰਜ ਪਠਾਨਕੋਟ ਰੋਹਿਤ ਸਿਆਲ, ਇੰਪਰੂਵਮੈਂਟ ਟਰੱਸਟ ਪਠਾਨਕੋਟ ਦੇ ਚੇਅਰਮੈਨ ਸੌਰਭ ਬਹਿਲ, ਮਾਝਾ ਜ਼ੋਨ ਮਹਿਲਾ ਵਿੰਗ ਇੰਚਾਰਜ ਸ੍ਰੀਮਤੀ ਰੇਖਾ ਮਣੀ ਸ਼ਰਮਾ, ਮਾਝਾ ਜ਼ੋਨ ਐੱਸ.ਸੀ. ਵਿੰਗ ਇੰਚਾਰਜ ਠੇਕੇਦਾਰ ਅਮਰਜੀਤ ਸਿੰਘ, ਬੀ.ਸੀ. ਵਿੰਗ ਮਾਝਾ ਜ਼ੋਨ ਇੰਚਾਰਜ ਨਰੇਸ਼ ਸੈਣੀ, ਬਲਾਕ ਸਮਿਤੀ ਚੇਅਰਮੈਨ ਪਵਨ ਕੁਮਾਰ, ਬਲਾਕ ਸਮਿਤੀ ਚੇਅਰਮੈਨ ਸ੍ਰੀਮਤੀ ਗੀਤਾ, ਜ਼ਿਲ੍ਹਾ ਪਰਿਸ਼ਦ ਦੇ ਵਾਈਸ ਚੇਅਰਮੈਨ ਸਾਹਿਬ ਸਿੰਘ ਸਾਬਾ, ਸਤੀਸ਼ ਮਹਿੰਦਰੂ ਚੇਅਰਮੈਨ ਦਾ ਹਿੰਦੂ ਕੋਆਪਰੇਟਿਵ ਬੈਂਕ, ਵਿਨੋਦ ਮਹਾਜਨ ਉਪ ਚੇਅਰਮੈਨ, ਕੌਂਸਲਰ ਸ੍ਰੀ ਸੁਰਿੰਦਰ ਰਾਹੀ, ਕੌਂਸਲਰ ਸ੍ਰੀ ਕਮਲ ਤੇਜੀ, ਕੌਂਸਲਰ ਰਾਹੁਲ ਬਰਾੜ, ਕੌਂਸਲਰ ਸੁਸ਼ਮਾ, ਦੀਪਕ ਸ਼ਰਮਾ, ਦੀਪ ਮਹਿਰਾ ਆਦਿ ਹਾਜ਼ਰ ਸਨ।

# ਰਮਨ ਬਹਿਲ ਨੇ ਤਿੱਬੜ ਤੋਂ ਮੁੱਖ ਮੰਤਰੀ ਸਿਹਤ ਯੋਜਨਾ ਦੇ ਸਿਹਤ ਕਾਰਡ ਵੰਡਣ ਦੀ ਕਰਵਾਈ ਸ਼ੁਰੂਆਤ

**ਗੁਰਦਾਸਪੁਰ, (ਦਿਨੇਸ਼ ਕੁਮਾਰ) -** ਪੰਜਾਬ ਦੇ ਹਰ ਨਾਗਰਿਕ ਨੂੰ ਮਿਆਰੀ ਅਤੇ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਗਈ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਪਿੰਡ ਤਿੱਬੜ ਦੇ ਬਾਬਾ ਤਾਰਾ ਗੁਰੂ ਜੀ ਮੰਦਰ ਤੋਂ ਲਾਭਪਾਤਰੀਆਂ ਨੂੰ ਸਿਹਤ ਕਾਰਡ ਵੰਡਣ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਹਲਕਾ ਇੰਚਾਰਜ ਵਿਧਾਨ ਸਭਾ ਹਲਕਾ ਗੁਰਦਾਸਪੁਰ ਰਮਨ ਬਹਿਲ ਵੱਲੋਂ ਲਾਭਪਾਤਰੀਆਂ ਨੂੰ ਸਿਹਤ ਕਾਰਡ ਸੌਂਪੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਮਨ ਬਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਾਲ 2022 ਵਿੱਚ ਪੰਜਾਬ ਦੇ ਲੋਕਾਂ ਨਾਲ ਕੀਤੀਆਂ ਗਈਆਂ ਗਾਰੰਟੀਆਂ ਨੂੰ ਪੂਰਾ ਕਰਨ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਨੂੰ ਇਸ ਗੱਲ ਦਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ 'ਮੁੱਖ ਮੰਤਰੀ ਸਿਹਤ ਯੋਜਨਾ' ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ ਜਾ ਰਿਹਾ ਹੈ। ਰਮਨ ਬਹਿਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਬਿਹਤਰ ਅਤੇ ਮੁਫ਼ਤ ਸਿਹਤ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਪੰਜਾਬ ਦੇ ਮੁੱਖ ਮੰਤਰੀ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਆਪਣੇ ਮੋਢਿਆਂ 'ਤੇ ਲਈ ਗਈ ਹੈ। ਉਨ੍ਹਾਂ ਇਸ ਯੋਜਨਾ ਨੂੰ ਪੰਜਾਬ ਦੇ ਸਿਹਤ ਖੇਤਰ ਵਿੱਚ ਇੱਕ ਮਹੱਤਵਪੂਰਨ ਪਹਿਲਕਦਮੀ



ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਅਰਵਿੰਦ ਕੇਜਰੀਵਾਲ ਅਤੇ ਸਮੁੱਚੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ।

ਉਨ੍ਹਾਂ ਦੱਸਿਆ ਕਿ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਮੁਹੱਈਆ ਕਰਵਾਉਣ ਦੀ ਵਿਵਸਥਾ ਕੀਤੀ ਗਈ ਹੈ। ਯੋਜਨਾ ਤਹਿਤ 900 ਤੋਂ ਵੱਧ ਸਰਕਾਰੀ ਅਤੇ ਨਿੱਜੀ ਸੂਚੀਬੱਧ ਹਸਪਤਾਲਾਂ ਵਿੱਚ ਵੱਖ-ਵੱਖ ਬਿਮਾਰੀਆਂ ਦੇ ਇਲਾਜਾਂ ਲਈ ਸਹੂਲਤਾਂ ਉਪਲਬਧ ਹਨ। ਇਸ ਯੋਜਨਾ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਆਰਥਿਕ ਤੰਗੀ ਕਾਰਨ ਪੰਜਾਬ ਦਾ ਕੋਈ ਵੀ ਨਾਗਰਿਕ ਇਲਾਜ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ ਪਿੰਡ ਤਿੱਬੜ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਰੀਬ 3,000 ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਹੋਈ ਸੀ, ਜਿਨ੍ਹਾਂ ਵਿੱਚੋਂ ਕਰੀਬ 2,600 ਲਾਭਪਾਤਰੀਆਂ ਦੇ ਸਿਹਤ ਕਾਰਡ ਪਿੰਡ ਵਿੱਚ ਪਹੁੰਚ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਬਾਕੀ ਰਹਿੰਦੇ ਲਾਭਪਾਤਰੀਆਂ ਦੇ ਕਾਰਡ ਵੀ ਜਲਦ ਪ੍ਰਾਪਤ ਹੋ ਜਾਣਗੇ ਅਤੇ ਉਨ੍ਹਾਂ ਨੂੰ ਵੀ ਵੰਡੇ ਜਾਣਗੇ। ਇਸ ਮੌਕੇ ਐਸ.ਐਮ.ਓ. ਡਾ. ਅੰਕੁਰ ਕੁਸ਼ਲ, ਡਾ. ਸੁਰੇਸ਼ ਕੁਮਾਰ, ਬਲਾਕ ਸੰਮਤੀ ਮੈਂਬਰ ਮਨਮੋਹਨ ਰਾਏ, ਬਲਾਕ ਪ੍ਰਧਾਨ ਰਾਜੇਸ਼ ਕੁਮਾਰ, ਹੈਲਥ ਇੰਸਪੈਕਟਰ ਰਣਜੀਤ ਸਿੰਘ, ਹੈਲਥ ਵਰਕਰ ਅਮੋਲਕ ਸਿੰਘ, ਸਿਹਤ ਕਰਮਚਾਰੀ ਹਰਪਾਲ ਸਿੰਘ, ਗੁਰਵਿੰਦਰ ਸਿੰਘ, ਪਿੰਡ ਤਿੱਬੜ ਦੇ ਮੌਜੂਦਾ ਮੈਂਬਰ ਪੰਚਾਇਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲਾਭਪਾਤਰੀ ਅਤੇ ਪਿੰਡ ਵਾਸੀ ਹਾਜ਼ਰ ਸਨ।

# ਅਸੀਂ ਅਤੇ ਸਾਡੀਆਂ ਸੋਚਾਂ ਦਾ ਸੰਸਾਰ



ਗੁਰਚਰਨ ਸਿੰਘ ਨੂਰਪੁਰ

ਉਸਾਰੂ ਸੋਚ ਇੱਕ ਅਜਿਹਾ ਪਾਰਸ ਹੁੰਦਾ ਹੈ, ਜਿਸ ਨਾਲ ਹਰ ਲੋਹੇ ਨੂੰ ਸੋਨੇ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਦੀ ਸਾਡੀ ਸੋਚ ਹੋਵੇਗੀ, ਉਸ ਤਰ੍ਹਾਂ ਦਾ ਸਾਡਾ ਜੀਵਨ ਬਣਦਾ ਜਾਵੇਗਾ। ਚੰਗੀਆਂ ਸੋਚਾਂ ਦੇ ਸੰਚਾਰ ਲਈ ਦੋ ਚੀਜਾਂ ਬੜੀਆਂ ਜ਼ਰੂਰੀ ਹਨ, ਇੱਕ ਤਾਂ ਇਹ ਸਾਡੇ ਕੋਲ ਚੰਗੇ ਵਿਚਾਰਾਂ ਦੇ ਸਰੋਤ ਹੋਣ, ਜਿਵੇਂ ਅਸੀਂ ਚੰਗੇ ਲੇਖਕਾਂ, ਵਿਦਵਾਨਾਂ, ਚੰਗੀਆਂ ਕਿਤਾਬਾਂ, ਰਚਨਾਵਾਂ ਪੜ੍ਹੀਏ ਤੇ ਚੰਗੀਆਂ ਸੋਚਾਂ ਗ੍ਰਹਿਣ ਕਰੀਏ। ਦੂਜਾ ਇਹ ਕਿ ਅਸੀਂ ਆਪਣੇ ਮਨ ਦੇ ਮਾਲਕ ਆਪ ਬਣਨਾ ਸਿੱਖ ਜਾਈਏ। ਆਪਣੇ ਮਨ ਨੂੰ ਕਮਾਂਡ ਦੇਣੀ ਸਿੱਖ ਜਾਈਏ।

ਇੱਕ ਰਾਜਾ ਜੋ ਬਹੁਤ ਬਹਾਦਰ ਸੀ, ਆਪਣੇ ਦੇਸ਼ ਦੀ ਆਨ ਤੇ ਸ਼ਾਨ ਲਈ ਉਹ ਕਈ ਵਾਰ ਆਪਣੀ ਫੌਜ ਦੇ ਅੱਗੇ ਹੋ ਕੇ ਲੜਿਆ ਸੀ, ਬਹੁਤ ਉਦਾਸ ਰਹਿਣ ਲੱਗਿਆ। ਜੰਗ ਵਿੱਚ ਇੱਕ ਤੀਰ ਵੱਜਣ ਨਾਲ ਉਹਦੀ ਅੱਖ ਚਲੀ ਗਈ ਸੀ ਅਤੇ ਜੰਗ ਵਿੱਚ ਪੈਰ 'ਤੇ ਗਹਿਰੀ ਸੱਟ ਲੱਗਣ ਨਾਲ ਪਿੰਜਣੀ ਤੋਂ ਹੇਠਾਂ ਉਸ ਦਾ ਪੈਰ ਕੱਟਣਾ ਪਿਆ ਸੀ। ਉਹਦੀ ਪ੍ਰੇਸ਼ਾਨੀ ਦਾ ਕਾਰਨ ਇਹ ਸੀ ਕਿ ਇੱਕ ਦਿਨ ਉਹ ਆਪਣੇ ਖਾਨਦਾਨ ਦੀਆਂ ਤਸਵੀਰਾਂ ਵਾਲੇ ਰਾਜ ਭਵਨ ਦੇ ਮਿਊਜ਼ੀਅਮ ਵਿੱਚ ਗਿਆ। ਉਸ ਨੇ ਆਪਣੇ ਉੱਚ ਖਾਨਦਾਨ, ਆਪਣੇ ਪਿਉ-ਦਾਦੇ ਅਤੇ ਉਹਨਾਂ ਦੇ ਵੱਡੇ-ਵਡੇਰਿਆਂ ਦੀਆਂ ਵੱਡੀਆਂ ਤਸਵੀਰਾਂ ਸਿਲਸਿਲੇਵਾਰ ਲੱਗੀਆ ਮਿਊਜ਼ੀਅਮ ਵਿੱਚ ਦੇਖੀਆਂ। ਇਹ ਤਸਵੀਰਾਂ ਬੜੀਆਂ ਸ਼ਾਨਦਾਰ ਸਨ ਬੜੇ ਵੱਡੇ ਚਿੱਤਰਕਾਰਾਂ ਨੇ ਇਹਨਾਂ ਨੂੰ ਚਿਤਰਿਆ ਸੀ। ਰਾਜੇ ਦੇ ਬਾਪ ਦੀ ਤਸਵੀਰ ਤੋਂ ਅੱਗੇ ਕੋਈ ਹੋਰ ਤਸਵੀਰ ਨਹੀਂ ਸੀ, ਇਹ ਥਾਂ ਖਾਲੀ ਸੀ। ਜ਼ਾਹਿਰ ਸੀ ਕਿ ਇੱਥੇ ਰਾਜੇ ਦੀ ਤਸਵੀਰ ਲਾਈ ਜਾਣੀ ਸੀ। ਰਾਜੇ ਨੂੰ ਫਿਕਰ ਹੋ ਗਿਆ ਕਿ ਜਿੱਥੇ ਏਨੇ ਮਹਾਨ ਖਾਨਦਾਨ ਦੇ ਸ਼ਾਨਦਾਰ ਰਾਜਿਆਂ-ਮਹਾਂਰਾਜਿਆਂ ਦੀਆਂ ਤਸਵੀਰਾਂ ਹਨ, ਇੱਥੇ ਮੇਰੇ ਬਾਪ ਤੋਂ ਅਗਾਂਹ ਖਾਲੀ ਪਈ ਥਾਂ 'ਤੇ ਉਸ ਦੀ ਤਸਵੀਰ ਲੱਗੇਗੀ ਤਾਂ ਇਹ ਤਸਵੀਰ ਸਾਰੇ ਮਿਊਜ਼ੀਅਮ ਦੀ ਦਿੱਖ ਖਰਾਬ ਕਰ ਦੇਵੇਗੀ, ਕਿਉਂਕਿ ਉਹਦੀ ਇੱਕ ਅੱਖ ਦਾ ਨਾ ਹੋਣਾ ਉਹਦੇ ਚਿਹਰੇ ਨੂੰ ਕਰੂਪ ਕਰਦਾ ਸੀ, ਇੱਕ ਪੈਰ ਦਾ ਨਾ ਹੋਣਾ ਉਹਦੀ ਸਰੀਰਕ ਦਿੱਖ ਨੂੰ ਖਰਾਬ ਕਰ ਰਿਹਾ ਸੀ। ਉਸ ਨੇ ਆਪਣੀ ਉਦਾਸੀ ਦੀ ਗੱਲ ਇੱਕ ਆਪਣੇ ਨੇੜਲੇ ਮਿੱਤਰ ਮੰਤਰੀ ਨੂੰ ਦੱਸੀ। ਮੰਤਰੀ ਨੇ ਅਗਲੇ ਦਿਨ ਰਾਜ ਵਿੱਚ ਇਹ ਢੰਡੋਰਾ ਪਿਟਵਾ ਦਿੱਤਾ ਕਿ ਰਾਜ ਦਾ ਜਿਹੜਾ ਚਿੱਤਰਕਾਰ ਰਾਜੇ ਦੀ ਸਭ ਤੋਂ ਖੂਬਸੂਰਤ ਤਸਵੀਰ ਬਣਾ ਕੇ ਲਿਆਵੇਗਾ, ਉਸ ਨੂੰ ਰਾਜ ਦਰਬਾਰ ਵੱਲੋਂ ਵੱਡਾ ਇਨਾਮ ਦਿੱਤਾ ਜਾਵੇਗਾ। ਇਸ ਨਾਲ ਇਹ ਵੀ ਕਿਹਾ ਗਿਆ ਕਿ ਜਿਸ ਦੀ ਤਸਵੀਰ ਰਾਜੇ ਨੂੰ ਪਸੰਦ ਨਾ ਆਈ, ਉਸ ਚਿੱਤਰਕਾਰ ਨੂੰ ਸਜ਼ਾ ਵੀ ਦਿੱਤੀ ਜਾਵੇਗੀ। ਰਾਜ ਦੇ ਬਹੁਤ ਵੱਡੇ ਚਿੱਤਰਕਾਰ ਸਜ਼ਾ ਦੇ ਡਰੋ ਨਹੀਂ ਆਏ, ਜਿਹਨਾਂ ਨੇ ਰਾਜੇ ਨੂੰ ਹੁਣ ਤੱਕ ਨਹੀਂ ਦੇਖਿਆ ਸੀ, ਉਹ ਆਏ ਤੇ ਚੁੱਪ-ਚਾਪ ਉਹ ਵੀ ਸਜ਼ਾ ਦੇ ਡਰੋਂ ਖਿਸਕ ਗਏ ਇਹਨਾਂ ਵਿੱਚ ਇੱਕ ਨੌਜੁਵਾਨ ਚਿੱਤਰਕਾਰ ਵੀ ਸੀ, ਉਸ ਕਿਹਾ-ਮੈਂ ਰਾਜੇ ਦਾ ਇੱਕ ਸ਼ਾਨਦਾਰ ਚਿੱਤਰ ਬਣਾਵਾਂਗਾ ਜੇਕਰ ਰਾਜਾ ਸਾਹਿਬ ਨੂੰ ਪਸੰਦ ਨਾ ਆਵੇ ਤਾਂ ਇਸ ਲਈ ਮੈਨੂੰ ਬੇਸ਼ੱਕ ਫਾਂਸੀ ਦੀ ਸਜ਼ਾ ਦੇ ਦੇਣੀ। ਨੌਜਵਾਨ ਨੇ ਰਾਜੇ ਨੂੰ ਗਹੁ ਨਾਲ ਦੇਖਿਆ। ਦੋ ਇੱਕ-ਮਹੀਨੇ ਦਾ ਸਮਾਂ ਮੰਗਿਆ ਤੇ ਆਪਣੇ ਨਿਵਾਸ 'ਤੇ ਚਿੱਤਰ ਬਣਾਉਣ ਚਲਾ ਗਿਆ। ਕਰੀਬ ਦੋ ਮਹੀਨੇ ਬਾਅਦ ਉਹ ਦਰਬਾਰ ਵਿੱਚ ਇੱਕ ਗੱਡੇ 'ਤੇ ਲੱਦ ਕੇ ਵੱਡੇ ਫਰੇਮ ਵਾਲੀ ਇੱਕ ਤਸਵੀਰ ਲੈ ਕੇ ਹਾਜ਼ਰ ਹੋਇਆ। ਤਸਵੀਰ ਨੂੰ ਇੱਕ ਵੱਡੀ ਚਾਦਰ ਨਾਲ ਢੱਕਿਆ ਹੋਇਆ ਸੀ। ਜਦੋਂ ਤਸਵੀਰ ਨੂੰ ਮੰਚ 'ਤੇ ਰੱਖਿਆ ਗਿਆ, ਕੁਝ ਮਸ਼ਾਲਾਂ ਜਗਾ ਕੇ ਇਸ ਤੋਂ ਚਿੱਤਰਕਾਰ ਨੇ ਬੜੇ ਸਵੈਮਾਣ ਨਾਲ ਚਾਦਰ ਪਾਸੇ ਹਟਾਈ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਇਹ ਚਿੱਤਰ ਅਜਿਹਾ ਚਿੱਤਰ ਸੀ, ਜੋ ਰਾਜੇ ਦੀ ਸਰੀਰਕ ਦਿੱਖ ਨੂੰ ਹੀ ਪੇਸ਼ ਨਹੀਂ ਕਰਦਾ ਸੀ, ਬਲਕਿ ਉਹਦੇ ਕਿਰਦਾਰ ਨੂੰ ਬਿਆਨ ਕਰਦਾ ਸੀ। ਇਸ ਚਿੱਤਰ ਵਰਗਾ ਮਿਊਜ਼ੀਅਮ ਵਿੱਚ ਪਹਿਲਾਂ ਇੱਕ ਵੀ ਚਿੱਤਰ ਨਹੀਂ ਸੀ। ਨੌਜਵਾਨ ਚਿੱਤਰਕਾਰ ਨੇ ਰਾਜੇ ਨੂੰ ਇੱਕ ਦੌੜ ਰਹੇ ਘੋੜੇ 'ਤੇ ਸਵਾਰ ਹੋ ਕੇ ਨਿਸ਼ਾਨਾ ਸੇਧਦਿਆਂ ਵਿਖਾਇਆ ਸੀ। ਰਾਜੇ ਦੀ ਇੱਕ ਸੱਜੀ ਅੱਖ, ਜੋ ਠੀਕ ਸੀ, ਉਹ ਖੁੱਲ੍ਹੀ ਹੋਈ ਸੀ ਤੇ ਖੱਬੀ ਅੱਖ ਜੋ ਖਰਾਬ ਸੀ, ਉਸ ਨੂੰ ਚਿੱਤਰਕਾਰ ਨੇ ਬੰਦ ਵਿਖਾਇਆ। ਕੱਟਿਆ ਹੋਇਆ ਪੈਰ ਘੋੜੇ ਦੇ ਉਹਲੇ ਸੀ ਸਲਾਮਤ ਪੈਰ ਸਭ ਦੇ ਸਾਹਮਣੇ ਸੀ। ਚਿੱਤਰ ਵਿੱਚ ਰਾਜਾ ਇੰਜ ਜਾਪਦਾ ਸੀ ਕਿ ਜਿਵੇਂ ਕੋਈ ਦੁਨੀਆ ਦਾ ਮਹਾਨ ਜਰਨੈਲ ਆਪਣੀ ਮੁਹਿੰਮ ਦੀ ਅਗਵਾਈ ਕਰਦਿਆਂ ਜੰਗ ਦੇ ਮੈਦਾਨ ਵਿੱਚ ਆਪਣੀ ਬਹਾਦਰੀ ਵਿਖਾ ਰਿਹਾ ਹੋਵੇ ਤੇ ਉਸ ਦੇ ਮਗਰ-ਮਗਰ ਉਹਦੀ ਫੌਜ ਆ ਰਹੀ ਹੋਵੇ। ਰਾਜਾ ਆਪਣੇ ਸਿੰਘਾਸਣ ਤੋਂ ਉੱਠਿਆ, ਉਸ ਨੇ ਚਿੱਤਰਕਾਰ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਇਹ ਕਿਵੇਂ ਸੰਭਵ ਹੋਇਆ ਚਿੱਤਰਕਾਰ ਨੇ ਰਾਜੇ ਦੇ ਚੰਗੇ ਸਰੀਰਕ ਪੱਖ ਅਤੇ ਉਸ ਦੇ ਬਹਾਦਰੀ ਵਾਲੇ ਕਿਰਦਾਰ ਨੂੰ ਵੇਖਿਆ। ਚਿੱਤਰਕਾਰ ਨੇ ਰਾਜੇ ਦੀਆਂ ਸਰੀਰਕ ਊਣਤਾਈਆਂ ਨੂੰ ਬਿਲਕੁਲ ਹੀ ਅਣਗੌਲਿਆਂ ਕਰ ਦਿੱਤਾ ਅਤੇ ਵੱਡਾ ਇਨਾਮ ਹਾਸਲ ਕੀਤਾ। ਰਾਜ ਨੇ ਉਸ ਦਿਨ ਰਾਜ ਦਰਬਾਰ ਵਿੱਚ ਖੁਸ਼ੀ ਵਿੱਚ ਇੱਕ ਜਸ਼ਨ ਮਨਾਇਆ।

ਇਹ ਕਹਾਣੀ ਸੱਚੀ ਹੈ ਜਾਂ ਕਲਪਿਤ ਇਸ 'ਤੇ ਗੌਰ ਕਰਨ ਦੀ ਲੋੜ ਨਹੀਂ, ਪਰ ਇਹ ਸੱਚ ਹੈ ਇਹ ਕਹਾਣੀ ਸਾਡੇ ਜੀਵਨ ਦੀ ਕਹਾਣੀ ਹੈ ਅਤੇ ਇਹ ਸਾਡੇ ਨਾਲ ਇਹ ਹਰ ਰੋਜ਼ ਵਾਪਰਦੀ ਹੈ। ਸਾਡੇ ਜੀਵਨ ਵਿੱਚ ਅਤੇ ਸਾਡੇ ਆਲੇ-ਦੁਆਲੇ ਚੰਗਾ ਤੇ ਮਾੜਾ ਹਰ ਸਮੇਂ ਵਾਪਰ ਰਿਹਾ ਹੈ, ਅਸੀਂ ਦੇਖਣਾ ਹੈ ਕਿ ਅਸੀਂ ਇਸ ਹਾਲਾਤ ਨੂੰ ਕਿਵੇ ਦੇਖਣਾ ਹੈ, ਅਸੀਂ ਚੰਗਿਆਈ ਨੂੰ ਹੋਰ ਚੰਗਾ ਬਣਾਉਣ ਲਈ ਕਿਵੇਂ ਕੋਸ਼ਿਸ਼ਾਂ ਕਰਨੀਆਂ। ਰਾਜੇ ਦੀ ਦਿੱਖ ਵਾਂਗ ਹਰ ਤਰ੍ਹਾਂ ਦੇ ਹਾਲਾਤ ਵਿੱਚ ਬਹੁਤ ਕੁਝ ਚੰਗਾ ਵੀ ਹੁੰਦਾ ਹੈ ਅਤੇ ਬਹੁਤ ਕੁਝ ਮਾੜਾ ਵੀ ਇਸੇ ਤਰ੍ਹਾਂ ਦੀ ਹੀ ਸਾਡੀ ਜ਼ਿੰਦਗੀ ਹੈ। ਜ਼ਿੰਦਗੀ ਵਿੱਚ ਅਸੀਂ ਆਪਣੀਆਂ ਚੰਗੀਆਂ ਸੋਚਾਂ ਅਤੇ ਚੰਗੀਆਂ ਆਦਤਾਂ ਨੂੰ ਕਿਵੇਂ ਵਿਕਸਤ ਕਰਨਾ ਹੈ ਅਤੇ ਕਿਸ ਤਰ੍ਹਾਂ ਇਹਨਾਂ ਨੂੰ ਉਸ ਨੌਜਵਾਨ ਚਿੱਤਰਕਾਰ ਵਾਂਗ ਸੰਸਾਰ ਸਾਹਵੇਂ ਪ੍ਰਦਰਸ਼ਿਤ ਕਰਨਾ ਹੈ, ਇਹ ਸਾਡੇ 'ਤੇ ਨਿਰਭਰ ਹੈ। ਉਸਾਰੂ ਨਜ਼ਰੀਆ ਅਤੇ ਸਾਕਾਰਤਮਿਕ ਸੋਚ ਸਾਨੂੰ ਪ੍ਰਾਪਤੀਆਂ ਵੱਲ ਲੈ ਕੇ ਜਾਂਦੇ ਹਨ, ਜਦ ਕਿ ਨਾਕਾਰਤਮਿਕ ਵਿਚਾਰ ਸਾਨੂੰ ਨਿਵਾਣਾਂ ਵੱਲ ਲੈ ਜਾਣ ਦੀ ਵੱਡੀ ਭੂਮਿਕਾ ਨਿਭਾਉਂਦੇ ਹਨ। ਦੁਨੀਆਂ ਵਿੱਚ ਹੁਣ ਤੱਕ ਜੋ ਵੀ ਚੰਗੇ-ਮਾੜੇ ਦੀ ਸਿਰਜਣਾ ਹੋਈ, ਇਹ ਸਭ ਕੁਝ ਮਾਨਵ ਜਾਤ ਦੀ ਸੋਚ ਦਾ ਪ੍ਰਣਾਮ ਹੈ। ਸਾਨੂੰ ਹਮੇਸ਼ਾ ਦੋ ਤਰ੍ਹਾਂ ਦੇ ਲੋਕ ਮਿਲਦੇ ਹਨ, ਇੱਕ ਉਹ ਹੁੰਦੇ ਹਨ, ਜਿਹਨਾਂ ਨਾਲ ਚੱਲ ਕੇ ਅਸੀਂ ਜੀਵਨ ਵਿੱਚ ਵਿਕਾਸ ਕਰਦੇ ਹਾਂ ਤਰੱਕੀ ਕਰਦੇ ਹਾਂ, ਸਾਡੀ ਇੱਜ਼ਤ ਅਤੇ ਸਵੈਮਾਣ ਵਧਦਾ ਹੈ। ਦੂਜਾ ਬੰਦਾ ਉਹ ਹੁੰਦਾ ਹੈ, ਜਿਸ ਨਾਲ ਤੁਰ ਕੇ ਅਸੀਂ ਆਪਣਾ ਸਭ ਕੁਝ ਬਰਬਾਦ ਕਰ ਲੈਂਦੇ ਹਾਂ ਸਾਡੀ ਸਿਹਤ, ਇੱਜ਼ਤ ਕਾਰ-ਵਿਹਾਰ ਸਭ ਕੁਝ ਖਤਮ ਹੋਣ ਲੱਗ ਪੈਂਦਾ ਹੈ। ਹੁਣ ਫੈਸਲਾ ਅਸੀਂ ਕਰਨਾ ਹੈ ਕਿ ਅਸੀਂ ਕਿਸ ਬੰਦੇ ਦਾ ਸਾਥ ਕਰਨਾ ਹੈ। ਦੁਨੀਆ ਵਿੱਚ ਇਸ ਤਰੱਕੀ ਅਤੇ ਵਿਕਾਸ ਦੇ ਦੌਰ ਵਿੱਚ ਵਿੱਚ ਜੰਗ-ਯੁੱਧ ਚੱਲ ਰਹੇ ਹਨ। ਮਾਸੂਮ ਬੱਚਿਆਂ ਨੂੰ ਮਾਰਿਆ ਜਾ ਰਿਹਾ ਹੈ, ਹੱਸਦੀਆਂ-ਵੱਸਦੀਆਂ ਮਨੁੱਖੀ ਆਬਾਦੀਆਂ ਨੂੰ ਖੰਡਰਾਂ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਇਸ ਸਭ ਕੁਝ ਦੇ ਬਗੈਰ ਵੀ ਸਰ ਸਕਦਾ ਹੈ। ਦੁਨੀਆਂ ਦੇ ਵੱਡੇ ਵੱਡੇ ਤੋਂ ਘੱਲੂਘਾਰਿਆਂ, ਜੰਗਾਂ-ਯੁੱਧਾਂ ਤੋਂ ਬਾਅਦ ਮਨੁੱਖ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਇਹ ਅਹਿਸਾਸ ਜ਼ਰੂਰ ਹੁੰਦਾ ਹੈ ਕਿ ਹਜ਼ਾਰਾਂ ਲੋਕਾਂ ਦਾ ਇਹ ਕਤਲੇਆਮ ਨਾ ਵੀ ਹੁੰਦਾ ਤਾਂ ਦੁਨੀਆ ਦਾ ਸਰ ਸਕਦਾ ਸੀ। ਕਾਰਨ ਕੇਵਲ ਇਹੋ ਹੀ, ਜਦੋਂ-ਜਦੋਂ ਕਿਤੇ ਕੁਝ ਗਲਤ ਹੁੰਦਾ, ਵਾਪਰਦਾ ਹੈ, ਮਨੁੱਖ 'ਚ ਪਸ਼ੂਪਣ ਜਾਗਦਾ ਹੈ। ਇਸ ਨੂੰ ਪਸ਼ੂਪਣ ਕਹਿਣਾ ਵੀ ਪਸ਼ੂਆਂ ਦੀ ਤੌਹੀਨ ਹੈ, ਇਸ ਤਰ੍ਹਾਂ ਪਸ਼ੂ ਵੀ ਨਹੀਂ ਕਰਦੇ। ਜਦੋਂ ਵੀ ਕੁਝ ਕੁ ਮਨੁੱਖਾਂ ਦੀ ਦਰਿੰਦਗੀ ਉਹਨਾਂ ਦੇ ਸਿਰ 'ਤੇ ਸਵਾਰ ਹੁੰਦੀ ਹੈ ਤਾਂ ਉਹ ਲੱਖਾਂ ਲੋਕਾਂ ਨੂੰ ਜੰਗ ਦੀ ਅੱਗ ਵਿੱਚ ਝੋਕ ਦਿੰਦੇ ਹਨ।

ਅਜੋਕੇ ਦੌਰ ਵਿੱਚ ਇਜ਼ਰਾਈਲ-ਫਲਸਤੀਨ ਯੁੱਧ, ਰੂਸ-ਯੂਕਰੇਨ ਯੁੱਧ ਤੇ ਸਾਡੇ ਦੇਸ਼ ਵਿੱਚ ਵਾਪਰ ਰਹੀਆਂ ਮਨੀਪੁਰ ਵਰਗੀਆ ਘਟਨਾਵਾਂ ਕੁਝ ਕੁ ਮੁੱਠੀ-ਭਰ ਲੋਕਾਂ ਦੀ ਹਾਉਮੈ ਤੋਂ ਪੈਦਾ ਹੋਈਆਂ। ਇਹਨਾਂ ਘਟਨਾਵਾਂ ਦੀ ਥਾਂ ਸੂਝ-ਸਿਆਣਪ, ਸਦਭਾਵਨਾ ਤੇ ਸੁਹੱਪਣ ਵੀ ਹੋ ਸਕਦਾ ਹੈ। ਆਮ ਲੋਕਾਂ ਦੀ ਅਗਵਾਈ ਕਰਨ ਵਾਲੀਆਂ ਤਾਕਤਾਂ ਜਦੋਂ ਧਰਮ, ਜਾਤ ਜਾਂ ਕਿਸੇ ਖਿੱਤੇ ਦੇ ਨਾਂਅ 'ਤੇ ਰਾਜਨੀਤੀ ਕਰਕੇ ਆਪਣੀ ਚੌਧਰ ਚਮਕਾਉਣ ਲੱਗਦੀਆਂ ਹਨ ਤਾਂ ਆਮ ਲੋਕਾਂ ਲਈ ਭਿਆਨਕ ਸਥਿਤੀ ਪੈਦਾ ਹੁੰਦੀ ਹੈ। ਲੋਕਾਂ ਦੇ ਮਨਾਂ ਵਿੱਚ ਦੂਜੇ ਧਰਮਾਂ, ਜਾਤਾਂ, ਨਸਲਾਂ ਖਿੱਤਿਆਂ ਲਈ ਨਫਰਤਾਂ ਦੇ ਬੀਜ ਬੀਜੇ ਜਾਂਦੇ ਹਨ। ਲੋਕ ਲੜਨ-ਮਰਨ ਲਈ ਤਿਆਰ ਹੋ ਕੇ ਸੜਕਾਂ 'ਤੇ ਨਿਕਲ ਪੈਂਦੇ ਹਨ। ਇਸ ਸਭ ਕੁਝ ਦਾ ਇੱਕ ਦੂਜਾ ਪੱਖ ਵੀ ਹੈ ਕਿ ਲੋਕਾਂ ਨੂੰ ਕਿਰਤ ਕਰਮ ਅਤੇ ਚੰਗਿਆਈ ਵੱਲ ਮੋੜਿਆ ਜਾਵੇ ਉਹਨਾਂ ਕੋਲ ਕਿਸੇ ਨੂੰ ਨਫਰਤ ਕਰਨ ਦਾ ਸਮਾਂ ਹੀ ਨਾ ਰਹੇ। ਜਿਵੇਂ ਜਾਪਾਨ ਵਰਗੇ ਦੇਸ਼ ਵਿੱਚ ਹੋਰ ਮੁਲਕਾਂ ਦੇ ਲੋਕ ਵੀ ਰਹਿੰਦੇ ਹਨ, ਪਰ ਇੱਥੇ ਦੰਗੇ ਪਸਾਦ ਨਹੀਂ ਹੁੰਦੇ ਕਿਉਂ ਕਿ ਦੇਸ਼ ਦੀ ਅਗਵਾਈ ਕਰਨ ਵਾਲਿਆਂ ਨੇ ਲੋਕਾਂ ਨੂੰ ਕਿਰਤ ਨਾਲ ਜੋੜਿਆ ਹੋਇਆ ਹੈ।

ਲੋਕਾਂ ਕੋਲ ਜੇਕਰ ਸਮਾਂ ਮਿਲਦਾ ਹੈ ਤਾਂ ਉਹ ਇੱਕ ਦੂਜੇ ਨੂੰ ਮਿਲਦੇ-ਗਿਲਦੇ ਹਨ ਕੁਦਰਤ ਨਾਲ ਸਾਂਝ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਸਾਡੀ ਇਹ ਧਰਤੀ ਮਾਂ ਸਭ ਕਈ ਰਿਜ਼ਕ ਪੈਦਾ ਕਰਨ ਦੇ ਸਮਰੱਥ ਹੈ। ਅਸੀਂ ਕੁਝ ਅਰਸਾ ਇਸ ਧਰਤੀ 'ਤੇ ਬਤੀਤ ਕਰਨਾ ਹੈ ਤੇ ਫਿਰ ਚਲੇ ਜਾਣਾ ਹੈ। ਸਾਡਾ ਇਹ ਥੋੜ੍ਹਾ ਜਿਹਾ ਅਰਸਾ ਬੜਾ ਯਾਦਗਾਰੀ ਹੋਣਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਅਸੀਂ ਹਰ ਰੋਜ਼ ਆਪਣੇ ਜੀਵਨ ਵਿੱਚ ਚੰਗਿਆਈ ਦੇ ਬੀਜ ਬੀਜੀਏ। ਕਿਸੇ ਦੁਖੀ ਦੀ ਮਦਦ ਕਰਕੇ। ਆਪਣੇ ਬਜ਼ੁਰਗਾਂ ਦੀਆਂ ਅਸੀਸਾਂ ਲੈ ਕੇ, ਕਿਸੇ ਰੋਂਦੇ ਬਾਲ ਨੂੰ ਚੁੱਪ ਕਰਾ ਕੇ, ਕਿਸੇ ਬੂਟੇ ਨੂੰ ਪਾਣੀ ਪਾ ਕੇ, ਅਸੀਂ ਚੰਗਿਆਈ ਦੀ ਸ਼ੁਰੂਆਤ ਕਰ ਸਕਦੇ ਹਾਂ। ਲੋੜ ਇਹ ਹੈ ਕਿ ਉਪਰੋਕਤ ਕਹਾਣੀ ਦੇ ਪਾਤਰ ਵਾਂਗ ਅਸੀਂ ਜੀਵਨ ਦੇ ਚੰਗੇ ਪੱਖ ਨੂੰ ਤਰਜੀਹ ਦੇਈਏ। ਜੀਵਨ ਬੜਾ ਛੋਟਾ ਹੈ, ਇਸ ਨੂੰ ਸਾਰਥਕ ਬਣਾਉਣ ਲਈ ਸਾਰਥਕ ਮੌਕਿਆਂ ਅਤੇ ਸਾਰਥਕ ਕੰਮਾਂ ਦੀ ਸਾਨੂੰ ਤਲਾਸ਼ ਕਰਨੀ ਚਾਹੀਦੀ ਹੈ। ਸਾਡੀਆਂ ਨਿੱਕੀਆਂ-ਨਿੱਕੀਆਂ ਸਰਗਰਮੀਆਂ ਹੀ ਸਾਡਾ ਸੋਚ ਸੰਸਾਰ ਬਦਲਦੀਆਂ ਹਨ ਅਤੇ ਇਹ ਸੋਚਾਂ ਹੀ ਸਾਡੀ ਦੁਨੀਆਂ ਬਦਲਣ ਲਈ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ।

# ਸੰਪਰਕ : 98550-51099

# ਮਿਲਾਵਟਖੋਰੀ ਦਾ ਮੱਕੜ ਜਾਲ ਤੋੜਨਾ ਜ਼ਰੂਰੀ

ਸੁਖਪਾਲ ਸਿੰਘ ਗਿੱਲ ਅਬਿਆਣਾ ਕਲਾਂ

ਮਿਲਾਵਟ ਦੇ ਮੱਕੜ ਜਾਲ ਨੂੰ ਤੋੜਨਾ ਅਤੀ ਜ਼ਰੂਰੀ ਹੈ ।ਮੱਕੜ ਜਾਲ ਦਾ ਅਰਥ ਹੈ ਕਿ ਕਿਸੇ ਨੂੰ ਜਾਲ ਵਿੱਚ ਫਸਾਉਣਾ।ਮਠਿਆਈਆਂ ਨੂੰ ਨਵੀਂ ਰੰਗਤ ਵਿੱਚ ਪੇਸ਼ ਕਰਕੇ ਗਾਹਕ ਫਸਾਇਆ ਜਾਂਦਾ ਹੈ। ਇਸ ਨਾਲ ਵੀ ਮਿਲਾਵਟਖੋਰੀ ਉਤਸ਼ਾਹਿਤ ਹੁੰਦੀ ਹੈ।ਮਿਲਾਵਟ ਨੂੰ ਖਾਸ ਤੌਰ 'ਤੇ ਤਿਉਹਾਰਾਂ ਦੇ ਦਿਨਾਂ ਵਿੱਚ ਪ੍ਰਚਾਰ ਕੇ ਅਤੇ ਫੜੋ-ਫੜਾਈ ਕਰਕੇ ਬੁੱਤਾ ਸਾਰ ਲਿਆ ਜਾਂਦਾ ਹੈ, ਜਦੋਂ ਕਿ ਮਿਲਾਵਟ ਸਾਰਾ ਸਾਲ ਚਲਦੀ ਰਹਿੰਦੀ ਹੈ।ਵਿਕਾਸਸ਼ੀਲ ਭਾਰਤ ਵਿੱਚ ਹਰ ਦਿਨ ਤਿਉਹਾਰ ਦਾ ਰਹਿੰਦਾ ਹੈ। ਪੰਜਾਬ ਵਿੱਚ ਵੀ ਹਰ ਰੋਜ਼ ਤਿਉਹਾਰਾਂ ਦਾ ਦਿਨ ਰਹਿੰਦਾ ਹੈ। ਇਸ ਲਈ ਮਿਲਾਵਟ ਵੀ ਹਰ ਰੋਜ਼ ਚਾਲੂ ਰਹਿੰਦੀ ਹੈ।

ਮਿਲਾਵਟ ਦਾ ਮੋਟਾ ਜਿਹਾ ਮਤਲਬ ਹੁੰਦਾ ਹੈ ਕਿ ਅਸਲ ਰੂਪ ਵਿੱਚ ਚੀਜ਼ ਨੂੰ ਸਸਤੀ ਕੋਈ ਵੀ ਚੀਜ਼ ਮਿਲਾ ਕੇ ਮਾਰਕੀਟ ਵਿੱਚ ਵੇਚਿਆ ਜਾਂਦਾ ਹੈ । ਇਸ ਦਾ ਸਿਹਤ ਪੱਖ ਅੱਖੋਂ-ਪਰੋਖੇ ਕਰਕੇ ਮੁਨਾਫਾ ਵਸੂਲਿਆ ਜਾਂਦਾ ਹੈ ।ਕਿਸੇ ਕਿਸਮ ਦਾ ਤਰਸ ਨਹੀਂ ਕੀਤਾ ਜਾਂਦਾ ਕਿ ਸਾਡੀ ਚੀਜ਼ ਨਾਲ ਜਨਤਾ 'ਤੇ ਕੀ ਅਸਰ ਪਵੇਗਾ ।'ਜਾਗੋ ਗਾਹਕ ਜਾਗੋ' ਦਾ ਗੁਣਗਾਨ ਕੀਤੀ ਜਾਂਦਾ ਹੈ, ਪਰ ਇਸ ਨਾਲ ਹਰ ਬੰਦਾ ਜਾਗਰੂਕ ਨਹੀਂ ਹੋਇਆ। ਮਿਲਾਵਟ ਇਹੋ ਜਿਹਾ ਭੈੜਾ ਕਲੰਕ ਹੈ ਕਿ ਇਸ ਪ੍ਰਤੀ ਹਰ ਬੰਦੇ ਨੂੰ ਜਾਗਰੂਕ ਹੋ ਕੇ ਇਸ ਵਿਰੁੱਧ ਖੜਨਾ ਚਾਹੀਦਾ ਹੈ। ਹਰ ਬੰਦੇ ਨੂੰ ਸਮਝਣਾ ਚਾਹੀਦਾ ਹੈ ਕਿ ਮਿਲਾਵਟ ਦੀ ਛੁਰੀ ਜੇ ਤੇਰੇ ਕਲੇਜੇ ਵਿੱਚ ਨਹੀਂ ਲੱਗੀ ਤਾਂ ਇਹ ਨਾ ਸਮਝ ਲਈਂ ਕਿ ਅਜੇ ਤੇਰੀ ਤੇ ਸ਼ਹਿਰ ਦੀ ਹਾਲਤ ਬੁਰੀ ਨਹੀਂ ਹੈ।

ਖੁਰਾਕੀ ਵਸਤਾਂ ਦੀ ਮੰਗ 'ਚ ਹੋਏ ਵਾਧੇ ਨਾਲ ਮਿਲਾਵਟਖੋਰ ਪੂਰੀ ਤਰ੍ਹਾਂ ਬਾਗੋਬਾਗ ਹੋ ਜਾਂਦੇ ਹਨ । ਖੁਰਾਕੀ ਵਸਤਾਂ ਦੀ ਮਿਲਾਵਟਖੋਰ ਨੂੰ ਤਾਂ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ, ਜਿਸ ਨਾਲ ਹੀ ਕੁਝ ਮੋੜਾ ਪੈ ਸਕਦਾ ਹੈ, ਨਹੀਂ ਤਾਂ ਸਾਰਾ ਸਾਲ ਪਰਨਾਲਾ ਉੱਥੇ ਦਾ ਉੱਥੇ ਹੀ ਰਹੇਗਾ ।ਮਿਲਾਵਟਖੋਰ ਨੂੰ ਫੜਨ ਵਾਲੀਆਂ ਕਾਰਵਾਈਆਂ ਇੱਕ ਰਸਮ ਜਿਹੀ ਬਣ ਕੇ ਰਹਿ ਗਈਆਂ ਹਨ, ਜਿਸ ਨਾਲ ਮਿਲਾਵਟਖੋਰ ਪ੍ਰਵਾਹ ਨਹੀਂ ਕਰਦੇ । ਮਿਲਾਵਟਖੋਰੀ ਵਿੱਚ ਰਾਜਨੀਤੀ ਦੀ ਘੁਸਪੈਠ ਹੋ ਜਾਂਦੀ ਹੈ । ਇਹ ਲੁੱਕਣਮੀਟੀ ਵੀ ਸਾਰਾ ਸਾਲ ਚਲਦੀ ਰਹਿੰਦੀ ਹੈ ।ਖਾਧ ਪਦਾਰਥਾਂ ਵਿੱਚ ਦੁੱਧ ਬਾਰੇ ਕਿਹਾ ਜਾਂਦਾ ਹੈ ਕਿ ਉਪਜ ਘੱਟ, ਲਾਗਤ ਵੱਧ ਹੈ । ਫਿਰ ਸਪੱਸ਼ਟ ਹੈ ਕਿ ਇਸ ਪਿੱਛੇ ਮਿਲਾਵਟ ਹੀ ਹੈ। ਦੁੱਧ ਦੀ ਮਿਲਾਵਟ ਤੋਂ ਬਾਅਦ ਇਸ ਤੋਂ ਬਣੇ ਪ੍ਰੋਡਕਟਾਂ ਵਿੱਚ ਵੀ ਮਿਲਾਵਟ ਸ਼ੁਰੂ ਹੋ ਜਾਂਦੀ ਹੈ।2021 ਤੋਂ 2024 ਤੱਕ ਪੂਰੇ ਸੂਬੇ ਵਿੱਚ ਲਏ ਗਏ ਦੁੱਧ ਦੇ ਸੈਂਪਲਾਂ ਵਿੱਚੋਂ 18 ਫੀਸਦੀ ਸੈਂਪਲ ਮਿਆਰਾਂ ਤੇ ਖਰੇ ਨਹੀਂ ਉਤਰ ਸਕੇ।ਦੇਸ਼ ਦੇ ਦੁੱਧ ਉਤਪਾਦਕ ਸੂਬੇ ਹਰਿਆਣਾ ਵਿੱਚ ਸਥਿਤੀ ਹੋਰ ਵੀ ਮਾੜੀ ਸੀ, ਉੱਥੇ 28 ਫੀਸਦੀ ਸੈਂਪਲ ਮਿਆਰਾਂ 'ਤੇ ਖਰੇ ਨਹੀਂ ਉਤਰ ਸਕੇ। ਭਾਰਤ ਦੀ ਕੁੱਲ ਦੁੱਧ ਦੀ ਪ੍ਰੋਡਕਸ਼ਨ ਦਾ 5.8 ਫੀਸਦੀ ਹਿੱਸਾ ਪੰਜਾਬ ਦਾ ਹੈ।

ਅੱਜ ਤਿਉਹਾਰਾਂ ਦੇ ਦਿਨਾਂ ਵਿੱਚ ਮਿਲਾਵਟ ਬਾਰੇ ਪੜ੍ਹਿਆ, ਲਿਖਿਆ ਅਤੇ ਸੁਣਿਆ ਜਾਵੇਗਾ। ਤਿਉਹਾਰਾਂ ਤੋਂ ਬਾਅਦ ਇਹ ਸਭ ਕੁਝ ਆਪਣੀ ਮੌਤੇ ਆਪ ਹੀ ਮਰ ਜਾਵੇਗਾ।ਗੁਰੂ ਅੰਗਦ ਦੇਵ ਯੂਨੀਵਰਸਿਟੀ ਨੇ ਵੀ ਕਿਹਾ ਸੀ ਕਿ ਦੁੱਧ 'ਚ ਮਿਲਾਵਟ ਹੋ ਰਹੀ ਹੈ। ਇਸ ਵਿੱਚ 25 ਫੀਸਦੀ ਪਾਣੀ ਦਾ ਹਿੱਸਾ ਹੈ। 24-25 ਦੌਰਾਨ ਭਾਰਤ ਵਿੱਚ ਲਗਭਗ 247.8 ਮਿਲੀਅਨ ਟਨ ਦੁੱਧ ਦੀ ਪੈਦਾਵਾਰ ਹੋਈ। ਐਕਸਪੋਰਟ ਵਿੱਚ ਭਾਰਤ 11ਵੇਂ ਨੰਬਰ ਆਉਂਦਾ ਹੈ। 2024 ਦੇ ਮੁਤਾਬਕ ਐਕਸਪੋਰਟ ਵਿੱਚ ਭਾਰਤ 0.12 ਤੇ ਰਿਹਾ, ਜਦੋਂ ਕਿ ਯੂਰਪੀ ਯੂਨੀਅਨ ਦਾ ਹਿੱਸਾ 12.98 ਫੀਸਦੀ ਸੀ। ਦੁੱਧ ਦੀ ਮਿਲਾਵਟ 'ਤੇ ਸਾਡੀ ਵੀ ਵਿਸ਼ੇਸ਼ ਤਰਜੀਹ ਦੇਣ ਦੀ ਲੋੜ ਹੈ। ਪੰਜਾਬ ਵਿੱਚ ਦੁੱਧ 'ਚ 25 ਫੀਸਦੀ ਮਿਲਾਵਟ ਹੋ ਰਹੀ ਹੈ ਤੇ 18 ਫੀਸਦੀ ਦੁੱਧ ਸ਼ੁੱਧ ਹੈ। ਪਾਣੀ ਦੀ ਮਿਲਾਵਟ ਨਾਲ ਲੱਗਦਾ ਪੰਜਾਬੀਆਂ ਨੇ ਸਮਝੌਤਾ ਕਰ ਲਿਆ ਹੈ।ਅੱਜ ਪੰਜਾਬੀ ਦੁੱਧ ਵਿੱਚ ਪਾਣੀ ਦੀ ਮਿਲਾਵਟ ਨੂੰ ਮੰਨਦੇ ਹੀ ਨਹੀਂ, ਬਲਕਿ ਮਜ਼ਾਕ ਨਾਲ ਕਹਿ ਦਿੰਦੇ ਹਨ ਕਿ ਸਿਹਤ ਠੀਕ ਰਹੇਗੀ । ਕੈਮੀਕਲ ਦੀ ਵਰਤੋਂ ਨਾਲ ਤਾਂ ਦੁੱਧ ਦੀ ਮਿਲਾਵਟ ਲਈ ਮੌਤ ਅਵਾਜ਼ਾਂ ਮਾਰਦੀ ਹੈ । ਮਿਲਾਵਟ ਵਿਰੁੱਧ ਆਵਾਜ਼ਾਂ ਉੱਠਦੀਆਂ ਰਹਿੰਦੀਆਂ ਹਨ । ਇਸ ਦੇ ਬਾਵਜੂਦ ਫੂਡ ਸੇਫਟੀ ਐਂਡ ਸਟੈਂਡਰਡ ਆਫ ਇੰਡੀਆ ਦੀ ਕਾਰਵਾਈ ਨਾ-ਮਾਤਰ ਮਹਿਸੂਸ ਹੁੰਦੀ ਜਾਪਦੀ ਹੈ।

ਮਿਲਾਵਟ ਗੰਭੀਰ ਸਮੱਸਿਆ ਹੈ।ਲੋਕਾਂ ਦੀ ਸਿਹਤ ਨਾਲ ਸਿੱਧਾ ਖਿਲਵਾੜ ਕਰਦੀ ਹੈ। ਇਸ ਦੇ ਹੱਲ ਲਈ ਸਰਕਾਰ ਅਤੇ ਆਮ ਜਨਤਾ ਨੂੰ ਹੋਰ ਜਾਗਰੂਕ ਹੋਣ ਦੀ ਲੋੜ ਹੈ।ਪਿਛਲੀ ਸਰਕਾਰ ਵੇਲੇ ਚਲਦੀ-ਫਿਰਦੀ ਰਿਪੋਰਟ ਦੇ ਦਾਅਵਾ ਕੀਤਾ ਸੀ ਕਿ ਬਾਜ਼ਾਰ 'ਚ 70 ਫੀਸਦੀ ਦੁੱਧ, 80 ਫੀਸਦੀ ਪਨੀਰ ਅਤੇ 95 ਫੀਸਦੀ ਖੋਆ ਨਕਲੀ ਵਿਕ ਰਿਹਾ ਹੈ ।ਸਰਕਾਰ ਦੀ ਚਾਲ ਸੁਸਤ ਹੈ।ਇਸ ਕੰਮ ਲਈ ਨਿਯਮਤ ਲੈਬਾਰਟਰੀ ਜਾਂਚ ਅਤੇ ਨਿਯਮਤ ਚੈਕਿੰਗ ਦੀ ਬੇਹੱਦ ਜ਼ਰੂਰਤ ਹੈ।ਲੋਕਾਂ ਵਿੱਚ ਜਾਗਰੂਕਤਾ ਕੈਂਪ ਲਗਾਉਣੇ ਵੀ ਅਤੀ ਜ਼ਰੂਰੀ ਹਨ। ਅਸਲੀ-ਨਕਲੀ ਦੀ ਪਹਿਚਾਣ ਕਰਾਉਣਾ ਲੋਕਾਂ ਨੂੰ ਬਹੁਤ ਜ਼ਰੂਰੀ ਹੈ ।ਮਿਲਾਵਟ ਵਿੱਚ ਚੈਕਿੰਗ ਲਾਉਣ ਲਈ ਅਤੇ ਮਿਲਾਵਟ ਸੰਬੰਧੀ ਰੋਕਥਾਮ ਲਈ ਇੱਕ ਲੋਕ ਲਹਿਰ ਪੈਦਾ ਕਰਨ ਦੀ ਲੋੜ ਹੈ ।ਹਰ ਬੰਦਾ ਆਪਣਾ ਫਰਜ਼ ਸਮਝ ਕੇ ਇਸ ਵਿੱਚ ਆਪਣਾ ਰੋਲ ਨਿਭਾਵੇ ।

# ਸੰਪਰਕ : 98781-11445

## ਆਗਮਨ ਪੁਰਬ 'ਤੇ ਵਿਸ਼ੇਸ਼

# ਮਹਾਨ ਸੰਤ ਬਾਬਾ ਸ਼ੇਖ ਫ਼ਰੀਦ ਜੀ

ਮਹਾਨ ਸੂਫੀ ਸੰਤ ਸ਼ੇਖ ਫਰੀਦ ਜੀ ਦਾ ਸਮਾਂ ਈਸਾ ਦੀ 12ਵੀਂ ਸਦੀ ਹੈ। ਸ਼ੇਖ ਫਰੀਦ ਜੀ ਦਾ ਜਨਮ ਸ਼ੇਖ ਜਮਾਲੂਦੀਨ ਸੁਲੇਮਾਨ ਦੇ ਗ੍ਰਹਿ ਮਾਤਾ ਮਰੀਅਮ ਦੀ ਕੁੱਖ ਤੋਂ ਕੋਠੀਵਾਲ ਪਿੰਡ ਵਿੱਚ ਸੰਮਤ 1230 ਬਿਕਰਮੀ, ਸੰਨ 1173 ਈ. ਨੂੰ ਹੋਇਆ। ਆਪ ਜੀ ਦੀਆਂ ਤਿੰਨ ਪੁੱਤਰੀਆਂ ਤੇ 5 ਪੁੱਤਰ ਸਨ। ਸ਼ੇਖ ਫਰੀਦ ਜੀ 93 ਸਾਲ ਦੀ ਉਮਰ ਬਤੀਤ ਕਰਕੇ ਸੰਮਤ 1323 ਬਿਕਰਮੀ ਸੰਨ 1266 ਈ. ਨੂੰ ਪਾਕਪਟਨ ਵਿੱਚ ਜੋਤੀ ਜੋਤ ਸਮਾ ਗਏ। ਸ਼ੇਖ ਫਰੀਦ ਜੀ ਨੂੰ ਬਾਬਾ ਫਰੀਦ ਜੀ ਵੀ ਕਿਹਾ ਜਾਂਦਾ ਹੈ। ਸ਼ੇਖ ਫਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਉਹ ਪਹਿਲੇ ਕਵੀ ਹਨ, ਜਿਨ੍ਹਾਂ ਆਪਣੇ ਸ਼ਲੋਕ ਪੰਜਾਬੀ ਵਿੱਚ ਲਿਖੇ। ਪੰਜਾਬੀ ਦੇ ਇਸ ਜੇਠੇ ਅਤੇ ਮਹਾਨ ਕਵੀ ਨੇ ਇੱਕ ਨਵੀਂ ਸ਼ੈਲੀ ਸ਼ਬਦਾਵਲੀ ਨੂੰ ਜਨਮ ਦਿੱਤਾ। ਸ਼ੇਖ ਫਰੀਦ ਜੀ ਲਹਿੰਦੇ ਪੰਜਾਬ ਦੇ ਵਾਸੀ ਸਨ, ਇਸ ਕਰਕੇ ਇਹਨਾ ਦੀ ਭਾਸ਼ਾ ਨੂੰ ਲਹਿੰਦੀ ਕਿਹਾ ਜਾਂਦਾ ਹੈ। ਪਾਕਿਸਤਾਨ ਵਿੱਚ ਸ਼ੇਖ ਫਰੀਦ ਜੀ ਦਾ ਮਕਬਰਾ ਅੱਜ ਵੀ ਕਾਇਮ ਹੈ। ਸ਼ੇਖ ਫਰੀਦ ਜੀ ਖੋਜ ਕਰਦਿਆਂ-ਕਰਦਿਆਂ ਮੋਕਲਹਰ ਆ ਗਏ, ਜਿਸ ਅਸਥਾਨ 'ਤੇ ਉਹ ਠਹਿਰੇ ਉਸ ਨੂੰ ਅੱਜ ਗੋਦੜੀ ਸਾਹਿਬ ਕਿਹਾ ਜਾਂਦਾ ਹੈ। ਗੁਰਦੁਆਰਾ ਗੋਦੜੀ ਸਾਹਿਬ ਦੇ ਇਤਿਹਾਸ ਬਾਰੇ ਕਿਹਾ ਜਾਂਦਾ ਹੈ ਕਿ ਬਾਬਾ ਫਰੀਦ ਜੀ 1215 ਈ. ਵਿੱਚ ਜਦੋਂ ਦਿੱਲੀ ਤੋਂ ਪਾਕਪਟਨ ਜਾ ਰਹੇ ਸਨ ਤਾਂ ਇੱਥੇ ਆ ਕੇ ਉਹਨਾ ਆਪਣੇ ਗੁਰੂ ਬਖਤਿਆਰ ਕਾਕੀ ਵੱਲੋਂ ਬਖਸ਼ੀ ਗੋਦੜੀ ਦਰੱਖਤ 'ਤੇ ਟੰਗ ਦਿੱਤੀ ਤੇ ਆਪ ਖਾਣ-ਪੀਣ ਦਾ ਸਮਾਨ ਲੈਣ ਚਲੇ ਗਏ। ਉਸ ਵੇਲੇ ਇਥੋਂ ਦੇ ਰਾਜੇ ਮੋਕਲਹਰ ਵੱਲੋਂ ਕਿਲ੍ਹੇ ਦੀ ਉਸਾਰੀ ਕਰਵਾਈ ਜਾ ਰਹੀ ਸੀ। ਰਾਜੇ ਦੇ ਮੁਲਾਜ਼ਮਾਂ ਨੇ ਬਾਬਾ ਫਰੀਦ ਜੀ ਨੂੰ ਫੜ ਕੇ ਉਸਾਰੀ ਦੇ ਕੰਮ ਦੀ ਲੇਬਰ ਵਿੱਚ ਲਗਾ ਦਿੱਤਾ ।ਜਦੋਂ ਉਹ ਗਾਰੇ ਦੇ ਬੱਠਲ ਚੱਕ ਰਹੇ ਸਨ ਤਾਂ ਅਚਾਨਕ ਰਾਜੇ ਦੀ ਨਿਗ੍ਹਾ ਬਾਬਾ ਫਰੀਦ ਜੀ ਵੱਲ ਪਈ ਕਿ ਜਦੋਂ ਬਾਬਾ ਫਰੀਦ ਜੀ ਭਾਰੀ ਟੋਕਰਾ (ਤਸਲਾ,ਬੱਠਲ) ਚੁੱਕਦੇ ਸਨ ਤਾਂ ਰੱਬੀ ਸ਼ਕਤੀ ਨਾਲ ਟੋਕਰਾ ਉਹਨਾ ਦੇ ਸਿਰ ਤੋਂ ਉਪਰ ਹੀ ਰਹਿ ਜਾਂਦਾ ਸੀ ਅਤੇ ਟੋਕਰੇ ਦਾ ਭਾਰ ਉਹਨਾ ਦੇ ਸਿਰ 'ਤੇ ਨਹੀਂ ਆਉਂਦਾ ਸੀ। ਇਹ ਦ੍ਰਿਸ਼ ਦੇਖ ਕੇ ਰਾਜਾ ਸਮਝ ਗਿਆ ਕਿ ਇਹ ਕੋਈ ਫ਼ਕੀਰ ਹਨ। ਉਸ ਨੇ ਬਾਬਾ ਫਰੀਦ ਜੀ ਦੇ ਚਰਨ ਫੜ ਕੇ ਮੁਆਫੀ ਮੰਗੀ। ਬਾਬਾ ਫਰੀਦ ਜੀ ਵਗਾਰ 'ਤੇ ਫੜੇ ਹੋਏ ਗਰੀਬ ਲੋਕਾਂ ਨੂੰ ਰਿਹਾ ਕਰਵਾ ਕੇ ਮੁੜ ਜਦੋਂ ਛਪਰੀ ਦੇ ਕਿਨਾਰੇ ਪਹੁੰਚੇ ਤਾਂ ਕੁਝ ਮੁੰਡੇ ਬਾਬਾ ਜੀ ਦੀ ਗੋਦੜੀ ਦੀ ਖਿੱਦੋ (ਗੇਂਦ) ਬਣਾ ਕੇ ਖੇਡ ਰਹੇ ਸਨ। ਬਾਬਾ ਜੀ ਨੇ ਆਪਣੇ ਗੁਰੂ ਵੱਲੋਂ ਬਖਸ਼ੀ ਗੋਦੜੀ ਤੋਂ ਵੱਖ ਹੋਣ ਦੀ ਭੁੱਲ ਨੂੰ ਬਖਸ਼ਾਉਣ ਲਈ 40 ਦਿਨ ਚਲੀਹਾ ਕੱਟਿਆ। ਬਾਅਦ ਵਿੱਚ ਇਸ ਅਸਥਾਨ ਦਾ ਨਾਂਅ 'ਗੋਦੜੀ ਸਾਹਿਬ' ਪੈ ਗਿਆ। ਜਿੱਥੇ ਲੋਕ ਆ ਕੇ ਨਤਮਸਤਕ ਹੁੰਦੇ ਹਨ ਤੇ ਆਪਣੀਆਂ ਮਨੋ ਕਾਮਨਾਵਾਂ ਪੂਰੀਆਂ ਕਰਦੇ ਹਨ। ਇਸ ਪਿਛੋਂ ਰਾਜੇ ਮੋਕਲਹਰ ਨੇ ਆਪਣਾ ਨਾਂਅ ਹਟਾ ਕੇ ਦਰਵੇਸ਼ ਫਕੀਰ ਸ਼ੇਖ ਫਰੀਦ ਜੀ ਦੇ ਨਾਂਅ 'ਤੇ ਨਗਰ ਦਾ ਨਾਂਅ 'ਫਰੀਦਕੋਟ' ਰੱਖ ਦਿੱਤਾ। ਫਰੀਦਕੋਟ ਵਿੱਚ ਗੁਰਦੁਆਰਾ ਟਿੱਲਾ ਬਾਬਾ ਸ਼ੇਖ ਫਰੀਦ ਜੀ ਦਾ ਗੁਰਦੁਆਰਾ ਸਾਹਿਬ ਸਥਿਤ ਹੈ, ਜੋ ਕਿ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਇਸ ਸਥਾਨ 'ਤੇ ਹਰ ਵੀਰਵਾਰ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇ ਨਤਮਸਤਕ ਹੁੰਦੀਆਂ ਹਨ। ਉਹ ਵਣ ਦਾ ਦਰੱਖਤ,



ਜਿਸ ਨਾਲ ਬਾਬਾ ਫਰੀਦ ਜੀ ਨੇ ਗਾਰੇ ਦੀ ਟੋਕਰੀ ਚੁੱਕਦੇ ਸਮੇਂ ਆਪਣੇ ਗਾਰੇ ਨਾਲ ਲਿੱਬੜੇ ਹੋਏ ਹੱਥ ਪੂੰਝੇ ਸਨ

ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਕਦੋਂ ਤੇ ਕਿਵੇਂ ਹੋਈ?

ਇਸ ਬਾਰੇ ਇਹ ਤੱਥ ਸਾਹਮਣੇ ਆਏ ਹਨ ਕਿ ਸੇਵਾਦਾਰਾਂ ਨੂੰ ਇਸ ਸਥਾਨ ਦੀ ਸੇਵਾ ਸ਼ੁਰੂ ਕਰਨ ਤੋਂ ਬਾਅਦ ਇੱਕ ਗੱਲ ਹਮੇਸ਼ਾ ਸੋਚਾਂ ਵਿੱਚ ਡੋਬ ਦਿੰਦੀ ਸੀ ਕਿ ਇਸ ਸ਼ਹਿਰ ਵਿੱਚ ਵਸਣ ਵਾਲੇ ਲੋਕਾਂ ਨੂੰ ਬਾਬਾ ਫ਼ਰੀਦ ਜੀ ਦੇ ਇਤਿਹਾਸ ਅਤੇ ਉਨ੍ਹਾਂ ਦੀ ਬਾਣੀ ਬਾਰੇ ਕਿਵੇਂ ਜਾਣੂੰ ਕਰਵਾਇਆ ਜਾਵੇ। ਇਸ ਗੱਲ ਦਾ ਜਵਾਬ ਕੁਦਰਤ ਵੱਲੋਂ ਪ੍ਰਬੰਧਕਾਂ ਦੇ ਮਨ ਵਿੱਚ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਮਨਾਉਣ ਦੇ ਰੂਪ ਵਿੱਚ ਸਾਹਮਣੇ ਆਇਆ।

ਜ਼ਿਕਰਯੋਗ ਹੈ ਕਿ 1969 ਤੋਂ ਪਹਿਲਾਂ ਫਰੀਦਕੋਟ ਦੇ ਇਲਾਕੇ ਜਾਂ ਪੰਜਾਬ ਵਿੱਚ ਬਾਬਾ ਫ਼ਰੀਦ ਜੀ ਦੀ ਯਾਦ ਵਿੱਚ ਨਾ ਹੀ ਕੋਈ ਆਗਮਨ ਪੁਰਬ ਅਤੇ ਨਾ ਹੀ ਕੋਈ ਮੇਲਾ ਮਨਾਇਆ ਜਾਂਦਾ ਸੀ। ਬਾਬਾ ਫ਼ਰੀਦ ਜੀ ਅਤੇ ਫ਼ਰਦੀਕੋਟ ਸ਼ਹਿਰ ਦੇ ਰਜਵਾੜਾਸ਼ਾਹੀ ਇਤਿਹਾਸ ਦੀ ਘੋਖ ਕਰਨ ਤੋਂ ਬਾਅਦ ਇਤਿਹਾਸਕ ਤੱਥਾਂ ਮੁਤਾਬਕ 23 ਸਤੰਬਰ

ਪ੍ਰਮੋਦ ਧੀਰ ਜੈਤੋ

ਨੂੰ ਹਰ ਸਾਲ ਬਾਬਾ ਫ਼ਰੀਦ ਜੀ ਦੇ ਇਸ ਸ਼ਹਿਰ ਵਿੱਚ ਆਗਮਨ ਦੀ ਯਾਦ ਵਿੱਚ ਆਗਮਨ ਪੁਰਬ ਮਨਾਉਣ ਦਾ ਫੈਸਲਾ ਕੀਤਾ ਗਿਆ। ਇਹ ਗੱਲ 1960-61 ਦੀ ਹੈ। ਉਸ ਸਮੇਂ ਜੈਨਟ ਲਿਚਟੀ ਤੇ ਮਾਈਕਲ ਐਲਗਜ਼ੈਂਡਰ ਜੋ ਵਿਦੇਸ਼ ਤੋਂ ਭਾਰਤ ਘੁੰਮਣ ਲਈ ਆਏ ਸਨ। ਜਦੋਂ ਉਹ ਪੰਜਾਬ ਵਿੱਚ ਫਰੀਦਕੋਟ ਵਿਖੇ ਆਏ ਤਾਂ ਉਹ ਉਸ ਸਮੇਂ ਇੰਦਰਜੀਤ ਸਿੰਘ ਜੀ ਕੋਲ ਰਹੇ। ਉਨ੍ਹਾ ਨੂੰ ਜਦੋਂ ਫਰੀਦਕੋਟ ਰਿਆਸਤ ਦੀਆਂ ਇਤਿਹਾਸਕ ਬਿਲਡਿੰਗਾਂ ਦਿਖਾਈਆਂ ਤਾਂ ਇਸ ਦੌਰਾਨ ਸੈਰ ਕਰਦੇ ਹੋਏ ਉਹ ਬਾਬਾ ਫ਼ਰੀਦ ਜੀ ਦੇ ਸਥਾਨ ਨੂੰ ਵੇਖਣ ਲਈ ਗਏ।

ਜਦੋਂ ਵਿਦੇਸ਼ੀ ਸੈਲਾਨੀਆਂ ਨੂੰ ਨਾਲ ਲੈ ਕੇ ਟਿੱਲਾ ਸਾਹਿਬ ਪੁੱਜੇ ਤਾਂ ਵੇਖਿਆ ਕਿ ਸਾਰਾ ਫਰਸ਼ ਕੱਚਾ ਹੈ, ਕੋਈ ਪੱਕੀ ਬਿਲਡਿੰਗ ਨਹੀਂ ਹੈ ਅਤੇ ਉਥੇ ਕੁਝ ਕੁੱਤੇ ਅਤੇ ਗਧੇ ਠੰਢੀ ਛਾਂ ਵਿੱਚ ਮੌਜਾਂ ਮਾਣ ਰਹੇ ਸਨ।' ਚੌਗਿਰਦਾ ਦੀਆਂ ਕੰਧਾਂ ਡਿੱਗੀਆਂ ਹੋਈਆਂ ਸਨ। ਉਸ ਸਮੇਂ ਇਸ ਸਥਾਨ 'ਤੇ ਇੱਕ ਗੁੰਬਦ-ਨੁਮਾ ਕਮਰੇ ਵਿੱਚ ਬਾਬਾ ਜੀ ਦੇ ਹੱਥ ਛੋਹ ਵਾਲੀ ਮੁਤਬਰਕ ਵਣ ਦੀ ਲੱਕੜ ਤੋਂ ਇਲਾਵਾ ਕੁਝ ਨਹੀਂ ਸੀ ਤੇ ਇਹ ਗੁੰਬਦ ਖਸਤਾ ਹਾਲਤ ਵਿੱਚ ਸੀ।

ਦਰਸ਼ਨ ਕਰਨ ਤੋਂ ਬਾਅਦ ਜਦੋਂ ਵਿਦੇਸ਼ੀ ਸੈਲਾਨੀ ਬਾਹਰ ਆਏ ਤਾਂ ਜੈਨਟ ਲਿਚਟੀ ਅੰਗਰੇਜ਼ੀ ਵਿੱਚ ਕਹਿਣ ਲੱਗੀ, 'ਤੁਸੀਂ ਤਾਂ ਕਹਿੰਦੇ ਹੋ ਇਸ ਸੰਤ ਨੂੰ ਸਾਰੇ ਲੋਕ ਮੰਨਦੇ ਹਨ, ਪਰ ਮੈਨੂੰ ਲੱਗਦਾ ਹੈ ਕਿ ਇਸ ਨੂੰ ਮੰਨਣ ਵਾਲੇ ਲੋਕ ਇਸ ਇਲਾਕੇ ਵਿੱਚ ਰਹਿੰਦੇ ਹੀ ਨਹੀਂ।' ਇਹ ਸੁਣਨ ਤੋਂ ਬਾਅਦ ਉਨ੍ਹਾ ਦੇ ਨਾਲ ਗਏ ਹੋਏ ਸਾਥੀ ਸ਼ਰਮਸਾਰ ਹੋ ਗਏ ਅਤੇ ਕੋਈ ਜਵਾਬ ਨਾ ਦੇ ਸਕੇ।

ਪੰਜਾਬ ਸਰਕਾਰ ਵੱਲੋਂ ਬਾਬਾ ਫਰੀਦ ਜੀ ਦੀ ਯਾਦ ਵਿੱਚ ਮੇਲਾ 1986 ਵਿੱਚ ਆਰੰਭ ਹੋਇਆ, ਜਿਸ ਸਮੇਂ ਪੂਰਾ ਪੰਜਾਬ ਅੱਤਵਾਦ ਦੇ ਦੌਰ ਵਿਚੋਂ ਲੰਘ ਰਿਹਾ ਸੀ। ਪੰਜਾਬ ਅੰਦਰ ਗਵਰਨਰੀ ਰਾਜ ਸੀ, ਪੰਜਾਬ ਦੇ ਤਤਕਾਲੀ ਰਾਜਪਾਲ ਸਿਧਾਰਥ ਸ਼ੰਕਰ ਰੇਅ ਵੱਲੋਂ ਪੰਜਾਬ ਵਿੱਚ ਭਾਈਚਾਰਕ ਸਾਂਝ ਅਤੇ ਸਦਭਾਵਨਾ ਪੈਦਾ ਕਰਨ ਲਈ ਮੇਲਿਆਂ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਪਹਿਲਾ ਮੇਲਾ ਮਹਾਨ ਸੂਫੀ ਸੰਤ ਬਾਬਾ ਸ਼ੇਖ ਫਰੀਦ ਜੀ, ਜਿਨ੍ਹਾਂ ਨੂੰ ਪੰਜਾਬ ਭਾਸ਼ਾ ਦਾ ਪਿਤਾਮਾ ਆਖਿਆ ਜਾਂਦਾ ਹੈ, ਉਹਨਾਂ ਦੀ ਯਾਦ ਨੂੰ ਸਮਰਪਤ ਕਰਕੇ ਫਰੀਦਕੋਟ ਵਿਖੇ ਸ਼ੁਰੂ ਕੀਤਾ ਗਿਆ।

ਇਸ ਤਰਾਂ ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਹੋਈ ਅਤੇ ਉਸ ਸਮੇਂ ਤੋਂ ਹਰ ਸਾਲ 19 ਤੋਂ 23 ਸਤੰਬਰ ਤੱਕ ਸ਼ੇਖ ਫਰੀਦ ਜੀ ਦਾ ਆਗਮਨ ਪੁਰਬ ਧੂਮ-ਧਾਮ ਨਾਲ ਮਨਾਇਆ ਜਾਣ ਲੱਗਾ ਜੋ ਕਿ ਇਸ ਵਾਰ ਮਾਣਯੋਗ ਡਿਪਟੀ ਕਮਿਸ਼ਨਰ ਫਰੀਦਕੋਟ ਰਾਹੁਲ ਚਾਬਾ ਦੇ ਯਤਨਾਂ ਨਾਲ ਇਹ ਮੇਲਾ 19 ਤੋਂ 23 ਸਤੰਬਰ ਤੱਕ ਮਨਾਇਆ ਜਾਵੇਗਾ। ਕਰਾਫਟ ਮੇਲਾ ਦਾਨਾ ਮੰਡੀ ਫਰੀਦਕੋਟ ਵਿਖੇ 19 ਸਤੰਬਰ ਤੋਂ 28 ਸਤੰਬਰ ਤੱਕ ਚੱਲੇਗਾ। ਇਸ ਆਗਮਨ ਪੁਰਬ ਮੌਕੇ ਨਗਰ ਕੀਰਤਨ ਸਜਾਏ ਜਾਂਦੇ ਹਨ, ਬਾਣੀ ਦਾ ਪਾਠ, ਸ਼ਬਦ ਕੀਰਤਨ, ਖੇਡਾਂ, ਸੂਫੀ ਪ੍ਰੋਗਰਾਮ, ਸੱਭਿਆਚਾਰਕ ਮੇਲੇ, ਟੂਰਨਾਮੈਂਟ,ਕੌਮੀ ਲੋਕ ਨਾਚ ਆਦਿ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਵਾਏ ਜਾਂਦੇ ਹਨ। ਇਸ ਸਾਲ ਵੀ ਜ਼ਿਲ੍ਹਾ ਪ੍ਰਸ਼ਾਸਨ ਫਰੀਦਕੋਟ ਵੱਲੋਂ 19 ਤੋਂ 23 ਸਤੰਬਰ ਤੱਕ ਰਾਜ ਪੱਧਰੀ ਬਾਬਾ ਫਰੀਦ ਸਾਹਿਤ ਉਤਸਵ ਤੇ ਪੁਸਤਕ ਮੇਲਾ, ਖੇਡ ਮੇਲਾ, ਕਵੀ ਦਰਬਾਰ, ਫੋਟੋਗ੍ਰਾਫ਼ੀ ਅਤੇ ਪੇਂਟਿੰਗ ਪ੍ਰਦਰਸ਼ਨੀ, ਬਾਬਾ ਸ਼ੇਖ ਫਰੀਦ ਡਰਾਮਾ ਫੈਸਟੀਵਲ, ਕੌਮੀ ਲੋਕ ਨਾਚ, ਕਵਾਲੀ ਪ੍ਰੋਗਰਾਮ, ਸੱਭਿਆਚਾਰਕ ਪ੍ਰੋਗਰਾਮ, ਨਗਰ ਕੀਰਤਨ, ਇਨਾਮ ਵੰਡ ਸਮਾਰੋਹ ਆਦਿ ਚੱਲਣਗੇ। ਇਲਾਕੇ ਦੇ ਲੋਕਾਂ ਵਿੱਚ ਇਸ ਮੇਲੇ ਪ੍ਰਤੀ ਪੂਰਾ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

# ਸੰਪਰਕ : 98550-31081

# ਪੈਸਾ ਭਾਰਤ ਦਾ, ਲੁੱਟਣ ਵਿਦੇਸ਼ੀ ਕੰਪਨੀਆਂ!

ਜਗਮੇਲ ਸਿੰਘ

ਅੰਗਰੇਜ਼ੀ ਰਾਜ ਭਾਵੇਂ ਖਤਮ, ਭਾਰਤ ਦੀ ਸਾਮਰਾਜੀ ਲੁੱਟ ਜਿਉਂ ਦੀ ਤਿਉਂ । ਅੰਗਰੇਜ਼ੀ ਰਾਜ, ਦੋ ਸੌ ਸਾਲ । ਖੁੱਲ੍ਹ ਕੇ ਲੁੱਟਿਆ, 1757 ਤੋਂ 1938 ਤੱਕ 1230 ਖਰਬ ਰੁਪਏ। ਮੁਲਕ ਦੀ ਵੱਡੀ ਸਰਮਾਏਦਾਰੀ ਤੇ ਰਾਜੇ ਰਜਵਾੜੇ, ਅੰਗਰੇਜ਼ਾਂ ਨਾਲ ਬਗਲਗੀਰ। ਇਹਨਾਂ ਚਾਕਰੀ ਕੀਤੀ, ਉਹਨਾਂ ਰਾਜ ਕੀਤਾ ਤੇ ਲੁੱਟ ਕੀਤੀ।ਚਾਕਰੀ ਦਾ ਲੱਗਿਆ ਚਸਕਾ, ਅੱਜ ਵੀ ਇਹ ਸ਼ੌਂਕ ਵਾਂਗੂ ਪਾਲਣ।ਝੰਡਾ ਰਾਸ਼ਟਰਵਾਦ ਦਾ ਤੇ ਜਸ਼ਨ ਆਜ਼ਾਦੀ ਦੇ, ਸੇਵਾ ਕਰਨ ਸਾਮਰਾਜ ਦੀ ।ਮੁਲਕ ਦਾ ਪੈਸਾ ਨੋਚਣ, ਈਸਟ ਇੰਡੀਆ ਕੰਪਨੀ ਵਰਗੀਆਂ ਗਿਰਝਾਂ । ਹਕੂਮਤਾਂ ਆਪਣੇ ਹੱਥੀਂ ਚੋਗ ਚਗਾਉਣ, ਕਨੂੰਨੀ ਰੋਕਾਂ ਚੱਕਣ।ਰਿਆਇਤਾਂ ਛੋਟਾਂ ਦੇ ਲਿਖਤੀ ਭਰੋਸੇ ਦੇਣ।ਜ਼ਮੀਨਾਂ ਕੌਡੀਆਂ ਦੇ ਭਾਅ, ਪਟੇ ਲਿਖਾਉਣ। ਕਿਰਤ ਵਿਦੇਸ਼ਾਂ ਤੋਂ ਕਿਤੇ ਸਸਤੀ। ਸ਼ਾਂਤੀ ਸੁਰੱਖਿਆ ਦੇ ਜੁੰਮੇ ਲੈਣ। ਮੌਜੂਦਾ ਭਾਜਪਾ ਤੇ ਆਪ ਹਕੂਮਤ ਕਹਿਣ ਨੂੰ ਚੌਂਕੀਦਾਰ, ਕਰਨ ਨੂੰ ਸਾਮਰਾਜੀਆਂ ਦੇ ਵੱਡੇ ਸੇਵਾਦਾਰ ।ਅਖ਼ਬਾਰੀ ਅੰਕੜੇ ਦੱਸਣ, ਪੰਜ ਹਜ਼ਾਰ ਤੋਂ ਉੱਪਰ ਆ ਗਿਰਝਾਂ ਦਾ ਇਹ ਝੁੰਡ, ਹਰ ਸਾਲ ਲੁੱਟ ਦੀਆਂ ਪੰਡਾਂ ਚੁੱਕ ਲੈ ਜਾਂਦੈ ।ਇਹਨਾਂ ਦੀ ਇੱਕ ਸਾਲ ਦੀ ਆਮਦਨ ਦੀਆਂ ਕੁਝ ਕੁ ਝਲਕਾਂ:

ਇੰਗਲੈਂਡ ਦੀ ਯੂਨੀਲੀਵਰ ਕੰਪਨੀ, ਇਥੇ ਹਿੰਦੁਸਤਾਨ ਯੂਨੀਲੀਵਰ ਲਿਮਟਿਡ (8"*) ਦੇ ਨਾਂਅ 'ਤੇ ਚੱਲੇ ।ਇਹਨੇ ਸਾਬਣ, ਸੈਂਪੂ, ਕਰੀਮ, ਟੁਥਪੇਸਟ, ਡਿਟਰਜੈਂਟ ਚਾਹ ਤੇ ਹੋਰ ਖਾਣ-ਪੀਣ ਵੇਚ ਕੇ ਸਾਲ 2026 ਦੀ ਪਹਿਲੀ ਤਿਮਾਹੀ 'ਚ ਹੀ 63763 ਕਰੋੜ ਰੁਪਏ ਕਮਾਏ।ਇੰਗਲੈਂਡ ਦਾ ਸਟੈਂਡਰਡ ਚਾਰਟਰਡ ਬੈਂਕ ਨੇ ਕਰਜ਼ੇ ਦੇ ਵਿਆਜ ਤੋਂ ਇੱਕ ਸਾਲ ਵਿਚ ਕਮਾਏ 14164 ਕਰੋੜ ਰੁਪਏ। ਇਸ ਦੀ ਵੋਡਾਫੋਨ ਕੰਪਨੀ ਨੇ ਮੋਬਾਇਲ ਵੇਚੇ।ਇੱਕ ਸਾਲ ਦੀ ਖੱਟੀ 44873 ਕਰੋੜ ਰੁਪਏ।ਇਸ ਦੀ ਇੱਕ ਹੋਰ ਆਈ ਸੀ ਆਈ ਕੰਪਨੀ ਨੇ ਰਸਾਇਣ ਖਾਦ, ਪੇਂਟਸ, ਦਵਾਈਆਂ,ਪੈਸਟੀਸਾਈਡ ਤੇ ਪਲਾਸਟਿਕ ਤੋਂ ਕਮਾਏ 4091 ਕਰੋੜ ਰੁਪਏ।ਇਸ ਦੀ ਗਲੈਕਸੋ ਕੰਪਨੀ ਦੀ ਦਵਾਈਆਂ ਤੋਂ ਆਮਦਨ 3866 ਕਰੋੜ ਰੁਪਏ।ਇਸ ਦੀ ਆਈ ਟੀ ਸੀ ਕੰਪਨੀ ਨੇ ਸਿਗਰੇਟ, ਤੰਬਾਕੂ, ਹੋਟਲ ਕਾਗਜ਼ ਤੋਂ ਕਮਾਏ 77690 ਕਰੋੜ ਰੁਪਏ।ਸੈਵਲੋਨ ਕੰਪਨੀ ਨੇ ਸਾਬਣ ਤੇ ਐਂਟੀਸੈਪਟਿਕ ਤਰਲ ਤੋਂ ਕਮਾਏ 73464 ਕਰੋੜ ਰੁਪਏ।

ਅਮਰੀਕਾ ਦੀਆਂ ਕਈ ਕੰਪਨੀਆਂ, ਮਾਈਕਰੋਸੋਫਟ ਕਾਰਪੋਰੇਸ਼ਨ ਇੰਡੀਆ ਤੇ ਮਾਈਕਰੋਸੋਫਟ ਇੰਡੀਆ (ਆਰ ਐਂਡ ਡੀ)। ਮਾਈਕਰੋਸੋਫਟ ਕਾਰਪੋਰੇਸ਼ਨ ਆਫ ਇੰਡੀਆ ਨੇ ਇੱਕ ਸਾਲ ਵਿੱਚ 29303 ਕਰੋੜ ਰੁਪਏ ਕਮਾਏ । ਮਾਈਕਰੋਸਾਫਟ ਇੰਡੀਆ ਨੇ 19106 ਕਰੋੜ ਰੁਪਏ ।ਇਸ ਦੀ ਕੰਪਨੀ ਕਾਰਗਲ ਨੇ ਖਾਣ ਵਾਲੇ ਤੇਲ, ਬੀਜ, ਖੰਡ, ਪਸ਼ੂ ਫੀਡ, ਮੱਛੀ ਫੀਡ, ਸਟਾਰਟ, ਸਵੀਕਾਰ ਦੇ ਵੱਟੇ 66865 ਕਰੋੜ ਰੁਪਏ।ਇੱਕ ਹੋਰ ਕੰਪਨੀ ਡੋਅ ਨੇ ਪੌਲੀਮਰ,ਸਿਲੀਕੋਨ, ਪਲਾਸਟਿਕ ਦੇ ਇੱਕ ਸਾਲ ਵਿੱਚ 47,865 ਕਰੋੜ ਰੁਪਏ ਲੁੱਟੇ।ਪੈਪਸੀਕੋ ਕੰਪਨੀ ਨੇ ਕੋਲਡ ਡਰਿੰਕਸ, ਸਨੈਕਸ, ਪ੍ਰੋਸੈਸਡ ਫੂਡ ਦੀ ਕਮਾਈ 9060 ਕਰੋੜ ਰੁਪਏ।ਅਮਰੀਕਾ ਦੀ ਕੋਲਗੇਟ ਕੰਪਨੀ ਦੀ ਟੁਥ ਪੇਸਟ ਤੋਂ ਆਮਦਨ 6179 ਕਰੋੜ ਰੁਪਏ।ਅਮਰੀਕਾ ਦੀ ਜਿਲੇਟ ਕੰਪਨੀ ਦੀ ਬਲੇਡ ਤੇ ਸ਼ੇਵ ਕਰਨ ਦੇ ਸਮਾਨ ਤੋਂ 2235 ਕਰੋੜ ਰੁਪਏ ਆਮਦਨ।ਅਮਰੀਕਾ ਦੀ ਜੋਹਨਸਨ ਐਂਡ ਜੋਹਨਸਨ ਕੰਪਨੀ ਦੀ ਪਾਊਡਰ, ਦਵਾਈਆਂ ਤੋਂ ਆਮਦਨ 4461 ਕਰੋੜ ਰੁਪਏ ।ਅਮਰੀਕਾ ਦੀ ਡਿਊਪੌਂਟ ਕੰਪਨੀ ਦੀ ਨਾਈਲੋਨ ਕੱਪੜਾ, ਪੌਲੀਮਰ ਤੋਂ ਆਮਦਨ 1 ਲੱਖ ਕਰੋੜ ਰੁਪਏ।

ਜਰਮਨ ਦੀ ਕੰਪਨੀ ਬੇਅਰ,ਬੀਜ, ਕੀਟ ਨਾਸ਼ਕ ਤੇ ਬੂਟੀ ਨਾਸਕ ਤੋਂ 2026 ਦੀ ਪਹਿਲੀ ਤਿਮਾਹੀ ਹੀ 5675 ਕਰੋੜ ਰੁਪਏ ਆਮਦਨ ਹੋਈ। ਅੰਗਰੇਜ਼ੀ ਰਾਜ ਸਮੇਂ ਤੋਂ ਹੀ ਭਾਰਤ ਨੂੰ ਲੁੱਟੇ। ਪੰਜਾਬ ਵਿੱਚ 2015 ਵਿੱਚ ਇਹਦਾ ਜਲੂਸ ਨਿਕਲਿਆ, ਮਾੜੇ ਬੀਜਾਂ ਕਾਰਨ।ਰਿਸ਼ਵਤ ਸਕੈਂਡਲ ਦੀਆਂ ਖਬਰਾਂ ਛਪੀਆਂ, ਉਂਗਲਾਂ ਪੰਜਾਬ ਦੇ ਖੇਤੀ ਮੰਤਰੀ ਤੇ ਖੇਤੀ ਮਹਿਕਮੇ ਦੇ ਅਫ਼ਸਰ ਵੱਲ ।ਇਸ ਦਾ ਕਾਰੋਬਾਰ ਫਸਲਾਂ ਲਈ ਕੀਟ ਨਾਸਕ ਤੇ ਬੂਟੀ ਨਾਸ਼ਕ । ਬੀਜਾਂ ਦਾ ਧੰਦਾ ਵੀ।

ਇਟਲੀ ਦੀ ਕੰਪਨੀ ਮੀਟੇਨੀ ਨੇ, ਫਲੋਰੀਨ, ਪਾਣੀ,ਤੇਲ ਤੋਂ ਕਮਾਏ 2985 ਕਰੋੜ ਰੁਪਏ। ਭਾਰਤ ਵਿੱਚ 2020 ਤੋਂ ਮਹਾਰਾਸ਼ਟਰ ਵਿੱਚ । ਇਹਦੇ ਉਤਪਾਦ ਬੀਮਾਰੀਆਂ ਫੈਲਾਉਣ, ਪੈਂਤੀ ਹਜ਼ਾਰ ਲੋਕ ਪ੍ਰਭਾਵਤ।ਉਥੋਂ ਲੋਕਾਂ ਦੇ ਸੰਘਰਸ਼ ਨੇ ਭਜਾਈ ਐ।ਇੱਥੇ ਵੀ ਉਤਪਾਦਨ ਉਹੀ।

ਚੀਨ ਦੀਆਂ ਚਾਰ ਕੰਪਨੀਆਂ ਵੀ ਭਾਰਤ ਲੁੱਟਣ ਵਿੱਚ ਸ਼ਾਮਲ ਹਨ, ਜਿਨ੍ਹਾਂ ਦਾ ਕਾਰੋਬਾਰ ਮੋਬਾਇਲ, ਕੰਪਿਊਟਰ, ਫਰਿੱਜ, ਵਾਸ਼ਿੰਗ ਮਸ਼ੀਨਾਂ, ਏਅਰ ਕੰਡੀਸ਼ਨਰ, ਵਾਟਰ ਗੀਜਰ, ਮਾਈਕ੍ਰੋਵੇਵ ਵਗੈਰਾ। ਸ਼ਾਓਮੀ ਇੰਡੀਆ ਨਾਂਅ ਦੀ ਕੰਪਨੀ ਦੀ ਸਾਲ ਦੀ ਆਮਦਨ 23976 ਕਰੋੜ ਰੁਪਏ।ਓਪੋ ਇੰਡੀਆ ਇੱਕ ਸਾਲ ਵਿੱਚ ਕਮਾਉਂਦਾ 51962 ਕਰੋੜ ਰੁਪਏ।ਲੀਨੋਵੋ ਇੰਡੀਆ ਪ੍ਰਾਈਵੇਟ ਲਿਮਟਿਡ ਦੀ ਆਮਦਨ 13388 ਕਰੋੜ ਰੁਪਏ।ਹਾਇਰ ਐਪਲਾਈਂਸਸ ਦੀ ਆਮਦਨ ਸਾਲ 9974 ਕਰੋੜ ਰੁਪਏ।

ਰੂਸੀ ਕੰਪਨੀਆਂ ਲੁੱਟ ਦੇ ਧੰਦੇ ਵਿੱਚ ਪਿੱਛੇ ਨਹੀਂ।ਰੋਸਨੇਫ਼ਤ ਭਾਰਤ ਵਿੱਚ 2017 ਵਿੱਚ ਆਈ।ਇਹਦਾ ਕਾਰੋਬਾਰ ਕੱਚਾ ਤੇਲ ਕੱਢਣਾ, ਰਿਫਾਇਨ ਕਰਨਾ, ਵਪਾਰ ਕਰਨਾ ਤੇ ਕਈ ਹੋਰ ਪੈਟਰੋਲੀਅਮ ਪਦਾਰਥ। ਗੁਜਰਾਤ ਵਿੱਚ ਰਿਫਾਇਨਰੀ, ਪਹਿਲਾਂ ਐਸਆਰ (ESSAR) ਹੁਣ ਨਿਆਰਾ ਐਨਰਜੀ ਦੇ ਨਾਂਅ ਹੇਠ ਤੇਲ ਵੇਚੇ। ਹੈਵੀ ਵ੍ਹੀਕਲ ਲਈ ਹਾਈ ਸਪੀਡ ਡੀਜ਼ਲ ਤੇ ਉਦਯੋਗਿਕ ਭੱਠੀਆਂ ਲਈ ਲਾਈਟ ਡੀਜ਼ਲ ਵੇਚੇ। 6500 ਦੇ ਲਗਭਗ ਪਰਚੂਨ ਵਿਕਰੀ ਕੇਂਦਰ । ਪੋਲੀਪ੍ਰੋਪਾਈਲੀਨ ਪਲਾਂਟ ਵਿੱਚ ਪਲਾਸਟਿਕ ਤੇ ਪਲਾਸਟਿਕ ਤੋਂ ਕਈ ਆਮ ਵਰਤੋਂ ਵਾਲੀਆਂ ਵਸਤਾਂ ਬਣਾਵੇ । ਇਸ ਦੀ ਬਿਟੂਮਨ, ਸੜਕ ਨਿਰਮਾਣ ਲਈ ਵਿਕੇ।ਸੀਮੈਂਟ ਲਈ ਪੈਟਕੋਕ ਤੇ ਫ਼ਸਲੀ ਖਾਦ ਲਈ ਸਲਫ਼ਰ ਤਿਆਰ ਕਰੇ।ਪੇਂਟ ਵੀ ਬਣਾਉਂਦਾ।ਇਸ ਦੀ ਸਾਲ ਦੀ ਆਮਦਨ 898784 ਕਰੋੜ ਰੁਪਏ। ਇਸ ਦੀ ਕੈਸਪਰਸਕੀ ਕੰਪਨੀ ਦੀ ਸਾਲਾਨਾ ਕਮਾਈ ਲਗਭਗ 8000 ਕਰੋੜ ਰੁਪਏ ਹੈ।

ਰੂਸ ਦਾ ਵੀ ਟੀ ਬੀ ਬੈਂਕ 2005 ਵਿੱਚ ਆਇਆ।ਇਸ ਦੀ ਆਮਦਨੀ 1937 ਕਰੋੜ ਰੁਪਏ।

ਫਰਾਂਸ ਦੀਆਂ ਵੀ ਕਈ ਕੰਪਨੀਆਂ ਲੁੱਟ ਦੇ ਧੰਦੇ ਵਿੱਚ ਸ਼ਾਮਲ। ਰੀਨੌਲਟ ਕੰਪਨੀ ਨੇ ਕਾਰਾਂ ਵੇਚ ਕੇ 11877 ਕਰੋੜ ਰੁਪਏ ਕਮਾਏ। ਏਅਰਬੱਸ ਕੰਪਨੀ ਨੇ ਜਹਾਜ਼ਾਂ ਦੀ ਰੱਖ ਰਖਾਅ ਤੋਂ 2446 ਕਰੋੜ ਰੁਪਏ ਕਮਾਏ। ਲਾ ਓਰੀਅਲ ਕੰਪਨੀ ਨੇ ਕਾਸਮੈਟਿਕ ਦੇ ਸਮਾਨ ਤੋਂ 5925 ਕਰੋੜ ਰੁਪਏ ਕਮਾਏ। ਡੀ ਕੈਥਲੋਨ ਕੰਪਨੀ 2009 ਵਿੱਚ ਆਈ। ਖੇਡਾਂ ਤੇ ਯੋਗਾ ਨਾਲ ਸਬੰਧਤ ਹਰ ਸਮਾਨ,ਖੇਡ ਬੂਟਾਂ ਸਣੇ। ਇੱਕ ਸਾਲ ਵਿੱਚ 4008 ਕਰੋੜ ਰੁਪਏ ਕਮਾਏ।

ਸਵਿਟਜ਼ਰਲੈਂਡ ਦੀ ਸੀਬਾ ਗਾਈਗੀ/ਸਾਈਜੈਂਟਾ ਕੰਪਨੀ ਦੀ ਦਵਾਈਆਂ, ਪੇਂਟ, ਖੇਤੀ ਨਾਲ ਸਬੰਧਤ ਸਮਾਨ ਤੋਂ ਆਮਦਨ 5618 ਕਰੋੜ ਰੁਪਏ।ਨੈਸਲੇ ਕੰਪਨੀ ਦੀ ਦੁੱਧ, ਦੁੱਧ ਉਤਪਾਦ, ਮੈਗੀ, ਕੌਫ਼ੀ, ਬਿਸਕੁਟ,ਬੇਬੀ ਫੂਡ ਤੋਂ ਆਮਦਨ 20260 ਕਰੋੜ ਰੁਪਏ।

ਚੈਕੋਸਲਵਾਕੀਆ ਦੀ ਬਾਟਾ ਕੰਪਨੀ ਦੀ ਜੁੱਤਿਆਂ ਤੋਂ ਆਮਦਨ 3553 ਕਰੋੜ ਰੁਪਏ।

ਨੀਦਰਲੈਂਡ ਦੀ ਫਿਲਿਪਸ ਕੰਪਨੀ ਦੀ ਬਲਬ, ਟਿਊਬ, ਰੇਡੀਓ ਤੋਂ ਆਮਦਨ 6630 ਕਰੋੜ ਰੁਪਏ।

ਵਿਦੇਸ਼ੀ ਕੰਪਨੀਆਂ ਦੀ ਲੁੱਟ ਦੀਆਂ ਆਹ ਝਲਕਾਂ, ਲੁੱਟ ਦੇ ਢੇਰ ਵਿਚੋਂ ਸਿਰਫ਼ ਇੱਕ ਮੁੱਠੀ।ਪੰਜ ਹਜ਼ਾਰ ਕੰਪਨੀਆਂ ਵਿੱਚੋਂ ਸਿਰਫ਼ ਦੋ ਢਾਈ ਦਰਜਨ।ਕਈ ਅੰਗਰੇਜ਼ੀ ਰਾਜ ਵੇਲੇ ਦੀਆਂ, ਕਈ ਪਿਛਲੇ ਵੀਹ ਪੱਚੀ ਸਾਲਾਂ ਤੋਂ। ਲੁੱਟ ਦੂਹਰੀ-ਤੀਹਰੀ, ਅਰਬਾਂ-ਖਰਬਾਂ 'ਚ । ਕਾਰੋਬਾਰਾਂ ਤੋਂ, ਰਿਆਇਤਾਂ ਛੋਟਾਂ ਤੋਂ, ਸਸਤੀ ਜ਼ਮੀਨ, ਸਸਤੀ ਮਜ਼ਦੂਰੀ, ਸਸਤੇ ਕਰਜ਼ੇ ਤੇ ਕਰਜ਼ੇ-ਮਾਫ਼ੀਆਂ ਤੋਂ। ਖਤਰਾ ਹੋਰ ਵੀ ਵੱਡੈ।ਇਹ ਕੋਰੋਨਾ ਬੀਮਾਰੀ ਵਾਂਗੂ, ਘਰੇਲੂ ਸਨਅਤ ਦਾ ਗਲ ਘੁੱਟਦੀਆਂ। ਮੁਕਾਬਲੇ ਵਿੱਚ ਪਿੱਛੇ ਧੱਕਦੀਆਂ । ਕਬਜ਼ੇ ਕਰਦੀਆਂ।ਕੁਦਰਤੀ ਸਰੋਤਾਂ ਨੂੰ ਲੁੱਟਦੀਆਂ।ਵਾਤਾਵਰਣ ਪ੍ਰਦੂਸ਼ਤ ਕਰਦੀਆਂ।ਪਾਣੀ ਸੜਾਕਦੀਆਂ ਤੇ ਜ਼ਹਿਰੀ ਬਣਾਉਂਦੀਆਂ। ਮੁਲਕ ਦੀ ਪ੍ਰਭੂਸੱਤਾ ਤੇ ਆਜ਼ਾਦੀ ਨੂੰ ਵੀ ਖਤਰਾ ਖੜ੍ਹਾ ਕਰਦੀਆਂ।

ਸਾਮਰਾਜੀ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਲੁੱਟ ਰੋਕੀ ਜਾਣੀ ਚਾਹੀਦੀ ਆ।ਸਰਕਾਰ ਨਹੀਂ ਰੋਕਦੀ, ਉਹ ਤਾਂ ਖੁਦ ਸੱਦੇ ਨਾਲ ਰਿਆਇਤਾਂ ਦੇ ਡੱਬੇ ਦੇ ਕੇ ਆਉਂਦੀ ਆ। ਲੋਕ ਜ਼ੋਰਦਾਰ ਆਵਾਜ਼ ਉਠਾਉਣ, ਸਰਕਾਰ ਮਜਬੂਰ ਹੋ ਕੇ ਇਹ ਰੋਕਣ ਲਈ ਕਦਮ ਚੱਕੇ। ਸਾਮਰਾਜੀ ਕੰਪਨੀਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਵੇ।ਮੁਲਕ ਵਿੱਚ ਸਨਅਤਾਂ ਲੱਗਣ, ਜੋ ਲੋਕਾਂ ਲਈ ਲੋੜੀਂਦੀ ਹਰ ਵਸਤ ਦਾ ਉਤਪਾਦਨ ਕਰਨ ਤੇ ਹਰ ਹੱਥ ਨੂੰ ਰੁਜ਼ਗਾਰ ਦੇਣ।

# ਸੰਪਰਕ: 94172-24822

# ਲੋਕ ਕੰਮਾਂ ਦੇ ਅਧਾਰ 'ਤੇ ਕਰਨ ਪਿਛਲੀਆਂ ਤੇ ਮੌਜੂਦਾ ਸਰਕਾਰ ਦੀ ਤੁਲਨਾ : ਅਮਨ ਅਰੋੜਾ

## ਘਰ-ਘਰ ਪਹੁੰਚਾਇਆ ਜਾ ਰਿਹੈ ਪੰਜਾਬ ਸਰਕਾਰ ਦੇ ਕੰਮਾਂ ਦਾ ਰਿਪੋਰਟ ਕਾਰਡ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਦੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਡੋਰ-ਟੂ-ਡੋਰ ਮੁਹਿੰਮ ਤੇ ਪਾਰਟੀ ਦੀ ਮੈਂਬਰਸ਼ਿਪ ਡਰਾਈਵ ਤਹਿਤ ਲੋਕਾਂ ਨਾਲ ਰਾਬਤਾ ਕਾਇਮ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਭ ਤੋਂ ਵੱਡੀ ਤਾਕਤ ਇਸ ਦੇ ਵਰਕਰ ਤੇ ਵਲੰਟੀਅਰ ਹਨ, ਜੋ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਸਿੱਧਾ ਸੰਪਰਕ ਕਾਇਮ ਕਰਕੇ ਸਰਕਾਰ ਵੱਲੋਂ ਕੀਤੇ ਕੰਮਾਂ ਦਾ ਲੇਖਾ-ਜੋਖਾ ਉਨ੍ਹਾਂ ਸਾਹਮਣੇ ਰੱਖ ਰਹੇ ਹਨ।ਅਮਨ ਅਰੋੜਾ ਨੇ ਕਿਹਾ ਕਿ 'ਆਪ' ਦੀ ਸਿਆਸਤ ਦਾ ਮੁੱਢਲਾ ਸਿਧਾਂਤ ਲੋਕਾਂ ਵਿੱਚ ਜਾ ਕੇ ਉਨ੍ਹਾਂ ਨਾਲ ਸਿੱਧਾ ਸੰਵਾਦ ਕਰਨਾ ਹੈ।

ਇਸੇ ਸੋਚ ਤਹਿਤ ਪਾਰਟੀ ਦੇ ਵਰਕਰ ਤੇ ਵਲੰਟੀਅਰ ਪੰਜਾਬ ਦੇ ਘਰ-ਘਰ ਪਹੁੰਚ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਪਿਛਲੇ ਸਾਢੇ ਚਾਰ ਸਾਲਾਂ ਦੇ ਕੰਮਾਂ ਦਾ ਰਿਪੋਰਟ ਕਾਰਡ ਲੋਕਾਂ ਸਾਹਮਣੇ ਰੱਖ ਰਹੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਤੇ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਸ਼ੁਰੂ ਕੀਤੀ ਗਈ ਇਸ ਸੂਬਾ ਪੱਧਰੀ ਮੁਹਿੰਮ ਤਹਿਤ ਇੱਕ ਵਿਸ਼ੇਸ਼ ਪੈਂਫਲੇਟ/ਰਿਪੋਰਟ ਕਾਰਡ ਵੀ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ।ਇਸ ਵਿੱਚ ਸਰਕਾਰ ਵੱਲੋਂ ਬਿਜਲੀ, ਸਿਹਤ, ਸਿੱਖਿਆ, ਮਹਿਲਾ ਭਲਾਈ ਅਤੇ ਹੋਰ ਖੇਤਰਾਂ ਵਿੱਚ ਕੀਤੀਆਂ ਪਹਿਲਕਦਮੀਆਂ ਅਤੇ ਉਨ੍ਹਾਂ ਰਾਹੀਂ ਪਰਿਵਾਰਾਂ ਨੂੰ ਹੋਣ ਵਾਲੀ ਬੱਚਤ ਦਾ ਵੇਰਵਾ ਦਿੱਤਾ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਮ ਪਰਿਵਾਰ ਦੀ ਰੋਜ਼ਾਨਾ ਜ਼ਿੰਦਗੀ ਨਾਲ ਜੁੜੇ ਖ਼ਰਚਿਆਂ ਨੂੰ ਘਟਾਉਣ ਨੂੰ ਆਪਣੀਆਂ ਮੁੱਖ ਤਰਜੀਹਾਂ ਵਿੱਚ ਰੱਖਿਆ ਹੈ।ਉਨ੍ਹਾਂ ਕਿਹਾ ਕਿ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੀ ਸਹੂਲਤ ਨਾਲ ਵੱਡੀ ਗਿਣਤੀ ਵਿੱਚ ਘਰੇਲੂ ਖਪਤਕਾਰਾਂ ਨੂੰ ਬਿਜਲੀ ਬਿੱਲਾਂ ਤੋਂ ਰਾਹਤ ਮਿਲੀ ਹੈ।ਇਸ ਤੋਂ ਇਲਾਵਾ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਸਰਕਾਰੀ ਸਹੂਲਤਾਂ ਦੇ ਵਿਸਥਾਰ ਦਾ ਉਦੇਸ਼ ਪਰਿਵਾਰਾਂ ਦੇ ਇਲਾਜ ਅਤੇ ਬੱਚਿਆਂ ਦੀ ਪੜ੍ਹਾਈ 'ਤੇ ਹੋਣ ਵਾਲੇ ਖ਼ਰਚੇ ਨੂੰ ਘਟਾਉਣਾ ਹੈ।ਉਨ੍ਹਾਂ ਕਿਹਾ ਕਿ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਯੋਗ ਮਹਿਲਾਵਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਯੋਜਨਾ ਤਹਿਤ ਯੋਗ ਐਸ.ਸੀ. ਵਰਗ ਦੀਆਂ ਮਹਿਲਾਵਾਂ ਲਈ 1,500 ਰੁਪਏ ਤੇ ਹੋਰ ਯੋਗ ਵਰਗਾਂ ਦੀਆਂ ਮਹਿਲਾਵਾਂ ਲਈ 1,000 ਰੁਪਏ ਪ੍ਰਤੀ ਮਹੀਨਾ ਸਹਾਇਤਾ ਦਾ ਪ੍ਰਬੰਧ ਕੀਤਾ ਗਿਆ ਹੈ।ਇਸ ਯੋਜਨਾ ਤਹਿਤ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੂੰ ਸਿੱਧੀ ਵਿੱਤੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਅਮਨ ਅਰੋੜਾ ਨੇ ਕਿਹਾ ਕਿ ਪਾਰਟੀ ਵੱਲੋਂ ਕੀਤੇ ਗਏ ਮੁਲਾਂਕਣ ਮੁਤਾਬਕ ਮੁਫ਼ਤ ਬਿਜਲੀ, ਸਿਹਤ ਸਹੂਲਤਾਂ, ਸਿੱਖਿਆ, ਮਹਿਲਾਵਾਂ ਲਈ ਵਿੱਤੀ ਸਹਾਇਤਾ ਤੇ ਹੋਰ ਲੋਕ-ਭਲਾਈ ਪਹਿਲਕਦਮੀਆਂ ਨੂੰ ਮਿਲਾ ਕੇ ਪੰਜਾਬ ਦੇ ਇੱਕ ਔਸਤ ਪਰਿਵਾਰ ਨੂੰ ਸਾਲਾਨਾ ਲਗਭਗ 1.82 ਲੱਖ ਰੁਪਏ ਤੱਕ ਦਾ ਲਾਭ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕ ਆਪਣੇ ਘਰੇਲੂ ਬਜਟ ਦਾ ਹਿਸਾਬ ਲਗਾ ਕੇ ਖ਼ੁਦ ਦੇਖਣ ਕਿ ਬਿਜਲੀ, ਸਿਹਤ, ਸਿੱਖਿਆ ਤੇ ਹੋਰ ਸਹੂਲਤਾਂ ਵਿੱਚ ਉਨ੍ਹਾਂ ਦੀ ਕਿੰਨੀ ਬੱਚਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕੁਦਰਤੀ ਸਰੋਤਾਂ, ਖ਼ਾਸ ਕਰਕੇ ਪਾਣੀ ਦੀ ਸੰਭਾਲ ਲਈ ਵੀ ਅਹਿਮ ਉਪਰਾਲੇ ਕੀਤੇ ਗਏ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਤੇ ਮੌਜੂਦਾ ਸਰਕਾਰ ਦੇ ਸਾਢੇ ਚਾਰ ਸਾਲਾਂ ਦੌਰਾਨ ਹੋਏ ਕੰਮਾਂ, ਮਿਲੀਆਂ ਸਹੂਲਤਾਂ ਅਤੇ ਆਪਣੇ ਘਰੇਲੂ ਖ਼ਰਚਿਆਂ ਵਿੱਚ ਆਈ ਤਬਦੀਲੀ ਦੀ ਤੁਲਨਾ ਕਰਕੇ ਆਪਣੀ ਰਾਏ ਬਣਾਉਣ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਆਪਣੀ ਮੁਹਿੰਮ ਨੂੰ ਸਰਕਾਰ ਵੱਲੋਂ ਕੀਤੇ ਕੰਮਾਂ ਅਤੇ ਲੋਕਾਂ ਨੂੰ ਮਿਲੀਆਂ ਸਹੂਲਤਾਂ 'ਤੇ ਕੇਂਦਰਿਤ ਰੱਖੇਗੀ।ਅਮਨ ਅਰੋੜਾ ਨੇ ਕਿਹਾ ਕਿ ਅਸੀਂ ਲੋਕਾਂ ਕੋਲ ਆਪਣੇ ਕੰਮਾਂ ਦਾ ਹਿਸਾਬ ਲੈ ਕੇ ਜਾ ਰਹੇ ਹਾਂ।ਇਕ ਪਾਸੇ ਪਿਛਲੀਆਂ ਸਰਕਾਰਾਂ ਤੇ ਮੌਜੂਦਾ ਸਰਕਾਰ ਦੇ ਕੰਮਾਂ ਦੀ ਤੁਲਨਾ ਕਰਨ, ਆਪਣੇ ਪਰਿਵਾਰ ਨੂੰ ਮਿਲੇ ਲਾਭ ਦਾ ਹਿਸਾਬ ਲਗਾਉਣ ਤੇ ਤੱਥਾਂ ਦੇ ਆਧਾਰ 'ਤੇ ਆਪਣੀ ਰਾਏ ਬਣਾਉਣ।ਸਾਡੀ ਰਾਜਨੀਤੀ ਦਾ ਕੇਂਦਰ ਲੋਕਾਂ ਦੀ ਭਲਾਈ ਤੇ ਕੰਮ ਹੈ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਸੰਬੰਧਤ ਏਟਕ ਦੀ ਸੂਬਾ ਪੱਧਰੀ ਮੀਟਿੰਗ ਭਲਕੇ

## ਕਾਮਰੇਡ ਚੰਦ ਫਤਿਹਪੁਰੀ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ





**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਸੰਬੰਧਤ ਏਟਕ ਦੇ ਸੂਬਾਈ ਪ੍ਰਧਾਨ ਜਗਦੀਸ਼ ਸਿੰਘ ਚਾਹਲ ਤੇ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਹੈ ਕਿ ਜਥੇਬੰਦੀ ਦੀ ਸੂਬਾਈ ਕਾਰਜਕਾਰਨੀ ਤੇ ਸਮੂਹ ਜ਼ਿਲ੍ਹਾ ਪ੍ਰਧਾਨਾਂ ਅਤੇ ਜਨਰਲ ਸਕੱਤਰਾਂ ਦੀ ਇੱਕ ਮੀਟਿੰਗ 23 ਸਤੰਬਰ 2026 ਦਿਨ ਬੁੱਧਵਾਰ ਨੂੰ ਸਵੇਰੇ ਠੀਕ 11 ਵਜੇ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਜਲੰਧਰ ਵਿਖੇ ਰੱਖੀ ਗਈ ਹੈ।ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਸਾਂਝੀ ਤਾਲਮੇਲ ਕਮੇਟੀ, ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ, ਸਾਂਝਾ ਮੁਲਾਜ਼ਮ ਮੰਚ ਵੱਲੋਂ ਮਹੀਨਾ ਅਗਸਤ ਤੇ ਸਤੰਬਰ ਦੌਰਾਨ ਹੋਏ ਵੱਖ ਵੱਖ ਐਕਸ਼ਨਾਂ, ਜਿਵੇਂ ਕਿ ਵੱਖ ਵੱਖ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰਨ, ਖ਼ਜਿਆਰ (ਹਿਮਾਚਲ ਪ੍ਰਦੇਸ਼) ਵਿਖੇ 3 ਸਤੰਬਰ ਤੋਂ 6 ਸਤੰਬਰ ਤੱਕ ਲਗਾਏ ਗਏ ਸਿਧਾਂਤਕ ਸਕੂਲ ਦੀ ਰਿਪੋਰਟ ਪੇਸ਼ ਕਰਨ ਅਤੇ ਪਿਛਲੇ ਸਮੇਂ ਦੌਰਾਨ ਹੋਏ ਐਕਸ਼ਨਾਂ ਦਾ ਜਾਇਜ਼ਾ ਲੈਂਦਿਆਂ ਰਿਵਿਊ ਕੀਤਾ ਜਾਵੇਗਾ।ਇਸ ਤੋਂ ਇਲਾਵਾ 18 ਸਤੰਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਾਂਝੀ ਤਾਲਮੇਲ ਕਮੇਟੀ ਦੀ ਲੀਡਰਸ਼ਿਪ ਦਰਮਿਆਨ ਹੋਈ ਮੀਟਿੰਗ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ ਜਾਵੇਗੀ।ਇਸ ਦੇ ਨਾਲ ਹੀ ਸਾਂਝੀ ਤਾਲਮੇਲ ਕਮੇਟੀ ਵੱਲੋਂ ਮਹੀਨਾ ਅਕਤੂਬਰ 2026, ਦੌਰਾਨ ਉਲੀਕੇ ਗਏ ਐਕਸ਼ਨ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਹਰ ਪੱਧਰ ਤੇ ਪੈਨਸ਼ਨਰਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਵਾਉਣ ਸੰਬੰਧੀ, 21 ਅਕਤੂਬਰ 2026 ਨੂੰ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਜੀ ਦਾ ਬਰਸੀ ਸਮਾਗਮ ਪਹਿਲਾਂ ਦੀ ਤਰ੍ਹਾਂ ਮੋਗਾ ਵਿਖੇ ਮਨਾਉਣ ਲਈ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।ਇਸ ਮੌਕੇ ਆਗੂਆਂ ਨੇ ਸੀਨੀਅਰ ਪੱਤਰਕਾਰ ਤੇ ਨਵਾਂ ਜ਼ਮਾਨਾ ਅਖ਼ਬਾਰ ਦੇ ਮੁੱਖ ਸੰਪਾਦਕ ਕਾਮਰੇਡ ਚੰਦ ਫਤਿਹਪੁਰੀ ਦੇ ਬੀਤੀ ਰਾਤ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸਮੂਹ ਪਰਿਵਾਰ, ਕਿਰਤੀਆਂ ਤੇ ਪੱਤਰਕਾਰੀ ਜਗਤ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਕਰਾਰ ਦਿੱਤਾ ਹੈ।

# 'ਮਾਨ ਦੇ ਮੁਨਾਫ਼ਿਆਂ' ਨੇ ਪੰਜਾਬ ਵਾਸੀ ਕੀਤੇ ਸੁਖਾਲੇ : ਡਾ. ਬਲਬੀਰ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-'ਮਾਨ ਦੇ ਮੁਨਾਫ਼ਿਆਂ' ਨੇ ਪੰਜਾਬ ਵਾਸੀ ਹਰ ਪੱਖੋਂ ਸੁਖਾਲੇ ਕਰ ਦਿੱਤੇ ਹਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੋ ਕਿਹਾ ਸੀ ਉਸ ਤੋਂ ਵੀ ਵੱਧ ਕਰਕੇ ਦਿਖਾਇਆ ਹੈ, ਜਿਸ ਕਰਕੇ ਵਿਰੋਧੀ ਪਾਰਟੀਆਂ ਕੋਲ ਮਾਨ ਸਰਕਾਰ ਵਿਰੁੱਧ ਬੋਲਣ ਨੂੰ ਹੁਣ ਕੁਝ ਨਹੀਂ ਬਚਿਆ ਹੈ।ਇਹ ਪ੍ਰਗਟਾਵਾ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਆਪਣੇ ਹਲਕੇ ਪਟਿਆਲਾ ਦਿਹਾਤੀ 'ਚ ਆਪ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ 'ਮਾਨ ਦੇ ਮੁਨਾਫ਼ੇ' ਤਹਿਤ ਘਰ-ਘਰ ਪਹੁੰਚਾਉਣ ਦੀ ਸ਼ੁਰੂਆਤ ਕਰਨ ਮੌਕੇ ਕੀਤਾ।ਡਾ. ਬਲਬੀਰ ਸਿੰਘ ਸੋਮਵਾਰ ਸਵੇਰੇ ਵਾਰਡ ਨੰਬਰ 8, ਤ੍ਰਿਪੜੀ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਸ਼ਮੀਰੀਆਂ ਤੇ ਸ਼ਿਵ ਸ਼੍ਰੀ ਹਨੂਮਾਨ ਮੰਦਰ ਵਿਖੇ ਨਤਮਸਤਕ ਹੋਣ ਮਗਰੋਂ ਸਥਾਨਕ ਵਾਸੀਆਂ ਦੇ ਘਰ ਪਹੁੰਚੇ।ਉਨ੍ਹਾਂ 'ਮਾਨ ਦੇ ਮੁਨਾਫ਼ੇ' ਗਿਣਾਉਂਦਿਆਂ ਦੱਸਿਆ ਕਿ ਇੱਕ ਆਮ ਘਰ ਦਾ ਸਾਲਾਨਾ ਮੁਨਾਫ਼ਾ 1,82,000 ਰੁਪਏ ਹੈ, ਜਿਸ ਵਿੱਚ ਮਾਵਾਂ-ਧੀਆਂ ਸਤਿਕਾਰ ਯੋਜਨਾ, ਬਿਜਲੀ ਬਿੱਲ ਜ਼ੀਰੋ, ਮਹਿਲਾਵਾਂ ਨੂੰ ਮੁਫ਼ਤ ਬੱਸ ਸਫ਼ਰ, ਸਰਕਾਰੀ ਸਕੂਲ ਵਿੱਚ ਮੁਫ਼ਤ ਸਿੱਖਿਆ, ਬੁਢਾਪਾ ਪੈਨਸ਼ਨ, ਆਮ ਆਦਮੀ ਕਲੀਨਿਕ ਮੁਫ਼ਤ ਟੈਸਟ ਤੇ ਦਵਾਈਆਂ, ਰਾਸ਼ਨ, ਮੁਫ਼ਤ ਤੀਰਥ ਯਾਤਰਾ ਸਮੇਤ ਖੇਤੀ ਲਈ ਮੁਫ਼ਤ ਬਿਜਲੀ, ਅਸ਼ੀਰਵਾਦ ਸਕੀਮ ਆਦਿ ਨੇ ਹਰ ਪਰਿਵਾਰ ਨੂੰ ਲਾਭ ਪਹੁੰਚਾਇਆ ਹੈ।ਇਸ ਮੌਕੇ ਲੋਕਾਂ ਨੇ ਸਿਹਤ ਮੰਤਰੀ ਦਾ ਭਰਵਾਂ ਸਵਾਗਤ ਕਰਦਿਆਂ ਆਪਣੇ ਪਰਿਵਾਰ ਨੂੰ ਹੋਏ ਫਾਇਦਿਆਂ ਬਾਰੇ ਦੱਸਿਆ ਤੇ ਮਾਨ ਸਰਕਾਰ ਦੀ ਸ਼ਲਾਘਾ ਕੀਤੀ।ਸਿਹਤ ਮੰਤਰੀ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਜਦੋਂ ਕੋਈ ਪਾਰਟੀ ਲੋਕਾਂ ਕੋਲ ਜਾ ਕੇ ਕੀਤੇ ਕੰਮਾਂ ਦਾ ਰਿਪੋਰਟ ਕਾਰਡ ਲੈ ਕੇ ਘਰ-ਘਰ ਜਾ ਰਹੀ ਹੋਵੇ।ਉਨ੍ਹਾਂ ਕਿਹਾ ਕਿ ਇਹ ਕੇਵਲ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਸਦਕਾ ਹੀ ਸੰਭਵ ਹੋਇਆ ਹੈ।ਉਨ੍ਹਾਂ ਕਿਹਾ ਕਿ ਕੱਲ੍ਹ ਸਾਡੇ ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਕੋਲ ਗਏ ਸਨ, ਅੱਜ ਸਾਰੇ ਮੰਤਰੀਆਂ ਨੇ ਲੋਕਾਂ ਤੱਕ ਪਹੁੰਚ ਕੀਤੀ ਹੈ ਤੇ ਕੱਲ੍ਹ ਨੂੰ ਸਾਰੇ ਆਪ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਨੇ ਲੋਕਾਂ ਕੋਲ ਜਾਣਾ ਹੈ ਅਤੇ ਫੇਰ ਸਾਡੇ ਬਲਾਕ ਪ੍ਰਧਾਨ, ਚੇਅਰਮੈਨ, ਸਾਰੇ ਅਹੁਦੇਦਾਰ ਤੇ 2.68 ਲੱਖ ਵਲੰਟੀਅਰ ਜਾਣਗੇ, ਜੋਕਿ 65 ਲੱਖ ਪਰਿਵਾਰਾਂ ਦੇ ਹਰ ਘਰ-ਘਰ ਜਾਣਗੇ।ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਤੇ ਚੇਅਰਮੈਨ ਇਮਪਰੂਵਮੈਂਟ ਟਰੱਸਟ ਤੇਜਪਾਲ ਸਿੰਘ ਵਿਰਕ, ਜ਼ਿਲ੍ਹਾ ਪ੍ਰਧਾਨ ਮੁਕਤਾ ਗੁਪਤਾ, ਕਰਨਲ ਜੇਜੀ, ਜਸਬੀਰ ਸਿੰਘ ਗਾਂਧੀ, ਸੁਰੇਸ਼ ਰਾਏ, ਕੌਂਸਲਰ ਜਤਿੰਦਰ ਕੌਰ ਔਜਲਾ ਚਰਨਜੀਤ ਸਿੰਘ ਸ਼ੰਕਰ ਖੁਰਾਣਾ, ਨਿਤਿਨ ਖੁਰਾਣਾ, ਦੀਪਕ ਮਿੱਤਲ, ਭੁਪਿੰਦਰ ਸਿੰਘ ਨੰਬਰਦਾਰ ਸਮੇਤ ਵੱਡੀ ਗਿਣਤੀ ਵਲੰਟੀਅਰ ਤੇ ਸਥਾਨਕ ਲੋਕ ਹਾਜ਼ਰ ਸਨ।

## ਕਾਤਰਾਂ

### ਪਨਬੱਸ ਤੇ ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮਾਂ ਵੱਲੋਂ ਅੱਜ ਚੱਕਾ ਜਾਮ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਰੋਡਵੇਜ਼, ਪਨਬੱਸ ਤੇ ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ (ਪੰਜਾਬ 25/11) ਨੇ ਆਪਣੀਆਂ ਮੰਗਾਂ ਨੂੰ ਲੈ ਕੇ 22 ਸਤੰਬਰ 2026 ਤੋਂ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਜਾਣ ਦਾ ਐਲਾਨ ਕੀਤਾ ਹੈ।ਯੂਨੀਅਨ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਮੁੱਖ ਮੰਤਰੀ ਤੇ ਟਰਾਂਸਪੋਰਟ ਮੰਤਰੀ ਦੀਆਂ ਰਿਹਾਇਸ਼ਾਂ ਦੇ ਬਾਹਰ ਵੀ ਧਰਨਾ ਦਿੱਤਾ ਜਾਵੇਗਾ।ਗਿੱਲ ਨੇ ਕਿਹਾ ਕਿ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਉਨ੍ਹਾਂ ਨੂੰ ਬਰਾਬਰ ਤਨਖਾਹ ਤੇ ਹੋਰ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਸੀ।ਇਸ ਦੇ ਬਾਵਜੂਦ ਟਰਾਂਸਪੋਰਟ ਵਿਭਾਗ ਵਿੱਚ ਹੁਣ ਤੱਕ ਇੱਕ ਵੀ ਮੁਲਾਜ਼ਮ ਨੂੰ ਪੱਕਾ ਨਹੀਂ ਕੀਤਾ ਗਿਆ।ਉਨ੍ਹਾਂ ਦੋਸ਼ ਲਗਾਇਆ ਕਿ ਠੇਕੇਦਾਰੀ ਪ੍ਰਥਾ ਰਾਹੀਂ ਭਵਿੱਖ ਨਿਧੀ ਤੇ ਕਰਮਚਾਰੀ ਰਾਜ ਬੀਮਾ ਦੇ ਯੋਗਦਾਨ ਦੇ ਨਾਂ 'ਤੇ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸਰਕਾਰ ਦੀਆਂ ਸਿਆਸੀ ਰੈਲੀਆਂ ਦਾ ਬਾਈਕਾਟ ਕਰਨ ਦੇ ਨਾਲ-ਨਾਲ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।ਯੂਨੀਅਨ ਆਗੂਆਂ ਨੇ ਕਿਹਾ ਕਿ 22 ਸਤੰਬਰ ਤੋਂ ਬੱਸਾਂ ਦਾ ਚੱਕਾ ਜਾਮ ਰਹੇਗਾ।ਇਸ ਦੇ ਨਾਲ ਹੀ ਮੁੱਖ ਮੰਤਰੀ ਅਤੇ ਟਰਾਂਸਪੋਰਟ ਮੰਤਰੀ ਦੀਆਂ ਰਿਹਾਇਸ਼ਾਂ ਦੇ ਬਾਹਰ ਧਰਨੇ ਦਿੱਤੇ ਜਾਣਗੇ।

### ਚੰਦ ਫਤਿਹਪੁਰੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਧੂਰੀ (ਸੁਖਦੇਵ ਧੂਰੀ)**-ਜਰਨਲਿਜ਼ਮ ਐਸੋਸੀਏਸ਼ਨ ਰਜਿ: ਧੂਰੀ ਵੱਲੋਂ ਨਵਾਂ ਜ਼ਮਾਨਾ ਦੇ ਸੰਪਾਦਕ ਚੰਦ ਫਤਿਹਪੁਰੀ ਜੀ ਦੇ ਅਚਾਨਕ ਸਦੀਵੀ ਵਿਛੋੜਾ ਦੇ ਜਾਣ ਕਾਰਨ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਲਖਵੀਰ ਧਾਂਦਰਾ ਤੇ ਸੀਨੀਅਰ ਆਗੂ ਸੁਖਦੇਵ ਧੂਰੀ ਨੇ ਇਸ ਦੁੱਖ ਦੀ ਘੜੀ ਵਿੱਚ ਸਮੂਹ 'ਨਵਾਂ ਜ਼ਮਾਨਾ' ਪਰਵਾਰ ਅਤੇ ਚੰਦ ਫਤਿਹਪੁਰੀ ਜੀ ਦੇ ਪਰਵਾਰ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

### ਅਣਪਛਾਤੀ ਲਾਸ਼ ਦਾ ਕੀਤਾ ਸਸਕਾਰ

**ਸ਼੍ਰੀ ਮੁਕਤਸਰ ਸਾਹਿਬ( ਸ਼ਮਿੰਦਰ ਪਾਲ, ਪੂਜਾ)**-ਸਥਾਨਕ ਦਾਣਾ ਮੰਡੀ ਦੇ ਸ਼ੈੱਡ ਦੇ ਥੱਲੇ ਇੱਕ ਲਾਸ਼ ਦੇਖੀ ਗਈ ਸੀ, ਜਿਸ ਦੀ ਸੂਚਨਾ ਸਥਾਨਕ ਲੋਕਾਂ ਨੇ ਥਾਣਾ ਸਿਟੀ ਪੁਲਸ ਨੂੰ ਦਿੱਤੀ।ਪੁਲਸ ਮੌਕੇ 'ਤੇ ਪਹੁੰਚ ਗਈ ਤੇ ਲਾਸ਼ ਨੂੰ ਐਂਬੂਲੈਂਸ ਰਾਹੀਂ ਸਰਕਾਰੀ ਹਸਪਤਾਲ ਦੀ ਮੋਰਚਰੀ ਵਿੱਚ 72 ਘੰਟੇ ਲਈ ਸ਼ਨਾਖਤ ਵਾਸਤੇ ਰਖਵਾ ਦਿੱਤਾ।ਮ੍ਰਿਤਕ ਦੀ ਉਮਰ 35-40 ਸਾਲ ਦੇ ਕਰੀਬ ਜਾਪਦੀ ਸੀ, ਪੁਲਸ ਨੇ ਉਸ ਦੇ ਲਵਾਰਸ ਲਾਸ਼ ਦੇ ਵਾਰਸਾਂ ਦੀ ਭਾਲ ਸ਼ੁਰੂ ਕਰ ਦਿੱਤੀ, ਪਰ 72 ਘੰਟੇ ਬੀਤਣ ਦੇ ਬਾਅਦ ਵੀ ਵਾਰਸ ਸ਼ਨਾਖਤ ਵਾਸਤੇ ਕੋਈ ਅੱਗੇ ਨਹੀਂ ਆਇਆ, ਸ਼ਨਾਖਤ ਨਾ ਹੋਣ ਕਾਰਨ ਥਾਣਾ ਸਿਟੀ ਪੁਲਸ ਮੁਲਾਜ਼ਮਾਂ ਨੇ ਪੋਸਟਮਾਰਟਮ ਸਰਕਾਰੀ ਹਸਪਤਾਲ ਦੇ ਡਾਕਟਰਾਂ ਤੋਂ ਕਰਵਾ ਦਿੱਤਾ ਤੇ ਲਾਸ਼ ਦਾ ਅੰਤਿਮ ਸੰਸਕਾਰ ਇਲਾਕੇ ਦੀ ਨਾਮਵਰ ਸੰਸਥਾ ਬਾਬਾ ਸ਼ਨੀਦੇਵ ਸੇਵਾ ਸੁਸਾਇਟੀ ਤੋਂ ਸਹਿਯਗ ਨਾਲ ਥਾਣਾ ਸਿਟੀ ਪੁਲਸ ਸ੍ਰੀ ਮੁਕਤਸਰ ਸਾਹਿਬ ਦੀ ਮੌਜੂਦਗੀ ਵਿੱਚ ਬਠਿੰਡਾ ਰੋਡ ਦੇ ਸ਼ਮਸ਼ਾਨ ਘਾਟ ਵਿੱਚ ਕਰਵਾ ਦਿੱਤਾ।ਇਸ ਮੌਕੇ ਬਾਬਾ ਸ਼ਨੀਦੇਵ ਸੇਵਾ ਸੋਸਾਇਟੀ ਦੇ ਪ੍ਰਧਾਨ ਦਵਿੰਦਰ ਗਾਂਧੀ, ਰਾਜੂ ਅਰੋੜਾ, ਪ੍ਰਦੀਪ ਮਿੱਤਲ, ਲੱਕੀ ਕੁਮਾਰ, ਲਵਪ੍ਰੀਤ ਸੇਠੀ, ਸੁਰਜੀਤ ਕੁਮਾਰ, ਕਾਲਾ ਚੁੱਗ ਆਦਿ ਮੈਂਬਰ ਮੌਜੂਦ ਸਨ।

# ਹਾਈਵੇ 'ਤੇ ਦੋ ਕਾਰਾਂ ਦੀ ਸਿੱਧੀ ਟੱਕਰ, ਔਰਤ ਸਮੇਤ ਚਾਰ ਜ਼ਖ਼ਮੀ

**ਮਲੋਟ (ਰਜਿੰਦਰ ਜੁਨੇਜਾ)**-ਮਲੋਟ-ਫਾਜ਼ਿਲਕਾ ਕੌਮੀ ਸ਼ਾਹ ਮਾਰਗ ਤੇ ਦੋ ਗੱਡੀਆਂ ਦੀ ਟੱਕਰ ਕਾਰਨ ਵਾਪਰੇ ਭਿਆਨਕ ਹਾਦਸੇ ਵਿਚ ਇਕ ਔਰਤਾਂ ਸਮੇਤ 4 ਜ਼ਖ਼ਮੀ ਹੋ ਗਏ।ਦੋਨਾਂ ਗੱਡੀਆਂ ਦੀ ਸਿੱਧੀ ਟੱਕਰ ਕਰਕੇ ਗੱਡੀਆਂ ਪੂਰੀ ਤਰ੍ਹਾਂ ਨੁਕਸਾਨੀਆਂ ਗਈਆਂ।ਜ਼ਖ਼ਮੀਆਂ ਨੂੰ ਮਲੋਟ ਦੇ ਸਰਕਾਰੀ ਹਸਪਤਾਲ ਭਰਤੀ ਕਰਾਇਆ ਗਿਆ, ਜਿੱਥੋਂ ਦੋ ਜ਼ਖ਼ਮੀਆਂ ਦੀ ਗੰਭੀਰ ਹਾਲਤ ਕਰਕੇ ਬਠਿੰਡਾ ਰੈਫਰ ਕਰ ਦਿੱਤਾ।ਜਾਣਕਾਰੀ ਅਨੁਸਾਰ ਮਲੋਟ ਤੋਂ ਇਕ ਇਨੋਵਾ ਕਾਰ ਪੀ.ਬੀ.53 ਬੀ 5777 ਫਾਜ਼ਿਲਕਾ ਵੱਲੋਂ ਜਾ ਰਹੀ ਸੀ ਜਦ ਕਿ ਸਾਹਮਣੇ ਤੋਂ ਇਕ ਆਈ ਟਵੰਟੀ ਕਾਰ ਨੰਬਰ ਡੀ ਐੱਲ 10 ਸੀ ਐੱਚ 8357 ਅਰਨੀਵਾਲਾ ਤੋਂ ਆ ਰਹੀ ਸੀ।ਆਲਮਵਾਲਾ ਨਹਿਰ ਕੋਲ ਦੋਨਾਂ ਗੱਡੀਆਂ ਦੀ ਸਿੱਧੀ ਟੱਕਰ ਹੋ ਗਈ। ਇਹ ਟੱਕਰ ਇੰਨੀ ਭਿਆਨਕ ਸੀ ਕਿ ਦੋਨੇ ਗੱਡੀਆਂ ਦੂਰ ਦੂਰ ਜਾ ਕੇ ਡਿੱਗੀਆਂ ਤੇ ਨੁਕਸਾਨੀਆਂ ਗਈਆਂ।ਦੋਨਾਂ ਗੱਡੀਆਂ ਵਿਚ ਸਵਾਰ ਚਾਰ ਜਣੇ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਇਕ 25 ਸਾਲ ਦੀ ਔਰਤ ਵੀ ਸੀ।ਇਸ ਹਾਦਸੇ ਆਈ ਟਵੰਟੀ ਵਿਚ ਸਵਾਰ ਪ੍ਰੀਤਮ ਲਾਲ ਪੁੱਤਰ ਸ਼ਮਸ਼ੇਰ ਸਿੰਘ, ਅਲੀਸ਼ਾ ਪੁੱਤਰੀ ਮਨਜੀਤ ਕੁਮਾਰ ਅਤੇ ਸੁਰਿੰਦਰ ਕੁਮਾਰ ਜ਼ਖ਼ਮੀ ਹੋ ਗਏ, ਜਦਕਿ ਇਨੋਵਾ ਵਿਚ ਸ਼ਹਿਰ ਦੇ ਮਸ਼ਹੂਰ ਲੈਂਡ ਲਾਰਡ ਰਵਿੰਦਰ ਸਿੰਘ ਚੌਧਰੀ ਦੇ ਬੇਟੇ ਰਘੁਵਿੰਦਰ ਸਿੰਘ ਜ਼ਖ਼ਮੀ ਹੋ ਗਏ।ਜ਼ਖ਼ਮੀਆਂ ਨੂੰ ਸੱਟਾਂ ਹੋਣ ਕਰਕੇ ਡਾਕਟਰਾਂ ਨੇ ਮੁਢਲੀ ਸਹਾਇਤਾ ਦੇਕੇ ਚਾਰਾਂ ਜ਼ਖ਼ਮੀਆਂ ਨੂੰ ਬਠਿੰਡਾ ਰੈਫਰ ਕਰ ਦਿੱਤਾ ਹੈ।ਉਧਰ ਜ਼ਖ਼ਮੀਆਂ ਦੇ ਨਜ਼ਦੀਕੀਆਂ ਅਨੁਸਾਰ ਹਾਲਤ ਖਤਰੇ ਤੋਂ ਬਾਹਰ ਹੈ।ਹਾਦਸੇ ਦਾ ਕਾਰਨ ਨਹੀਂ ਪਤਾ ਲੱਗਾ, ਮੌਕੇ 'ਤੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਕ ਕਾਰ ਦਾ ਟਾਇਰ ਫਟਣ ਕਰਕੇ ਦੂਜੀ ਗੱਡੀ ਵਿਚ ਟਕਰਾਈ। ਜਦ ਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਕ ਸਿਆਸੀ ਆਗੂ ਦਾ ਵੱਡਾ ਕਾਫਲਾ ਲੰਘਿਆ, ਜਿਸ ਕਰਕੇ ਹਾਦਸਾਗ੍ਰਸਟ ਗੱਡੀਆਂ ਵਿਚੋਂ ਇਕ ਬੇਕਾਬੂ ਹੋ ਗਈ।

# ਪਲਾਂਟ ਡਾਕਟਰਜ਼ ਸਰਵਿਸਿਜ਼ ਐਸੋਸੀਏਸ਼ਨ ਵੱਲੋਂ ਜ਼ਿਲ੍ਹਾ ਪੱਧਰੀ ਧਰਨਾ

## ਹੱਕ ਨਾ ਮਿਲਣ 'ਤੇ ਸੂਬਾ ਪੱਧਰੀ ਸੰਘਰਸ਼ ਦੀ ਦਿੱਤੀ ਚੇਤਾਵਨੀ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਪੂਰੀਆਂ ਨਾ ਹੋਣ ਦੇ ਰੋਸ ਵਿੱਚ ਪਲਾਂਟ ਡਾਕਟਰਜ਼ ਸਰਵਿਸਿਜ਼ ਐਸੋਸੀਏਸ਼ਨ (ਪੀ.ਡੀ.ਐੱਸ.ਏ.) ਵੱਲੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਮੁੱਖ ਖੇਤੀਬਾੜੀ ਦਫ਼ਤਰਾਂ ਅੱਗੇ ਜ਼ੋਰਦਾਰ ਧਰਨਾ ਪ੍ਰਦਰਸ਼ਨ ਕੀਤਾ ਗਿਆ। ਪੀ.ਡੀ.ਐੱਸ.ਏ. ਫ਼ਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਗੁਰਵੰਤ ਸਿੰਘ ਨੇ ਕਿਹਾ ਕਿ ਸਰਕਾਰ ਤੇ ਉੱਚ ਅਧਿਕਾਰੀਆਂ ਨਾਲ ਵਾਰ-ਵਾਰ ਮੀਟਿੰਗਾਂ ਕਰਨ ਦੇ ਬਾਵਜੂਦ ਉਨ੍ਹਾਂ ਦੀਆਂ ਹੱਕੀ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਵਿੱਚ ਟੈਕਨੀਕਲ ਪੋਸਟਾਂ ਦੇ ਹੋ ਰਹੇ ਨੁਕਸਾਨ ਨਾਲ ਪੰਜਾਬ ਦੀ ਖੇਤੀਬਾੜੀ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਅੱਜ ਖੇਤੀਬਾੜੀ ਵਿਭਾਗ ਵਿੱਚ ਲਗਭਗ 100 ਖੇਤੀਬਾੜੀ ਅਫ਼ਸਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। 7 ਸਾਲ ਦੀ ਥਾਂ 14 ਸਾਲ ਬੀਤ ਜਾਣ ਦੇ ਬਾਵਜੂਦ ਖੇਤੀਬਾੜੀ ਵਿਕਾਸ ਅਫ਼ਸਰ ਆਪਣੀ ਪਹਿਲੀ ਤਰੱਕੀ ਦਾ ਰਾਹ ਤੱਕ ਰਹੇ ਹਨ। ਸਰਕਾਰ ਵੱਲੋਂ ਪੱਕੀ ਤਰੱਕੀ ਕਰਨ ਦੀ ਬਜਾਏ ਲਿੰਕ ਚਾਰਜ ਪਾਲਸੀ ਰਾਹੀਂ ਵੱਖ-ਵੱਖ ਪੋਸਟਾਂ ਦਾ ਵਾਧੂ ਚਾਰਜ ਦੇ ਕੇ ਡੰਗ ਸਾਰਿਆ ਜਾ ਰਿਹਾ ਹੈ। ਨਵੀਂ ਭਰਤੀ ਨਾ ਕਰਕੇ ਸਰਕਾਰ ਖੇਤੀਬਾੜੀ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦੇ ਭਵਿੱਖ ਨਾਲ ਵੀ ਖਿਲਵਾੜ ਕਰ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਖੇਤੀਬਾੜੀ ਅਫ਼ਸਰਾਂ ਦੀ ਵੈਟਰਨਰੀ ਅਫ਼ਸਰਾਂ ਨਾਲ 1986 ਤੋਂ ਚੱਲੀ ਆਉਂਦੀ ਪੇ-ਪੈਰਿਟੀ ਨੂੰ 4 ਮਾਰਚ 2022 ਦੇ ਪੱਤਰ ਰਾਹੀਂ ਜਾਣਬੁੱਝ ਕੇ ਤੋੜਿਆ ਗਿਆ ਹੈ। ਇਸ ਤੋਂ ਇਲਾਵਾ ਟੈਕਨੀਕਲ ਕੇਡਰ ਦੇ 5 ਸੰਯੁਕਤ ਡਾਇਰੈਕਟਰ ਹੋਣ ਦੇ ਬਾਵਜੂਦ ਅੰਕੜਾ ਵਿੰਗ ਦੇ ਅਧਿਕਾਰੀ ਨੂੰ ਸੰਯੁਕਤ ਡਾਇਰੈਕਟਰ ਖੇਤੀਬਾੜੀ (ਇਨਪੁਟਸ) ਦਾ ਚਾਰਜ ਦੇ ਕੇ ਖੇਤੀਬਾੜੀ ਅਧਿਕਾਰੀਆਂ ਦੇ ਹੱਕਾਂ 'ਤੇ ਡਾਕਾ ਮਾਰਿਆ ਗਿਆ ਹੈ। ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੂਬਾ ਹੈੱਡਕੁਆਰਟਰ 'ਤੇ ਧਰਨੇ ਲਗਾਏ ਜਾਣਗੇ। ਇਸ ਧਰਨੇ ਵਿੱਚ ਡਾਕਟਰ ਮਨਿੰਦਰ ਸਿੰਘ, ਡਾਕਟਰ ਨਵੀਨ ਖੰਨਾ, ਡਾਕਟਰ ਬਚਿੱਤਰ ਸਿੰਘ, ਡਾਕਟਰ ਅਮਨਦੀਪ ਸਿੰਘ ਸੰਧੂ, ਡਾਕਟਰ ਅਮਿਤ ਬਜਾਜ, ਡਾਕਟਰ ਰਵਿੰਦਰ ਸਿੰਘ, ਡਾਕਟਰ ਲਵਪ੍ਰੀਤ ਸਿੰਘ, ਡਾਕਟਰ ਕੁਲਵਿੰਦਰ ਸਿੰਘ, ਡਾਕਟਰ ਅਮਨਦੀਪ ਸਿੰਘ ਕੰਬੋਜ ਤੇ ਡਾਕਟਰ ਦਿਲਪ੍ਰੀਤ ਸਿੰਘ ਸਮੇਤ ਸਮੂਹ ਖੇਤੀਬਾੜੀ ਵਿਕਾਸ ਅਫ਼ਸਰ ਹਾਜ਼ਰ ਸਨ।

# ਚੰਦ ਫਤਿਹਪੁਰੀ ਦੇ ਵਿਛੋੜੇ 'ਤੇ ਕੋਹਲੀ ਤੇ ਹੋਰਨਾਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਪੱਤਰਕਾਰੀ ਤੇ ਖੱਬੀ ਲਹਿਰ ਦੇ ਉੱਘੇ ਪੱਤਰਕਾਰ, 'ਨਵਾਂ ਜ਼ਮਾਨਾ' ਅਖ਼ਬਾਰ ਦੇ ਸੰਪਾਦਕ ਤੇ ਸੀ ਪੀ ਆਈ ਦੇ ਸੀਨੀਅਰ ਆਗੂ ਕਾਮਰੇਡ ਚੰਦ ਫਤਿਹਪੁਰੀ ਦੇ ਅਕਾਲ ਚਲਾਣੇ 'ਤੇ ਪਟਿਆਲਾ ਸ਼ਹਿਰੀ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ, ਕਾਮਰੇਡ ਨਿਰਮਲ ਸਿੰਘ ਸਾਬਕਾ ਵਿਧਾਇਕ ਸਮਾਣਾ ਰਾਜਿੰਦਰ ਸਿੰਘ, ਸਾਬਕਾ ਵਿਧਾਇਕ ਰਾਜਪੁਰਾ ਹਰਦਿਆਲ ਸਿੰਘ ਕੰਬੋਜ ਆਮ ਆਦਮੀ ਪਾਰਟੀ ਦੇ ਲੋਕ ਸਭਾ ਪਟਿਆਲਾ ਦੇ ਇੰਚਾਰਜ ਤੇ ਪੰਜਾਬ ਐਗਰੋ ਦੇ ਚੇਅਰਮੈਨ ਹਰਦਿਆਲ ਕੰਬੋਜ ਰਣਜੋਧ ਸਿੰਘ ਹਡਾਣਾ ਹਲਕਾ ਇੰਚਾਰਜ, ਗੌਰਵ ਸੰਧੂ ਤੇ ਹੋਰ ਬਹੁਤ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਨ੍ਹਾਂ ਆਗੂਆਂ ਨੇ ਫਤਿਹਪੁਰੀ ਦੀ ਬੇਵਕਤੀ ਮੌਤ ਨੂੰ ਨਾ ਪੂਰਨ ਵਾਲਾ ਘਾਟਾ ਦੱਸਿਆ ਹੈ। ਕਾਮਰੇਡ ਚੰਦ ਫਤਿਹਪੁਰੀ ਨੇ ਲੰਮੇ ਸਮੇਂ ਤੱਕ ਪੱਤਰਕਾਰੀ ਦੇ ਖੇਤਰ ਵਿੱਚ ਆਪਣੀਆਂ ਸੇਵਾਵਾਂ ਨਿਭਾਈਆਂ।ਉਹ 'ਨਵਾਂ ਜ਼ਮਾਨਾ' ਅਖ਼ਬਾਰ ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਸਨ ਤੇ ਸੰਪਾਦਕ ਵਜੋਂ ਅਖ਼ਬਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਉਨ੍ਹਾਂ ਆਪਣੀ ਲੇਖਣੀ ਰਾਹੀਂ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਉਠਾਇਆ।ਕਾਮਰੇਡ ਫਤਿਹਪੁਰੀ ਜੀ ਦਾ ਵਿਛੋੜਾ ਸਾਡੇ ਲਈ ਡਾਢਾ ਸਦਮਾ ਹੈ, 'ਨਵਾਂ ਜ਼ਮਾਨਾ' ਦਫ਼ਤਰ ਦੀ ਫੇਰੀ ਦੌਰਾਨ ਅਨੇਕਾਂ ਵਾਰ ਮਿਲੇ।ਬੀਮਾਰੀ ਦੇ ਬਾਵਜੂਦ ਨਵਾਂ ਜ਼ਮਾਨਾ ਪ੍ਰਤੀ ਸਨੇਹ, ਜ਼ੁੰਮੇਵਾਰੀ ਤੇ ਕੰਮ ਕਰਨ ਦੀ ਸਮਰਪਣ ਭਾਵਨਾ, ਤੰਗੀਆਂ, ਤੁਰਸ਼ੀਆਂ ਨਾਲ ਜੂਝਦੇ ਨਵਾਂ ਜ਼ਮਾਨਾ ਦੇ ਪੱਤਰਕਾਰਾਂ ਨੂੰ ਨਵੀਂ ਊਰਜਾ ਭਰਦੇ ਰਹੇ।

# ਬਹਾਵਲਪੁਰ ਮਹਾਂ ਸੰਘ ਯੂਥ ਵਿੰਗ ਨੇ ਇਨਵਾਇਰਨਮੈਂਟ ਪਾਰਕ 'ਚ ਪੌਦੇ ਲਗਾਏ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸਮਾਜ ਸੇਵਾ ਦੇ ਕਾਰਜਾਂ ਵਿੱਚ ਮੋਹਰੀ ਰਹਿਣ ਵਾਲੀ ਸੰਸਥਾ ਬਹਾਵਲਪੁਰ ਮਹਾਂ ਸੰਘ ਯੂਥ ਵਿੰਗ ਸਮਾਣਾ ਵੱਲੋਂ ਪ੍ਰਧਾਨ ਦਵਿੰਦਰ ਹਸੀਜਾ ਦੀ ਅਗਵਾਈ ਹੇਠ ਭਾਖੜਾ ਨਹਿਰ ਨੇੜੇ ਸਥਿਤ ਸ਼ਹੀਦ ਫਲਾਈਟ ਲੈਫ਼ਟੀਨੈਂਟ ਮੋਹਿਤ ਗਰਗ ਇਨਵਾਇਰਮੈਂਟ ਪਾਰਕ ਵਿਖੇ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ।ਇਸ ਮੌਕੇ ਦਵਿੰਦਰ ਹਸੀਜਾ ਤੇ ਸੰਜੇ ਮੰਤਰੀ ਨੇ ਕਿਹਾ ਕਿ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਨਹਿਰੀ ਭਵਿੱਖ ਲਈ ਵੱਧ ਤੋਂ ਵੱਧ ਰੁੱਖ ਲਗਾਉਣਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਸਮਾਣਾ ਵਾਸੀਆਂ ਨੂੰ ਅਪੀਲ ਕੀਤੀ ਕਿ ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਵੀ ਨਿਭਾਈ ਜਾਵੇ, ਤਾਂ ਜੋ ਸ਼ਹਿਰ ਨੂੰ ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਇਆ ਜਾ ਸਕੇ।ਇਸ ਮੌਕੇ ਬਹਾਵਲਪੁਰ ਮਹਾਂ ਸੰਘ ਯੂਥ ਵਿੰਗ ਦੀ ਟੀਮ ਵੱਲੋਂ ਇਨਵਾਇਰਮੈਂਟ ਪਾਰਕ ਦੀ ਸਾਂਭ-ਸੰਭਾਲ, ਹਰਿਆਵਲ, ਸਫ਼ਾਈ ਤੇ ਸੁੰਦਰਤਾ ਨੂੰ ਬਰਕਰਾਰ ਰੱਖਣ ਲਈ ਸੱਭਿਆਚਾਰਕ ਮੰਚ ਪੰਜਾਬ ਦੇ ਪ੍ਰਧਾਨ ਤੇ ਪੱਤਰਕਾਰ ਹਰਜਿੰਦਰ ਸਿੰਘ ਜਵੰਦਾ ਤੇ ਉਨ੍ਹਾਂ ਦੀ ਟੀਮ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਪ੍ਰਵੀਨ ਕੁਮਾਰ, ਸੰਜੀਵ ਕੁਮਾਰ, ਸੁਰੇਸ਼ ਅਨੇਜਾ, ਹੈਪੀ ਅਨੇਜਾ, ਪਵਨ ਜੱਗਾ, ਹੈਪੀ ਕੁਮਾਰ, ਆਸ਼ੂ ਕੁਮਾਰ, ਵਿਕਾਸ ਸਿੰਗਲਾ, ਜੋਗਾ ਸਿੰਘ, ਅੰਕਿਤ ਗੋਇਲ, ਪਵਨ ਕੁਮਾਰ, ਪਿੰਕੂ ਸਿੰਗਲਾ, ਸ਼ੁਭਮ ਗੁਪਤਾ, ਮਾਸਟਰ ਕਸ਼ਮੀਰ ਸਿੰਘ, ਮਾਲੀ ਲਖਵਿੰਦਰ ਸਿੰਘ ਅਤੇ ਰਜਿੰਦਰ ਸਿੰਘ ਸਮੇਤ ਹੋਰ ਮੈਂਬਰ ਮੌਜੂਦ ਸਨ।

# ਗੜੇਮਾਰੀ ਦੇ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਐੱਸ ਡੀ ਐੱਮ ਦਫ਼ਤਰ ਦਾ ਘਿਰਾਓ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਪਿਛਲੇ ਸਮੇਂ ਪਿੰਡ ਮਾਛੀਕੇ ਵਿੱਚ ਹੋਈ ਗੜੇਮਾਰੀ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਨਾ ਮਿਲਣ ਦੇ ਰੋਸ ਵਜੋਂ ਕਿਰਤੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਤੇ ਹੋਰ ਜਥੇਬੰਦੀਆਂ ਸਮੇਤ ਪਿੰਡ ਮਾਛੀਕੇ ਦੇ ਵਾਸੀਆਂ ਵੱਲੋਂ ਨਿਹਾਲ ਸਿੰਘ ਵਾਲਾ ਦੇ ਐੱਸ.ਡੀ.ਐੱਮ. ਦਫ਼ਤਰ ਦਾ ਘਿਰਾਓ ਕੀਤਾ ਗਿਆ।ਇਸ ਮੌਕੇ ਕਿਸਾਨਾਂ ਤੇ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਰਕਾਰ ਤੇ ਪ੍ਰਸ਼ਾਸਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਆਗੂਆਂ ਨੇ ਕਿਹਾ ਕਿ ਗੜੇਮਾਰੀ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਸੀ, ਪਰ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਪ੍ਰਭਾਵਿਤ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਨਹੀਂ ਮਿਲਿਆ।ਉਨ੍ਹਾਂ ਕਿਹਾ ਕਿ ਕਿਸਾਨ ਪਹਿਲਾਂ ਹੀ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ ਤੇ ਕੁਦਰਤੀ ਆਫ਼ਤ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਨਾ ਮਿਲਣ ਕਾਰਨ ਉਨ੍ਹਾਂ ਦੀਆਂ ਮੁਸ਼ਕਲਾਂ ਹੋਰ ਵਧ ਰਹੀਆਂ ਹਨ।

ਕਿਸਾਨ ਆਗੂਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਗੜੇਮਾਰੀ ਨਾਲ ਪ੍ਰਭਾਵਿਤ ਕਿਸਾਨਾਂ ਦੇ ਨੁਕਸਾਨ ਦੀ ਪੂਰੀ ਪੜਤਾਲ ਕਰਕੇ ਬਣਦਾ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਜੇਕਰ ਪ੍ਰਭਾਵਿਤ ਕਿਸਾਨਾਂ ਨੂੰ ਜਲਦ ਮੁਆਵਜ਼ਾ ਨਾ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਬੇਅੰਤ ਸਿੰਘ ਮੱਲੇਆਣਾ, ਬੀਕੇਯੂ ਉਗਰਾਹਾਂ ਦੇ ਬਲਾਕ ਪ੍ਰਧਾਨ ਬੂਟਾ ਸਿੰਘ ਭਾਗੀਕੇ, ਬਲਾਕ ਸਕੱਤਰ ਗੁਰਮੁੱਖ ਸਿੰਘ, ਅਮਰਜੀਤ ਸਿੰਘ ਸੈਦੋਕੇ, ਹਿੰਮਤਪੁਰਾ ਤੋਂ ਗੁਰਮੀਤ ਸਿੰਘ ਰਾਮਾ, ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਸਕੱਤਰ ਅਵਤਾਰ ਸਿੰਘ ਖਾਈ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਤੇ ਪਿੰਡ ਵਾਸੀ ਹਾਜ਼ਰ ਸਨ।

# ਸ਼ਹਿਰ ਨੂੰ ਨਸ਼ਾ ਮੁਕਤ ਬਣਾਉਣ ਲਈ ਸਾਂਝੇ ਯਤਨਾਂ ਦੀ ਲੋੜ : ਕਾਕਾ ਬਰਾੜ

## ਨਸ਼ਿਆਂ ਵਿਰੁੱਧ ਜੰਗ ਤਹਿਤ ਵੀਡੀਸੀ ਮੈਂਬਰਾਂ ਦੀ ਸਮੀਖਿਆ ਮੀਟਿੰਗ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਪੁੱਟਣ ਲਈ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਹਲਕਾ ਸ੍ਰੀ ਮੁਕਤਸਰ ਸਾਹਿਬ ਵਿਖੇ ਵੀਡੀਸੀ (ਵਿਲੇਜ ਡਿਫੈਂਸ ਕਮੇਟੀ) ਮੈਂਬਰਾਂ ਦੀ ਸਮੀਖਿਆ ਮੀਟਿੰਗ ਹੋਈ।ਇਸ ਮੌਕੇ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਇਕ ਸ. ਜਗਦੀਪ ਸਿੰਘ ਕਾਕਾ ਬਰਾੜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ. ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਸਮੱਸਿਆ ਦੇ ਖਾਤਮੇ ਲਈ ਵਿਆਪਕ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਲੋਕਾਂ ਨਾਲ ਕੀਤੇ ਹੋਰ ਵਾਅਦੇ ਨੂੰ ਪੂਰਾ ਕਰਨ ਲਈ ਲਗਾਤਾਰ ਉਪਰਾਲੇ ਜਾਰੀ ਹਨ।ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਨੂੰ ਨਸ਼ਾ ਮੁਕਤ ਸ਼ਹਿਰ ਬਣਾਉਣ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ।ਉਨ੍ਹਾਂ ਪਿੰਡਾਂ ਵਿੱਚ ਬਣੀਆਂ ਵੀਡੀਸੀ ਕਮੇਟੀਆਂ ਨੂੰ ਪੁਲਸ ਪ੍ਰਸ਼ਾਸਨ ਨਾਲ ਬਿਹਤਰ ਤਾਲਮੇਲ ਕਾਇਮ ਕਰਕੇ ਨਸ਼ਿਆਂ ਦੀ ਰੋਕਥਾਮ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।ਉਨ੍ਹਾਂ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣ ਤੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਧਿਆਨ ਰੱਖਣ, ਤਾਂ ਜੋ ਬੱਚੇ ਕਿਸੇ ਗਲਤ ਸੰਗਤ ਜਾਂ ਨਸ਼ਿਆਂ ਵੱਲ ਨਾ ਜਾਣ।

ਉਨ੍ਹਾਂ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਇਕਜੁੱਟ ਹੋ ਕੇ ਬੱਚਿਆਂ ਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ ਅਤੇ ਜਿੱਥੇ ਵੀ ਲੋੜ ਹੋਵੇ, ਬੱਚਿਆਂ ਦੇ ਮਾਪਿਆਂ ਨੂੰ ਵੀ ਸੂਚਿਤ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਵੱਲ ਪ੍ਰੇਰਿਤ ਕਰਨਾ ਬਹੁਤ ਜ਼ਰੂਰੀ ਹੈ। ਇਸ ਲਈ ਪਿੰਡਾਂ ਵਿੱਚ ਖੇਡ ਮੈਦਾਨਾਂ ਦਾ ਨਿਰਮਾਣ ਕਰਵਾਉਣ ਤੇ ਨੌਜਵਾਨਾਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਨ 'ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ।ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਸੁਪਨਾ 'ਰੰਗਲਾ ਪੰਜਾਬ' ਬਣਾਉਣਾ ਹੈ ਤੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਨਸ਼ਿਆਂ ਵਿਰੁੱਧ ਸਮਾਜ ਦੇ ਹਰ ਵਰਗ ਦੀ ਭਾਗੀਦਾਰੀ ਜ਼ਰੂਰੀ ਹੈ।ਉਨ੍ਹਾਂ ਵੀਡੀਸੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਪਿੰਡਾਂ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਸਰਗਰਮ ਭੂਮਿਕਾ ਨਿਭਾਉਣ ਅਤੇ ਪੁਲਿਸ ਨਾਲ ਲਗਾਤਾਰ ਤਾਲਮੇਲ ਬਣਾਈ ਰੱਖਣ।ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਮਾਰਕਿਟ ਕਮੇਟੀ ਮਲੋਟ ਜਸ਼ਨ ਬਰਾੜ, ਐਸ.ਐਚ.ਓ ਰਵਿੰਦਰ ਕੌਰ, ਨਸ਼ਾ ਮੁਕਤੀ ਮੋਰਚੇ ਦੇ ਜ਼ਿਲ੍ਹਾ ਕੋਆਰਡੀਨੇਟਰ ਯਾਦਵਿੰਦਰ ਸਿੰਘ ਹਰੀ ਕੇ ਕਲਾਂ ਤੇ ਜ਼ਿਲ੍ਹਾ ਵਾਇਸ ਕੋਆਰਡੀਨੇਟਰ ਜਗਸੀਰ ਸਿੰਘ ਸਰਪੰਚ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਆਪਣੇ ਵਿਚਾਰ ਸਾਂਝੇ ਕੀਤੇ ਗਏ।ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਦੇ ਮੁਕੰਮਲ ਖਾਤਮੇ ਲਈ ਪ੍ਰਸ਼ਾਸਨ, ਪੁਲਿਸ ਅਤੇ ਆਮ ਲੋਕਾਂ ਦੇ ਆਪਸੀ ਤਾਲਮੇਲ ਅਤੇ ਸਾਂਝੇ ਯਤਨ ਬਹੁਤ ਜ਼ਰੂਰੀ ਹਨ।ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਸ੍ਰੀ ਮੁਕਤਸਰ ਸਾਹਿਬ ਸੁਰਜੀਤ ਸਿੰਘ, ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਰਾਜਿੰਦਰ ਸਿੰਘ, ਬੀਡੀਪੀਓ ਸਵਰਨ ਸਿੰਘ, ਹਲਕਾ ਕੋਆਰਡੀਨੇਟਰ ਸ੍ਰੀ ਮੁਕਤਸਰ ਸਾਹਿਬ ਰੁਪਿੰਦਰ ਸਿੰਘ, ਹਲਕਾ ਵਾਇਸ ਕੋਆਰਡੀਨੇਟਰ ਸ੍ਰੀ ਮੁਕਤਸਰ ਸਾਹਿਬ ਅੰਗਰੇਜ ਸਿੰਘ, ਵੱਖ-ਵੱਖ ਬਲਾਕ ਕੋਆਰਡੀਨੇਟਰ ਤੋਂ ਇਲਾਵਾ ਸਮੂਹ ਪਿੰਡਾਂ ਦੇ ਪੰਚ-ਸਰਪੰਚ ਤੇ ਵੀਡੀਸੀ ਕਮੇਟੀ ਦੇ ਮੈਂਬਰ ਹਾਜ਼ਰ ਸਨ।

# ਪੀ ਏ ਯੂ ਖੇਤਰੀ ਖੋਜ ਕੇਂਦਰ ਵਿਖੇ ਕਿਸਾਨ ਮੇਲਾ 25 ਨੂੰ

## ਖੁੱਡੀਆਂ ਮੁੱਖ ਮਹਿਮਾਨ ਵਜੋਂ ਕਰਨਗੇ ਸ਼ਿਰਕਤ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਖੇਤਰੀ ਖੋਜ ਕੇਂਦਰ, ਡੱਬਵਾਲੀ ਰੋਡ ਬਠਿੰਡਾ ਵਿਖੇ ਕਿਸਾਨ ਮੇਲਾ 25 ਸਤੰਬਰ 2026 ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਗੁਰਮੀਤ ਸਿੰਘ ਖੁੱਡੀਆਂ, ਕੈਬਨਿਟ ਮੰਤਰੀ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ ਤੇ ਡੇਅਰੀ ਵਿਕਾਸ, ਮੱਛੀ ਪਾਲਣ ਤੇ ਫੂਡ ਪ੍ਰੋਸੈਸਿੰਗ ਅਤੇ ਮੇਲੇ ਦੀ ਪ੍ਰਧਾਨਗੀ ਵਾਈਸ ਚਾਂਸਲਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਕਰਨਗੇ।ਕਿਸਾਨ ਮੇਲੇ ਦੀਆਂ ਤਿਆਰੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਡਾ. ਕਰਮਜੀਤ ਸਿੰਘ ਸੇਖੋਂ ਨਿਰਦੇਸ਼ਕ, ਖੇਤਰੀ ਖੋਜ ਕੇਂਦਰ, ਬਠਿੰਡਾ ਦੀ ਪ੍ਰਧਾਨਗੀ ਹੇਠ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਬੈਠਕ ਕੀਤੀ ਗਈ।ਮੇਲੇ ਦੌਰਾਨ ਕਿਸਾਨਾਂ ਨੂੰ 'ਵਿਗਿਆਨਕ ਢੰਗ ਅਪਣਾਓ, ਖੇਤੀ ਆਮਦਨ ਵਧਾਓ' ਬਾਰੇ ਦੱਸਿਆ ਜਾਵੇਗਾ।ਇਸ ਮੇਲੇ ਦੌਰਾਨ ਕਿਸਾਨ ਵੀਰਾਂ ਨੂੰ ਹਾੜ੍ਹੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਿਸਮਾਂ ਦੇ ਬੀਜ, ਸਬਜ਼ੀਆਂ ਦੀਆਂ ਕਿੱਟਾਂ, ਸਬਜ਼ੀਆਂ ਦੀ ਪਨੀਰੀ ਤੇ ਫ਼ਲਦਾਰ ਬੂਟੇ ਮੁਹੱਈਆ ਕਰਵਾਏ ਜਾਣਗੇ।ਇਸ ਮੇਲੇ 'ਚ ਖਾਸ ਤੌਰ 'ਤੇ ਕਣਕ ਦੀ ਨਵੀਂ ਕਿਸਮ ਪੀ.ਬੀ.ਡਬਲਯੂ-887 ਕਿਸਾਨਾਂ ਦੀ ਖਿੱਚ ਦਾ ਕੇਂਦਰ ਰਹੇਗੀ।ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਨਾਲ ਸਬੰਧਤ ਅਦਾਰਿਆਂ ਵੱਲੋਂ ਵੱਖ-ਵੱਖ ਪ੍ਰਦਰਸ਼ਨੀਆਂ ਲਾਈਆਂ ਜਾਣਗੀਆਂ ਤੇ ਮਾਹਰਾਂ ਵੱਲੋਂ ਕਿਸਾਨਾਂ ਨੂੰ ਖੇਤੀ ਤੇ ਹੋਰ ਸਹਾਇਕ ਧੰਦਿਆਂ ਸਬੰਧੀ ਤਕਨੀਕੀ ਜਾਣਕਾਰੀ ਮੌਕੇ 'ਤੇ ਹੀ ਦਿੱਤੀ ਜਾਵੇਗੀ।ਡਾ. ਕਰਮਜੀਤ ਸਿੰਘ ਸੇਖੋਂ ਨੇ ਕਿਸਾਨ ਵੀਰਾਂ ਨੂੰ ਪਰਵਾਰ ਸਮੇਤ ਇਸ ਮੇਲੇ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਅਪੀਲ ਕੀਤੀ।

# ਪ੍ਰਸਿੱਧ ਗੀਤਕਾਰ ਦੇਵ ਥਰੀਕੇ ਵਾਲੇ ਦਾ 88ਵਾਂ ਜਨਮ ਦਿਨ ਮਨਾਇਆ



**ਜਗਰਾਉਂ (ਸੰਜੀਵ ਅਰੋੜਾ)**-ਸੰਸਾਰ ਪ੍ਰਸਿੱਧ ਲੇਖਕ ਤੇ ਗੀਤਕਾਰ ਦੇਵ ਥਰੀਕੇ ਵਾਲੇ ਦਾ ਅੱਜ 88 ਵਾਂ ਜਨਮ ਦਿਨ ਉਨ੍ਹਾ ਦੇ ਗ੍ਰਹਿ ਪਿੰਡ ਥਰੀਕੇ ਵਿਖੇ ਮਨਾਇਆ ਗਿਆ। ਅੱਜ ਦੇ ਪ੍ਰੋਗਰਾਮ ਦੀ ਸ਼ੁਰੂਆਤ ਗੀਤਕਾਰ ਦੇਵ ਥਰੀਕੇ ਵਾਲੇ ਦੇ ਸਰਵਣ ਸਪੁੱਤਰ ਜਗਵੰਤ ਸਿੰਘ ਥਰੀਕੇ ਨੇ ਕੇਕ ਕੱਟ ਕੇ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਨੈਸ਼ਨਲ ਤੇ ਸਟੇਟ ਐਵਾਰਡ ਪ੍ਰਾਪਤ ਗੀਤਕਾਰ ਅਮਰੀਕ ਸਿੰਘ ਤਲਵੰਡੀ, ਸ਼੍ਰੋਮਣੀ ਲੋਕ ਗਾਇਕ ਪਾਲੀ ਦੇਤਵਾਲੀਆ ਅਤੇ ਗੀਤਕਾਰ ਭੁਪਿੰਦਰ ਸਿੰਘ ਬਾਰਨਹਾੜਾ ਨੇ ਕਿਹਾ ਕਿ ਗੀਤਕਾਰ ਦੇਵ ਥਰੀਕੇ ਵਾਲੇ ਅੱਜ ਭਾਵੇ ਸਾਡੇ ਵਿਚ ਸਰੀਰਕ ਤੌਰ 'ਤੇ ਹਾਜ਼ਰ ਨਹੀਂ ਹਨ ਪਰ ਉਨ੍ਹਾਂ ਨਾਲ ਬਿਤਾਏ ਬੀਤੇ ਵਕਤ ਦੀਆ ਅਭੁੱਲ ਯਾਦਾ ਸਾਡੇ ਕੋਲ ਹਨ, ਜਿਨ੍ਹਾਂ ਨੇ ਆਪਣੀ ਮਿਆਰੀ ਕਲਮ ਨਾਲ ਹਜ਼ਾਰਾ ਗੀਤ, 36 ਕਿਤਾਬਾਂ ਲਿਖ ਕੇ ਪਿੰਡ ਥਰੀਕੇ ਦਾ ਨਾਮ ਦੁਨੀਆਂ ਦੇ ਨਖਸ਼ੇ ਤੇ ਸਥਾਪਿਤ ਕੀਤਾ। ਉਨ੍ਹਾਂ ਕਿਹਾ ਕਿ ਦੇਵ ਥਰੀਕੇ ਵਾਲਿਆਂ ਦੇ ਗੀਤ ਉਦੋ ਤੱਕ ਹਵਾ ਵਿਚ ਗੂੰਜਦੇ ਰਹਿਣਗੇ ਜਦੋਂ ਤੱਕ ਧਰਤੀ ਤੇ ਸੂਰਜ ਤੇ ਚੰਦ ਚੜ੍ਹਦੇ ਛੁਪਦੇ ਰਹਿਣਗੇ। ਇਸ ਮੌਕੇ ਲੋਕ ਗਾਇਕ ਯੁੱਧਵੀਰ ਮਾਣਕ ਨੇ 'ਵਾਰ ਬਾਬਾ ਬੰਦਾ ਸਿੰਘ ਬਹਾਦਰ' ਅਤੇ 'ਸ਼ਹੀਦ ਭਗਤ ਸਿੰਘ' ਗੀਤ ਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਤੋਂ ਇਲਾਵਾ ਲੋਕ ਗਾਇਕ ਗੁਰਮੀਤ ਮੀਤ ਨੇ ਬਾਪੂ ਦੇਵ ਥਰੀਕਿਆਂ ਵਾਲੇ ਦੇ ਲਿਖੇ ਗੀਤ ਬੁਰੀ ਹੁੰਦੀ ਏ ਜੱਟਾ, ਸੁਣੀ ਕਰਨੈਲ ਸਿਉ, ਮਾਂ ਹੁੰਦੀ ਏ ਮਾਂ, ਹੀਰ ਸਲੇਟੀ ਨਾਲ ਹਾਜ਼ਰੀ ਲਗਾਈ। ਪ੍ਰਸਿੱਧ ਲੋਕ ਗਾਇਕ ਲੈਹਿੰਬਰ ਹੁਸੈਨਪੁਰੀ ਨੇ ਹੀਰ ਦੀ ਕਲੀ, ਸੁੱਚਾ ਸੂਰਮਾ, ਮਣਕੇ, ਲੋਕ ਤੱਥ ਆਦਿ ਗੀਤ ਪੇਸ ਕੀਤੇ। ਸ਼੍ਰੋਮਣੀ ਲੋਕ ਗਾਇਕ ਪਾਲੀ ਦੇਤਵਾਲੀਆ ਨੇ 'ਚਾਲੀ ਪਿੰਡਾ ਦੀ ਜਮੀਨ ਲੁਧਿਆਣਾ ਖਾ ਗਿਆ' ਗੀਤ ਪੇਸ਼ ਕਰਕੇ ਗੀਤਕਾਰ ਦੇਵ ਥਰੀਕੇ ਵਾਲੇ ਨੂੰ ਯਾਦ ਕੀਤਾ ਲੋਕ ਗਾਇਕ ਦਲੇਰ ਪੰਜਾਬੀ ਗੀਤਕਾਰ ਦੇਵ ਥਰਕਿਆ ਵਾਲਿਆ ਦੇ ਲਿਖੇ ਸੁੱਚਾ ਸੂਰਮਾ, ਰਾਂਝੇ ਦਾ ਪਟਕਾ, ਹੀਰ, ਚੰਨਾ ਮੈ ਤੇਰੀ ਖੈਰ ਮੰਗਦੀ ਆਦਿ ਗੀਤ ਪੇਸ਼ ਕਰਕੇ ਹਾਜ਼ਰੀ ਲਗਾਈ। ਅੰਤ ਵਿਚ ਜਗਵੰਤ ਸਿੰਘ ਥਰੀਕੇ ਨੇ ਸਮੂਹ ਗੀਤਕਾਰਾਂ, ਗਾਇਕਾਂ ਤੇ ਕਲਾਂ ਪ੍ਰੇਮੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾ ਨਾਲ ਜਸਵੰਤ ਸਿੰਘ ਥਰੀਕੇ, ਕਰਨ ਥਰੀਕੇ ਯੂ ਐੱਸ ਏ, ਪ੍ਰਸਿੱਧ ਲੋਕ ਗਾਇਕ ਲਹਿੰਬਰ ਹੁਸੈਨਪੁਰੀ, ਸ਼੍ਰੋਮਣੀ ਲੋਕ ਗਾਇਕ ਪਾਲੀ ਦੇਤਵਾਲੀਆ, ਲੋਕ ਗਾਇਕ ਯੁੱਧਵੀਰ ਮਾਣਕ, ਲੋਕ ਗਾਇਕ ਗੁਰਮੀਤ ਮੀਤ, ਲੋਕ ਗਾਇਕ ਦਲੇਰ ਪੰਜਾਬੀ, ਗੀਤਕਾਰ ਅਮਰੀਕ ਸਿੰਘ ਤਲਵੰਡੀ, ਉੱਘੇ ਪ੍ਰੋਡਿਊਸਰ ਇੰਦੀ ਬਲਿੰਗ, ਇੰਦਰਜੀਤ ਸਿੰਘ ਬਲਿੰਗ ਯੂ ਐੱਸ ਏ, ਪ੍ਰਸਿੱਧ ਲੋਕ ਗਾਇਕਾ ਸੁਖਵੰਤ ਕੌਰ ਸੁੱਖੀ, ਪ੍ਰਸਿੱਧ ਲੋਕ ਗਾਇਕਾ ਕੁਲਦੀਪ ਕੌਰ, ਭੁਪਿੰਦਰ ਸਿੰਘ ਭਿੰਦੀ, ਗੀਤਕਾਰ ਜਿੰਦਰ ਰਾਮੂਵਾਲੀਆ, ਗੀਤਕਾਰ ਬਲਵੀਰ ਮਾਨ, ਉੱਘੇ ਸਮਾਜ ਸੇਵਕ ਭੁਪਿੰਦਰ ਸਿੰਘ ਸੇਖੋਂ, ਬਾਜ ਸਿੰਘ ਸੇਖੋਂ ਕੈਨੇਡਾ, ਉੱਘੇ ਕਲਾਂ ਪ੍ਰੇਮੀ ਹਰਦੀਪ ਕੌਸ਼ਲ ਮੱਲ੍ਹਾ, ਰਵਿੰਦਰ ਸਿੰਘ ਮੁੱਲਾਪੁਰ, ਰਵੀ ਦਾਖਾ, ਲੇਖਕ ਹਰਵਿੰਦਰ ਸਿੰਘ ਥਰੀਕੇ, ਸਰਪੰਚ ਗੁਰਵੀਰ ਸਿੰਘ ਥਰੀਕੇ, ਗੁਰਮੇਲ ਸਿੰਘ ਥਰੀਕੇ, ਜਸਵੀਰ ਕਮਾਂਡੋ ਤੇ ਯੂਥ ਆਗੂ ਭੋਲਾ ਮੱਲਾ ਆਦਿ ਹਾਜ਼ਰ ਸਨ।

# ਦਰਬਾਰ ਗੰਜ ਵਿਖੇ 'ਰੀਟੇਕ ਜ਼ਿੰਦਗੀ' ਨਾਟਕ ਦੀ ਸ਼ਾਨਦਾਰ ਪੇਸ਼ਕਾਰੀ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਬਾਬਾ ਸ਼ੇਖ ਫਰੀਦ ਆਗਮਨ ਪੁਰਬ-2026 ਦੇ ਸਬੰਧ ਵਿੱਚ ਦਰਬਾਰ ਗੰਜ ਫਰੀਦਕੋਟ ਵਿਖੇ ਬੀਤੀ ਸ਼ਾਮ ਕਰਵਾਏ ਗਏ ਡਰਾਮਾ ਫੈਸਟੀਵਲ ਦੌਰਾਨ ਕਲਾਕਾਰਾਂ ਵੱਲੋਂ ਸ਼ਮੂਲੀਅਤ ਕਰਕੇ ਆਪਣੀ ਕਲਾ ਦੇ ਖੂਬ ਜੌਹਰ ਦਿਖਾਏ ਗਏ।ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਤੇਜ ਸਿੰਘ ਖੋਸਾ, ਚੇਅਰਮੈਨ ਮਾਰਕੀਟ ਕਮੇਟੀ ਅਮਨਦੀਪ ਸਿੰਘ ਬਾਬਾ, ਵਧੀਕ ਡਿਪਟੀ ਕਮਿਸ਼ਨਰ (ਜ) ਕੇਸ਼ਵ ਗੋਇਲ, ਵਧੀਕ ਡਿਪਟੀ ਕਮਿਸ਼ਨਰ (ਡੀ) ਸੰਦੀਪ ਮਲਹੋਤਰਾ, ਐੱਸ.ਡੀ.ਐੱਮ. ਜੈਤੋ ਵਿਕਰਮਜੀਤ ਸਿੰਘ, ਤਹਿਸੀਲਦਾਰ ਪਰਮਿੰਦਰ ਸਿੰਘ ਤੇ ਨਾਇਬ ਤਹਿਸੀਲਦਾਰ ਹਰਸ਼ਵੀਰ ਗੋਇਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਮੌਕੇ ਸੁਚੇਤਕ ਰੰਗ ਮੰਚ, ਪਟਿਆਲਾ ਵੱਲੋਂ 'ਰੀਟੇਕ ਜ਼ਿੰਦਗੀ' ਨਾਟਕ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ।ਨਾਟਕ ਦਾ ਨਿਰਦੇਸ਼ਨ ਡਾ. ਲੱਖਾ ਲਹਿਰੀ ਤੇ ਜਸਵਿੰਦਰ ਸਿੰਘ ਵੱਲੋਂ ਕੀਤਾ ਗਿਆ। ਨਾਟਕ ਰਾਹੀਂ ਪਤੀ-ਪਤਨੀ ਦੇ ਰਿਸ਼ਤੇ ਨੂੰ ਹੋਰ ਮਜ਼ਬੂਤ, ਖ਼ੂਬਸੂਰਤ ਤੇ ਸੁਖਾਵਾਂ ਬਣਾਉਣ ਸਬੰਧੀ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸੁਨੇਹਾ ਦਿੱਤਾ ਗਿਆ।ਨਾਟਕ ਵਿੱਚ ਪਰਿਵਾਰਕ ਜੀਵਨ ਨਾਲ ਜੁੜੇ ਵੱਖ-ਵੱਖ ਪਹਿਲੂਆਂ ਨੂੰ ਪੇਸ਼ ਕਰਦਿਆਂ ਦਰਸ਼ਕਾਂ ਨੂੰ ਆਪਸੀ ਸਮਝ, ਸਹਿਯੋਗ, ਪਿਆਰ ਤੇ ਸਤਿਕਾਰ ਨਾਲ ਰਿਸ਼ਤਿਆਂ ਨੂੰ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ।

ਦਰਬਾਰ ਗੰਜ ਵਿਖੇ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਨੇ ਨਾਟਕ ਰਾਹੀਂ ਦਿੱਤੇ ਗਏ ਸਮਾਜਿਕ ਸੁਨੇਹੇ ਨੂੰ ਧਿਆਨ ਨਾਲ ਸੁਣਿਆ ਤੇ ਇਸ ਪੇਸ਼ਕਾਰੀ ਨੂੰ ਬਾਬਾ ਫਰੀਦ ਆਗਮਨ ਪੁਰਬ ਦੇ ਸੱਭਿਆਚਾਰਕ ਸਮਾਗਮਾਂ ਦਾ ਮਹੱਤਵਪੂਰਨ ਹਿੱਸਾ ਦੱਸਿਆ।ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਜਸਬੀਰ ਸਿੰਘ ਜੱਸੀ ਵੱਲੋਂ ਬਾਖ਼ੂਬੀ ਨਿਭਾਈ ਗਈ।

# ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲੇ ਧਰਮਪਾਲ ਬਾਂਸਲ

## ਆਯੁਰਵੇਦ ਦੀ ਮਹੱਤਤਾ ਬਾਰੇ ਕੀਤਾ ਵਿਸਥਾਰਪੂਰਵਕ ਵਿਚਾਰ-ਵਟਾਂਦਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼ਹੀਦ ਭਗਤ ਸਿੰਘ ਕਾਲਜ ਆਫ਼ ਨਰਸਿੰਗ ਤੇ ਹਾਰਮਨੀ ਆਯੁਰਵੇਦਿਕ ਮੈਡੀਕਲ ਕਾਲਜ ਐਂਡ ਹਸਪਤਾਲ ਫਿਰੋਜ਼ਪੁਰ ਦੇ ਚੇਅਰਮੈਨ ਸ੍ਰੀ ਧਰਮਪਾਲ ਬਾਂਸਲ ਵੱਲੋਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਦੋਵਾਂ ਵੱਲੋਂ 11ਵੇਂ ਆਯੁਰਵੇਦ ਦਿਵਸ ਸਬੰਧੀ ਅਤੇ ਆਯੁਰਵੇਦ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਹਾਰਮੋਨੀ ਕਾਲੇਜ ਦੇ ਡਾਇਰੈਕਟਰ ਯੋਗੇਸ਼ ਬਾਂਸਲ ਵੀ ਉਨ੍ਹਾਂ ਦੇ ਨਾਲ ਸਨ।

ਧਰਮਪਾਲ ਬਾਂਸਲ ਰਾਜਪਾਲ ਨੂੰ ਹਾਰਮਨੀ ਆਯੁਰਵੇਦਿਕ ਮੈਡੀਕਲ ਕਾਲਜ ਐਂਡ ਹਸਪਤਾਲ, ਫਿਰੋਜ਼ਪੁਰ ਵਿਖੇ ਆਉਣ ਲਈ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ। ਉਨ੍ਹਾਂ ਬੇਨਤੀ ਕੀਤੀ ਕਿ ਰਾਜਪਾਲ ਆਪਣੇ ਕੀਮਤੀ ਅਤੇ ਰੁਝੇਵਿਆਂ ਭਰੇ ਸਮੇਂ ਵਿੱਚੋਂ ਸਮਾਂ ਕੱਢ ਕੇ ਫਿਰੋਜ਼ਪੁਰ ਦੀ ਧਰਤੀ 'ਤੇ ਜ਼ਰੂਰ ਪਹੁੰਚਣ ਤੇ ਸੰਸਥਾ ਦੀਆਂ ਗਤੀਵਿਧੀਆਂ ਨੂੰ ਆਪਣੀ ਹਾਜ਼ਰੀ ਨਾਲ ਸਨਮਾਨਿਤ ਕਰਨ। ਉਨ੍ਹਾਂ ਕਿਹਾ ਕਿ ਰਾਜਪਾਲ ਦੀ ਫਿਰੋਜ਼ਪੁਰ ਆਮਦ ਸੰਸਥਾ, ਵਿਦਿਆਰਥੀਆਂ, ਅਧਿਆਪਕਾਂ ਤੇ ਸਮੁੱਚੇ ਇਲਾਕੇ ਲਈ ਮਾਣ ਤੇ ਗੌਰਵ ਦਾ ਵਿਸ਼ਾ ਹੋਵੇਗੀ। ਮੁਲਾਕਾਤ ਦੌਰਾਨ ਧਰਮਪਾਲ ਬਾਂਸਲ ਨੇ 11ਵੇਂ ਆਯੁਰਵੇਦ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਆਯੁਰਵੇਦ ਸਿਰਫ਼ ਇਕ ਚਿਕਿਤਸਾ ਪੱਧਤੀ ਹੀ ਨਹੀਂ, ਸਗੋਂ ਭਾਰਤ ਦੀ ਪ੍ਰਾਚੀਨ ਸਿਹਤ ਪ੍ਰੰਪਰਾ ਤੇ ਜੀਵਨ ਜਿਊਣ ਦੀ ਸੰਤੁਲਿਤ ਪੱਧਤੀ ਹੈ। ਉਨ੍ਹਾਂ ਦੱਸਿਆ ਕਿ ਹਾਰਮਨੀ ਆਯੁਰਵੇਦਿਕ ਮੈਡੀਕਲ ਕਾਲਜ ਐਂਡ ਹਸਪਤਾਲ ਵੱਲੋਂ ਆਯੁਰਵੇਦ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਤੇ ਨੌਜਵਾਨ ਪੀੜ੍ਹੀ ਨੂੰ ਇਸ ਮਹਾਨ ਵਿਰਾਸਤ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਸੰਸਥਾ ਵੱਲੋਂ ਆਯੁਰਵੇਦ ਦਿਵਸ ਨੂੰ ਸਮਰਪਤ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ, ਸਿਹਤ ਸੰਬੰਧੀ ਜਾਣਕਾਰੀ ਤੇ ਵਿਸ਼ੇਸ਼ ਪ੍ਰੋਗਰਾਮ ਕਰਵਾਉਣ ਬਾਰੇ ਵੀ ਚਰਚਾ ਕੀਤੀ ਗਈ। ਬਾਂਸਲ ਨੇ ਕਿਹਾ ਕਿ ਅਜਿਹੇ ਸਮਾਗਮਾਂ ਦਾ ਮੁੱਖ ਉਦੇਸ਼ ਆਯੁਰਵੇਦ ਦੀਆਂ ਵਿਗਿਆਨਕ ਅਤੇ ਸਿਹਤਮੰਦ ਜੀਵਨਸ਼ੈਲੀ ਨਾਲ ਜੁੜੀਆਂ ਮਹੱਤਵਪੂਰਨ ਗੱਲਾਂ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਹੈ। ਰਾਜਪਾਲ ਵੱਲੋਂ ਵੀ ਧਰਮਪਾਲ ਬਾਂਸਲ ਨਾਲ ਸਨੇਹਪੂਰਵਕ ਗੱਲਬਾਤ ਕਰਦਿਆਂ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਪ੍ਰਤੀ ਰੁਚੀ ਪ੍ਰਗਟਾਈ ਗਈ।

ਉਨ੍ਹਾਂ ਵੱਲੋਂ ਆਯੁਰਵੇਦ ਦੇ ਪ੍ਰਚਾਰ-ਪ੍ਰਸਾਰ ਤੇ ਸਿਹਤ ਜਾਗਰੂਕਤਾ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਗਈ ਅਤੇ ਫਿਰੋਜ਼ਪੁਰ ਦੌਰੇ ਸਬੰਧੀ ਸਕਾਰਾਤਮਕ ਰੁਖ ਪ੍ਰਗਟਾਇਆ ਗਿਆ।

## ਸ਼ਿਵ ਮੰਦਰ ਵਿਖੇ ਮੁਫ਼ਤ ਆਯੂਸ਼ ਕੈਂਪ 'ਚ 718 ਮਰੀਜ਼ਾਂ ਦੀ ਜਾਂਚ



**ਭਵਾਨੀਗੜ੍ਹ (ਰਾਜ ਖੁਰਮੀ)**-ਆਯੂਰਵੇਦਾ ਪੰਜਾਬ ਦੇ ਡਾਇਰੈਕਟਰ ਡਾ. ਰਮਨ ਖੰਨਾ ਤੇ ਡਾਇਰੈਕਟਰ ਹੋਮਿਓਪੈਥੀ ਡਾ. ਹਰਿੰਦਰਪਾਲ, ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫ਼ਸਰ ਡਾ. ਸੀਮਾ ਜੈਨ ਅਤੇ ਜ਼ਿਲ੍ਹਾ ਹੋਮਿਓਪੈਥੀ ਅਫ਼ਸਰ ਡਾ. ਰਾਜੀਵ ਜਿੰਦੀਆ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ਿਵ ਮੰਦਿਰ ਭਵਾਨੀਗੜ੍ਹ ਵਿਖੇ ਵਿਭਾਗ ਵੱਲੋਂ ਮੁਫ਼ਤ ਆਯੂਸ਼ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਇੰਚਾਰਜ ਡਾ. ਮੀਨੂ ਵਾਹੀ ਨੇ ਦੱਸਿਆ ਕਿ ਕੈਂਪ ਦੌਰਾਨ ਕੁੱਲ 718 ਮਰੀਜ਼ਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚ 378 ਮਰੀਜ਼ਾਂ ਨੇ ਆਯੁਰਵੈਦਿਕ ਤੇ 340 ਮਰੀਜ਼ਾਂ ਨੇ ਹੋਮਿਓਪੈਥਿਕ ਇਲਾਜ ਸੇਵਾਵਾਂ ਦਾ ਲਾਭ ਲਿਆ। ਮਰੀਜ਼ਾਂ ਦੀ ਜਾਂਚ ਉਪਰੰਤ ਉਨ੍ਹਾਂ ਨੂੰ ਲੋੜ ਅਨੁਸਾਰ ਆਯੁਰਵੈਦਿਕ ਤੇ ਹੋਮਿਓਪੈਥਿਕ ਦਵਾਈਆਂ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ। ਕੈਂਪ ਦੌਰਾਨ ਗਠੀਆ, ਸ਼ੂਗਰ, ਚਮੜੀ ਦੇ ਰੋਗ, ਜੋੜਾਂ ਦੇ ਰੋਗ, ਇਸਤਰੀ ਰੋਗ, ਪੇਟ ਦੀਆਂ ਬਿਮਾਰੀਆਂ ਤੇ ਮੌਸਮੀ ਬਿਮਾਰੀਆਂ ਸਮੇਤ ਵੱਖ-ਵੱਖ ਸਿਹਤ ਸਮੱਸਿਆਵਾਂ ਸੰਬੰਧੀ ਮਰੀਜ਼ਾਂ ਦੀ ਜਾਂਚ ਤੇ ਇਲਾਜ ਕੀਤਾ ਗਿਆ। ਇਸ ਤੋਂ ਇਲਾਵਾ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਅ, ਸਿਹਤ ਸੰਭਾਲ ਤੇ ਸਿਹਤਮੰਦ ਜੀਵਨ-ਸ਼ੈਲੀ ਸੰਬੰਧੀ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਡਾ. ਮੀਨੂ ਵਾਹੀ, ਡਾ. ਲਲਿਤ ਕਾਂਸਲ, ਡਾ. ਰੇਣੂ ਗੋਸਵਾਮੀ, ਉਪ ਵੈਦ ਪਰਮਿੰਦਰ ਸਿੰਘ, ਮਨਪ੍ਰੀਤ, ਅਮਿਤ, ਕੈਲਾਸ਼, ਯੋਗੇਸ਼, ਸੁਖਵੀਰ ਤੇ ਉਰਮਿਲਾ ਤੋਂ ਇਲਾਵਾ ਹੋਮਿਓਪੈਥਿਕ ਡਿਸਪੈਂਸਰੀ ਫਾਰਮੈਸੀ ਅਫ਼ਸਰ ਮਨਪ੍ਰੀਤ ਮਾਨ, ਡਾ. ਅਮਰਿੰਦਰ ਕੌਰ, ਡਿਸਪੈਂਸਰ ਹਰਵਿੰਦਰ ਸਿੰਘ, ਕਰਨੈਲ ਸਿੰਘ ਤੇ ਜੋਬਨਪ੍ਰੀਤ ਨੇ ਮਰੀਜ਼ਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ। ਸਿਹਤ ਕਰਮਚਾਰੀਆਂ ਵੱਲੋਂ ਲੋਕਾਂ ਨੂੰ ਆਯੁਰਵੈਦ ਤੇ ਹੋਮਿਓਪੈਥੀ ਇਲਾਜ ਪ੍ਰਣਾਲੀਆਂ ਸੰਬੰਧੀ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

## ਪੂਨਾਵਾਲਾ ਫਿਨਕਾਰਪ ਬ੍ਰਾਂਚ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਾਇਆ



**ਮੋਗਾ (ਪੱਤਰ ਪ੍ਰੇਰਕ)**-ਪੂਨਾਵਾਲਾ ਫਿਨਕਾਰਪ ਲਿਮਿਟਡ ਗੋਲਡ ਲੋਨ ਦੀ ਬ੍ਰਾਂਚ ਮੋਗਾ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਰੀਜਨਲ ਹੈੱਡ ਰਾਜਨ ਕੁਮਾਰ, ਏਰੀਆ ਹੈੱਡ ਦਲੇਰ ਸਿੰਘ ਆਦਿ ਨੇ ਸ਼ਿਰਕਤ ਕੀਤੀ।ਇਸ ਮੌਕੇ ਸਮਾਗਮ ਵਿੱਚ ਇੰਸ਼ੋਰੈਂਸ ਵਿਭਾਗ ਦੇ ਕਰਾਮਤ ਅਲੀ, ਵਰੁਣ ਵਰਮਾ ਔਡਿਡ, ਕੇਵਲ ਸਿੰਘ ਘਾਰੂ ਜਰਨਲਿਸਟ, ਲੱਡੂ ਆਰੇ ਆਲੇ, ਦਵਿੰਦਰ ਸਿੰਘ ਰਣੀਆਂ (ਵਾਰਿਸ ਅਕਾਲੀ ਦਲ ਦੇ ਪ੍ਰਧਾਨ), ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਸਤਨਾਮ ਸਿੰਘ, ਸੁਮਿਤ ਕੁਮਾਰ ਏਰੀਆ ਹੈੱਡ ਲੇਪ ਲੋਨ, ਅਸਿਸਟੈਂਟ ਮੈਨੇਜਰ ਜੋਗਿੰਦਰ ਸਿੰਘ, ਸਾਜਨ ਸਹਿਗਲ ਏ ਐੱਮ ਬੀ ਜਗਰਾਓਂ ਬ੍ਰਾਂਚ, ਮਨਜਿੰਦਰ ਸਿੰਘ ਬ੍ਰਾਂਚ ਮੈਨੇਜਰ ਜਗਰਾਓਂ, ਜਗਵੀਰ ਸਿੰਘ ਮੋਗਾ, ਮਨਜਿੰਦਰ ਸਿੰਘ ਮੁੱਲਾਂਪੁਰ, ਅਮਨ ਜਗਰਾਓਂ ਆਦਿ ਨੂੰ ਸਿਰਪਾਓ ਦੇ ਕੇ ਏਰੀਆ ਹੈੱਡ ਗਗਨਦੀਪ ਸ਼ਰਮਾ ਨੇ ਸਨਮਾਨਤ ਕੀਤਾ।ਇਸ ਮੌਕੇ ਬ੍ਰਾਂਚ ਮੈਨੇਜਰ ਪਵਨਦੀਪ ਕੌਰ ਮੋਗਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਐੱਸ ਐੱਚ ਓ ਰਣਜੀਤ ਸਿੰਘ ਢੀਂਡਸਾ ਦਾ ਸਨਮਾਨ




**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਨਿਹਾਲ ਸਿੰਘ ਵਾਲਾ ਦੀ ਸੀ ਆਰ ਓ ਟੀਮ ਵੱਲੋਂ ਨਵੇਂ ਥਾਣਾ ਇੰਚਾਰਜ ਲਗਾਏ ਗਏ ਐੱਸ ਐੱਚ ਓ ਰਣਜੀਤ ਸਿੰਘ ਢੀਂਡਸਾ ਨੂੰ ਤਰੱਕੀ ਮਿਲਣ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਟੀਮ ਦੇ ਮੈਂਬਰਾਂ ਵੱਲੋਂ ਉਨ੍ਹਾਂ ਦਾ ਨਿਹਾਲ ਸਿੰਘ ਵਾਲਾ ਥਾਣੇ ਦਾ ਇੰਚਾਰਜ ਲੱਗਣ 'ਤੇ ਸਵਾਗਤ ਵੀ ਕੀਤਾ ਗਿਆ।ਇਸ ਦੌਰਾਨ ਸੀ ਆਰ ਓ ਟੀਮ ਦੇ ਮੈਂਬਰਾਂ ਨੇ ਆਪਣੇ ਸ਼ਹਿਰ ਨਾਲ ਸਬੰਧਤ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਐੱਸ ਐੱਚ ਓ ਰਣਜੀਤ ਸਿੰਘ ਢੀਂਡਸਾ ਨੂੰ ਜਾਣੂ ਕਰਵਾਇਆ ਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸਹਿਯੋਗ ਦੀ ਮੰਗ ਕੀਤੀ।ਐੱਸ ਐੱਚ ਓ ਵੱਲੋਂ ਟੀਮ ਨੂੰ ਬਣਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ।ਇਸ ਮੌਕੇ ਸੀ ਆਰ ਓ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਕੁਮਾਰ ਜੈਨ, ਅਨਿਲ ਕੁਮਾਰ ਜੈਨ, ਨਰੇਸ਼ ਕੁਮਾਰ, ਵਿਨੋਦ ਕੁਮਾਰ, ਸੁਖਪਾਲ ਸਿੰਘ, ਸੁਖਵਿੰਦਰ ਸਿੰਘ, ਨਵੀ, ਬਾਜ਼ ਸਿੰਘ, ਗੁਰਮੇਲ ਸਿੰਘ, ਸਾਬਕਾ ਫੌਜੀ ਲਾਲੀ ਸਿੰਘ ਬੁਰਜ ਹਮੀਰਾ, ਹੈਪੀ ਸਿੰਘ ਨਿਹਾਲ ਸਿੰਘ ਵਾਲਾ ਸਮੇਤ ਹੋਰ ਮੈਂਬਰ ਹਾਜ਼ਰ ਸਨ।

## ਸਰਕਾਰ ਦੀਆਂ ਲੋਕ-ਪੱਖੀ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾਵਾਂਗੇ : ਰਣਜੋਧ ਹਾਡਾਣਾ



**ਸਨੌਰ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਸਨੌਰ ਦੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਵੱਲੋਂ ਸਮੂਹ ਬਲਾਕ ਪ੍ਰਧਾਨਾਂ ਤੇ ਸੀਨੀਅਰ ਅਹੁਦੇਦਾਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਮਾਨ ਸਰਕਾਰ ਦੀਆਂ ਲੋਕ-ਪੱਖੀ ਪ੍ਰਾਪਤੀਆਂ ਤੇ ਇਤਿਹਾਸਕ ਮੁਨਾਫ਼ਿਆਂ ਦੀ ਜਾਣਕਾਰੀ ਹਲਕੇ ਦੇ ਘਰ-ਘਰ ਤੱਕ ਪਹੁੰਚਾਉਣ ਦੀ ਰੂਪ-ਰੇਖਾ ਉਲੀਕੀ ਗਈ।ਹਡਾਣਾ ਨੇ ਬਲਾਕ ਪ੍ਰਧਾਨਾਂ ਨੂੰ ਪਿੰਡ-ਪਿੰਡ ਜਾ ਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਤੇ ਸਰਕਾਰੀ ਸਕੀਮਾਂ ਤੋਂ ਵਾਂਝੇ ਰਹਿ ਗਏ ਪਰਵਾਰਾਂ ਨੂੰ ਮੌਕੇ 'ਤੇ ਲਾਭ ਦਿਵਾਉਣ ਦੀਆਂ ਹਦਾਇਤਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਹਲਕਾ ਸਨੌਰ ਅੰਦਰ ਇਨ੍ਹਾਂ ਸਕੀਮਾਂ ਦਾ ਲਾਭ ਹਰੇਕ ਯੋਗ ਪਰਿਵਾਰ ਤੱਕ ਬਿਨਾਂ ਕਿਸੇ ਪੱਖਪਾਤ ਦੇ ਪਹੁੰਚਾਉਣਾ ਹੀ ਸਾਡੀ ਮੁੱਖ ਤਰਜੀਹ ਹੈ।ਇਸ ਮੌਕੇ ਹਲਕੇ ਸਨੌਰ ਦੇ ਸਾਰੇ ਬਲਾਕ ਇੰਚਾਰਜ ਤੇ ਕਈ ਆਪ ਅਹੁਦੇਦਾਰ ਮੌਜੂਦ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਦਿਆਂ ਸੂਬੇ ਦੇ ਲੋਕਾਂ ਨੂੰ ਇਤਿਹਾਸਕ ਰਾਹਤ ਦਿੱਤੀ ਗਈ ਹੈ।ਰਣਜੋਧ ਸਿੰਘ ਹਡਾਣਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਮਾਨ ਸਰਕਾਰ ਦੀਆਂ ਲੋਕ-ਭਲਾਈ ਯੋਜਨਾਵਾਂ ਸਦਕਾ ਅੱਜ ਪੰਜਾਬ ਦੇ ਹਰੇਕ ਆਮ ਪਰਵਾਰ ਨੂੰ ਸਾਲਾਨਾ ਲਗਭਗ 1,82,000 ਦਾ ਸਿੱਧਾ ਆਰਥਿਕ ਮੁਨਾਫ਼ਾ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੇ ਜੋ ਕਿਹਾ ਸੀ, ਉਹ ਕਰ ਵਿਖਾਇਆ ਹੈ।ਹਡਾਣਾ ਨੇ ਪਿਛਲੀਆਂ ਸਰਕਾਰਾਂ 'ਤੇ ਤਿੱਖਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਪਹਿਲਾਂ ਆਮ ਲੋਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਭਾਰੀ ਬਿਜਲੀ ਬਿੱਲਾਂ, ਸਕੂਲਾਂ ਦੀਆਂ ਮੋਟੀਆਂ ਫ਼ੀਸਾਂ, ਬੱਸਾਂ ਦੇ ਕਿਰਾਏ ਤੇ ਹਸਪਤਾਲਾਂ ਦੀਆਂ ਦਵਾਈਆਂ-ਪਰਚੀਆਂ ਵਿੱਚ ਬਰਬਾਦ ਹੋ ਜਾਂਦੀ ਸੀ, ਪ੍ਰੰਤੂ ਭਗਵੰਤ ਮਾਨ ਨੇ ਇਹ ਸਾਰਾ ਪੈਸਾ ਆਮ ਲੋਕਾਂ ਦੀਆਂ ਜੇਬਾਂ ਵਿੱਚੋਂ ਨਿਕਲਣੋਂ ਬੰਦ ਕਰਵਾ ਦਿੱਤਾ ਹੈ, ਜੋ ਕਿ ਅੱਜ ਪਰਵਾਰਾਂ ਦਾ ਅਸਲ ਮੁਨਾਫ਼ਾ ਸਾਬਿਤ ਹੋ ਰਿਹਾ ਹੈ।

## 'ਆਪ' ਕੰਮਾਂ ਦਾ ਰਿਪੋਰਟ ਕਾਰਡ ਲੈ ਕੇ ਹਰ ਘਰ ਤੱਕ ਪਹੁੰਚੇਗੀ : ਸਤਿੰਦਰ ਚੱਠਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)**-ਆਲ ਇੰਡੀਆ ਐੱਫ ਸੀ ਆਈ ਐਗਜ਼ੀਕਿਊਟਿਵ ਸਟਾਫ਼ ਯੂਨੀਅਨ ਦੇ ਕੌਮੀ ਪ੍ਰਧਾਨ ਤੇ ਆਮ ਆਦਮੀ ਪਾਰਟੀ ਦੇ ਆਗੂ ਸਤਿੰਦਰ ਸਿੰਘ ਚੱਠਾ ਨੇ ਕਿਹਾ ਕਿ 'ਆਪ' ਸਾਲ 2022 ਤੋਂ ਹੁਣ ਤੱਕ ਕੀਤੇ ਕੰਮਾਂ ਦਾ ਰਿਪੋਰਟ ਕਾਰਡ ਲੈ ਕੇ ਹਰ ਘਰ ਤੱਕ ਪਹੁੰਚੇਗੀ।ਉਨ੍ਹਾਂ ਕਿਹਾ ਕਿ ਪਾਰਟੀ ਦੀ ਚੋਣ ਮੁਹਿੰਮ ਸਕਾਰਾਤਮਕ ਰਹੇਗੀ ਤੇ ਇਸ ਦਾ ਕੇਂਦਰ ਪੰਜਾਬ ਸਰਕਾਰ ਵੱਲੋਂ ਲੋਕਾਂ ਲਈ ਕੀਤੇ ਗਏ ਕੰਮ ਹੋਣਗੇ।ਉਨ੍ਹਾਂ ਕਿਹਾ ਕਿ 'ਆਪ' ਜ਼ਮੀਨੀ ਪੱਧਰ 'ਤੇ ਕੀਤੇ ਕੰਮਾਂ ਦੇ ਆਧਾਰ 'ਤੇ ਲੋਕਾਂ ਤੋਂ ਸਮਰਥਨ ਮੰਗੇਗੀ ਤੇ ਨਾਲ ਹੀ ਵਿਰੋਧੀ ਪਾਰਟੀਆਂ ਤੋਂ ਉਨ੍ਹਾਂ ਦੇ ਕਾਰਜਕਾਲ ਅਤੇ ਨਸ਼ਿਆਂ ਦੇ ਮੁੱਦੇ 'ਤੇ ਜਵਾਬ ਵੀ ਮੰਗੇਗੀ।ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਲਈ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਸਾਡੀ ਸਰਕਾਰ ਵੱਲੋਂ ਕੀਤੇ ਕੰਮਾਂ ਦਾ ਰਿਪੋਰਟ ਕਾਰਡ ਲੈ ਕੇ ਹਰ ਘਰ ਜਾਵਾਂਗੇ।ਅਸੀਂ 2022 ਵਿੱਚ ਦਿੱਤੀਆਂ ਸਾਰੀਆਂ ਗਾਰੰਟੀਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ ਹੈ।ਮੁਫ਼ਤ ਬਿਜਲੀ, ਬਿਹਤਰ ਸਕੂਲਾਂ ਤੇ ਆਮ ਆਦਮੀ ਕਲੀਨਿਕਾਂ ਵਰਗੀਆਂ ਸਹੂਲਤਾਂ ਨਾਲ ਹਰ ਪਰਿਵਾਰ ਦੀ ਹੁਣ ਲਗਭਗ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਬੱਚਤ ਹੋ ਰਹੀ ਹੈ।ਅਸੀਂ ਆਪਣੇ ਵਾਅਦੇ ਪੂਰੇ ਕੀਤੇ ਹਨ, ਇਸੇ ਲਈ ਅੱਜ ਸਿਰ ਉੱਚਾ ਕਰਕੇ ਤੁਹਾਡੇ ਸਾਹਮਣੇ ਆਏ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਪਰਵਾਰ ਅੱਜ ਸਾਡੀ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਪਹਿਲਕਦਮੀਆਂ ਸਦਕਾ ਸਾਲਾਨਾ 1.82 ਲੱਖ ਰੁਪਏ ਦਾ ਲਾਭ ਪ੍ਰਾਪਤ ਕਰ ਰਿਹਾ ਹੈ।ਇਹ ਕੋਈ ਕਾਲਪਨਿਕ ਅੰਕੜਾ ਨਹੀਂ ਹੈ।ਇਹ ਉਹ ਪੈਸਾ ਹੈ ਜੋ ਹੁਣ ਕਿਸੇ ਪਰਿਵਾਰ ਨੂੰ ਬਿਜਲੀ, ਸਿਹਤ ਸੇਵਾਵਾਂ, ਸਿੱਖਿਆ ਤੇ ਹੋਰ ਜ਼ਰੂਰੀ ਸਹੂਲਤਾਂ ਲਈ ਆਪਣੀ ਜੇਬ ਵਿੱਚੋਂ ਨਹੀਂ ਖਰਚਣਾ ਪੈਂਦਾ।ਮੈਂ ਚਾਹੁੰਦਾ ਹਾਂ ਕਿ ਹਰ ਪਰਵਾਰ ਖ਼ੁਦ ਬੈਠ ਕੇ ਹਿਸਾਬ ਲਗਾਵੇ ਕਿ ਉਹ ਹਰ ਮਹੀਨੇ ਕਿੰਨੀ ਬੱਚਤ ਕਰ ਰਿਹਾ ਹੈ।

## ਆਗਮਨ ਪੁਰਬ ਦੇ ਤੀਜੇ ਦਿਨ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਅਖੰਡ ਪਾਠ ਆਰੰਭ

■ 23 ਨੂੰ ਭੋਗ ਉਪਰੰਤ ਸਜੇਗਾ ਵਿਸ਼ਾਲ ਨਗਰ ਕੀਰਤਨ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਮਹਾਨ ਸੂਫ਼ੀ ਸੰਤ ਬਾਬਾ ਸ਼ੇਖ਼ ਫ਼ਰੀਦ ਜੀ ਦੀ ਪਾਵਨ ਯਾਦ ਨੂੰ ਸਮਰਪਤ ਬਾਬਾ ਫ਼ਰੀਦ ਆਗਮਨ-ਪੁਰਬ 2026 ਦੇ ਸਮਾਗਮਾਂ ਦੇ ਤੀਜੇ ਦਿਨ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ।ਬਾਬਾ ਫ਼ਰੀਦ ਧਾਰਮਿਕ ਤੇ ਵਿੱਦਿਅਕ ਸੰਸਥਾਵਾਂ ਫ਼ਰੀਦਕੋਟ ਦੇ ਪ੍ਰਧਾਨ ਸ੍ਰ. ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਹੇਠ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਹਾਜ਼ਰੀ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਪ੍ਰਕਾਸ਼ ਕੀਤੇ ਗਏ।ਇਸ ਪਾਵਨ ਮੌਕੇ ਗੁਰਦੁਆਰਾ ਸਾਹਿਬ ਦਾ ਸਮੁੱਚਾ ਮਾਹੌਲ ਗੁਰਬਾਣੀ ਦੀਆਂ ਇਲਾਹੀ ਧੁਨਾਂ ਤੇ ਸੰਗਤਾਂ ਦੀ ਸ਼ਰਧਾ ਨਾਲ ਰੂਹਾਨੀ ਰੰਗ ਵਿੱਚ ਰੰਗਿਆ ਰਿਹਾ।ਸ੍ਰ. ਸੇਖੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਆਗਮਨ-ਪੁਰਬ ਦੇ ਆਖ਼ਰੀ ਦਿਨ 23 ਸਤੰਬਰ ਨੂੰ ਸਵੇਰੇ 8 ਵਜੇ ਪਾਏ ਜਾਣਗੇ।ਭੋਗ ਉਪਰੰਤ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਜੀ ਤੋਂ ਵਿਸ਼ਾਲ ਨਗਰ ਕੀਰਤਨ ਪੂਰੀ ਸ਼ਰਧਾ, ਸਤਿਕਾਰ ਤੇ ਧਾਰਮਿਕ ਮਰਿਆਦਾ ਨਾਲ ਸਜਾਇਆ ਜਾਵੇਗਾ।ਇਹ ਵਿਸ਼ਾਲ ਨਗਰ ਕੀਰਤਨ ਸ਼ਹਿਰ ਦੇ ਵੱਖ-ਵੱਖ ਮਾਰਗਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਗੋਦੜੀ ਸਾਹਿਬ ਵਿਖੇ ਪਹੁੰਚੇਗਾ, ਜਿੱਥੇ ਇਸ ਦੀ ਸਮਾਪਤੀ ਹੋਵੇਗੀ।ਉਨ੍ਹਾਂ ਸਮੂਹ ਸੰਗਤਾਂ ਨੂੰ 23 ਸਤੰਬਰ ਦੇ ਸਮਾਗਮਾਂ ਤੇ ਵਿਸ਼ਾਲ ਨਗਰ ਕੀਰਤਨ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਪਾਵਨ ਮੌਕੇ ਸ੍ਰ. ਚਰਨਜੀਤ ਸਿੰਘ ਸੇਖੋਂ, ਸ੍ਰ. ਸੁਰਿੰਦਰ ਸਿੰਘ ਰੋਮਾਣਾ, ਸ੍ਰ. ਦੀਪਇੰਦਰ ਸਿੰਘ ਸੇਖੋਂ, ਸ੍ਰ. ਗੁਰਜਾਪ ਸਿੰਘ ਸੇਖੋਂ, ਰਾਜਪਾਲ ਕੌਰ ਸੇਖੋਂ, ਡਾ. ਗੁਰਇੰਦਰ ਮੋਹਨ ਸਿੰਘ, ਸ੍ਰ. ਕੁਲਜੀਤ ਸਿੰਘ ਮੰਗੀਆਂ ਤੇ ਸ੍ਰ. ਨਰਿੰਦਰ ਪਾਲ ਸਿੰਘ ਬਰਾੜ ਸਮੇਤ ਹੋਰ ਪਤਵੰਤੇ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਯੂਨੀਵਰਸਿਟੀ ਵਿਖੇ ਬਾਸਕਟਬਾਲ ਮੁਕਾਬਲੇ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਵਿਖੇ ਚੱਲ ਰਹੇ 'ਸਾਲਾਨਾ ਇੰਟਰਾ-ਈਅਰ ਯੂਨੀਵਰਸਿਟੀ ਸਪੋਰਟਸ ਕੰਪੀਟੀਸ਼ਨ 2026' ਤਹਿਤ ਵਾਈਸ ਚਾਂਸਲਰ ਡਾ. ਸੁਰੇਸ਼ ਕੁਮਾਰ ਸ਼ਰਮਾ ਦੀ ਯੋਗ ਰਹਿਨੁਮਾਈ ਹੇਠ ਦੋ-ਰੋਜ਼ਾ ਬਾਸਕਟਬਾਲ ਦੇ ਬੇਹੱਦ ਰੋਮਾਂਚਕ ਤੇ ਫਸਵੇਂ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਲੜਕੇ ਤੇ ਲੜਕੀਆਂ ਨੇ ਦੋਵੇਂ ਦਿਨ ਬੜੇ ਹੀ ਉਤਸ਼ਾਹ ਨਾਲ ਵੱਧ-ਚੜ੍ਹ ਕੇ ਹਿੱਸਾ ਲਿਆ ਤੇ ਸ਼ਾਨਦਾਰ ਖੇਡ ਭਾਵਨਾ, ਤੇਜ਼-ਤਰਾਰ ਰਣਨੀਤੀ ਤੇ ਆਪਸੀ ਤਾਲਮੇਲ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਡਾ. ਗਜ਼ਲ ਪ੍ਰੀਤ ਸਿੰਘ ਪ੍ਰੋਫੈਸਰ, ਐੱਮ.ਈ. ਵਿਭਾਗ ਨੇ ਖਿਡਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਪੋਲੀਵਿੰਗ ਈਵੈਂਟ ਇੰਚਾਰਜ ਗੁਰਜੀਵਨ ਸਿੰਘ ਨੇ ਬਹੁਤ ਹੀ ਤਹਿ ਦਿਲੋਂ ਆਪਣੀ ਜ਼ਿੰਮੇਵਾਰੀ ਤੇ ਡਿਊਟੀ ਨਿਭਾਈ। ਸਾਲਾਨਾ ਖੇਡਾਂ ਨੂੰ ਸਫ਼ਲ ਬਣਾਉਣ ਵਿਚ ਸਪੋਰਟਸ ਇੰਚਾਰਜ (ਗਰਲਜ਼) ਨਵਦੀਪ ਕੌਰ ਝੱਜ ਵੱਲੋਂ ਪ੍ਰੋਗਰਾਮ ਦੀ ਹਰ ਤਿਆਰੀ ਤੇ ਪ੍ਰਬੰਧ ਨੂੰ ਬੇਹੱਦ ਬਾਰੀਕੀ ਤੇ ਤਨਦੇਹੀ ਨਾਲ ਨਿਭਾਇਆ ਜਾ ਰਿਹਾ ਹੈ। ਉਨ੍ਹਾਂ ਦੇ ਨਾਲ ਸਪੋਰਟਸ ਇੰਚਾਰਜ (ਡਿਗਰੀ-ਬੁਆਇਜ਼) ਤਲਵਿੰਦਰ ਸਿੰਘ ਵੀ ਪੂਰਾ ਸਹਿਯੋਗ ਦਿੰਦਿਆਂ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਅ ਰਹੇ ਹਨ। ਬਾਸਕਟਬਾਲ ਦੇ ਫੱਸਵੇਂ ਤੇ ਰੋਮਾਂਚਕ ਮੁਕਾਬਲਿਆਂ ਵਿੱਚ ਲੜਕਿਆਂ ਦੇ ਵਰਗ ਵਿੱਚ ਵਾਈਟ ਟੀਮ ਕਪਤਾਨ ਰਕਸ਼ਿਤ ਨਈਅਰ ਬੀ.ਟੈੱਚ ਐੱਸਸੀਈ, ਸੱਤਵਾਂ ਸਮੈਸਟਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਬਲੈਕ ਟੀਮ ਕਪਤਾਨ ਹੰਮਾਦ ਮੁਹੰਮਦ ਬੀ.ਟੈੱਚ ਸੀਐੱਸਈ ਪਹਿਲਾ ਸਮੈਸਟਰ ਦੂਜੇ ਸਥਾਨ 'ਤੇ ਰਹੀ। ਲੜਕੀਆਂ ਦੇ ਮੁਕਾਬਲਿਆਂ ਵਿਚ ਬਲੈਕ ਟੀਮ ਕਪਤਾਨ ਸੁਯਾਸ਼ੀ ਬੀ.ਟੈੱਚ ਸੀਐੱਸਈ, ਤੀਜਾ ਸਮੈਸਟਰ ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਵਾਈਟ ਟੀਮ ਕਪਤਾਨ ਰਮਨਪ੍ਰੀਤ ਕੌਰ ਬੀ.ਟੈੱਚ ਸੀਐੱਸਈ ਪਹਿਲਾ ਸਮੈਸਟਰ ਦੂਜੇ ਸਥਾਨ 'ਤੇ ਰਹੀ।

ਵਾਈਸ ਚਾਂਸਲਰ ਡਾ. ਸੁਰੇਸ਼ ਕੁਮਾਰ ਸ਼ਰਮਾ ਤੇ ਰਜਿਸਟਰਾਰ ਡਾ. ਰਾਜੀਵ ਅਰੋੜਾ ਨੇ ਜੇਤੂ ਟੀਮਾਂ ਤੇ ਵਧ-ਚੜ੍ਹ ਕੇ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੱਤੀ ਤੇ ਖੇਡ ਕਮੇਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ।



## ਅਣਪਛਾਤੀ ਲਾਸ਼ ਮਿਲੀ

**ਸਮਰਾਲਾ (ਸੁਰਜੀਤ ਸਿੰਘ)**-ਥਾਣਾ ਸਮਰਾਲਾ ਦੀ ਪੁਲਸ ਨੂੰ ਨੇੜੇ ਟੋਲ ਪਲਾਜ਼ਾ ਪਿੰਡ ਕੁੱਬੇ ਤੋਂ ਇੱਕ ਨੌਜਵਾਨ ਦੀ ਅਣਪਛਾਤੀ ਲਾਸ਼ ਬਰਾਮਦ ਹੋਈ ਹੈ।

ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦਾ ਕੱਦ 5 ਫੁੱਟ 7 ਇੰਚ, ਰੰਗ ਗੋਰਾ, ਸਰੀਰ ਦਰਮਿਆਨਾਂ, ਜਿਸ ਦੇ ਕਾਲੇ ਰੰਗ ਦੀ ਟੀ-ਸ਼ਰਟ ਉੱਪਰ ਔਸਟਿਨ ਮਾਰਟਿਨ ਲਿਖਿਆ ਹੋਇਆ ਹੈ ਅਤੇ ਕਾਲੇ ਰੰਗ ਦੀ ਲੋਅਰ ਪਹਿਨੀ ਹੋਈ ਹੈ।ਜਾਂਚ ਅਧਿਕਾਰੀ ਨੇ ਦੱਸਿਆ ਉਕਤ ਮ੍ਰਿਤਕ ਵਿਅਕਤੀ ਦੀ ਲਾਸ਼ ਨੂੰ 72 ਘੰਟੇ ਲਈ ਸਿਵਲ ਹਸਪਤਾਲ ਦੀ ਮੌਰਚਰੀ ਵਿੱਚ ਸਨਾਖਤ ਲਈ ਰੱਖਿਆ ਗਿਆ ਹੈ।ਇਸ ਲਾਸ਼ ਬਾਰੇ ਜੇਕਰ ਕਿਸੇ ਵਿਅਕਤੀ ਨੂੰ ਕੋਈ ਸੂਚਨਾ ਮਿਲਦੀ ਹੈ ਤਾਂ ਉਹ ਥਾਣਾ ਸਮਰਾਲਾ ਦੇ ਨੰਬਰ 95929-13640 ਤੇ 95929-13632 'ਤੇ ਸੂਚਿਤ ਕਰ ਸਕਦਾ ਹੈ।

## ਨਸ਼ੀਲੀਆਂ ਗੋਲੀਆਂ ਸਮੇਤ ਦੋ ਕਾਬੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਨਸ਼ਿਆਂ ਦੀ ਤਸਕਰੀ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਥਾਣਾ ਠੁੱਲੀਵਾਲ ਪੁਲਸ ਨੇ ਪਿੰਡ ਭੱਦਲਵੱਡ ਨੇੜੇ ਡਰੇਨ ਦੇ ਪੁਲ ਕੋਲ ਕਾਰਵਾਈ ਕਰਦਿਆਂ ਦੋ ਵਿਅਕਤੀਆਂ ਨੂੰ 60 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ।ਪੁਲਸ ਵੱਲੋਂ ਦੋਵਾਂ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਠੁੱਲੀਵਾਲ ਦੀ ਸਹਾਇਕ ਥਾਣੇਦਾਰ ਮਨਜਿੰਦਰ ਕੌਰ ਚੌਹਾਨਕੇ ਨੇ ਦੱਸਿਆ ਕਿ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਭੱਦਲਵੱਡ ਪਿੰਡ ਨੇੜੇ ਡਰੇਨ ਦੇ ਪੁਲ ਕੋਲ ਦੋ ਵਿਅਕਤੀ ਸ਼ੱਕੀ ਹਾਲਤ ਵਿੱਚ ਬੈਠੇ ਹਨ।ਸੂਚਨਾ ਮਿਲਣ 'ਤੇ ਪੁਲਸ ਪਾਰਟੀ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਦੋਵਾਂ ਵਿਅਕਤੀਆਂ ਦੀ ਤਲਾਸ਼ੀ ਲਈ।ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 60 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ।ਪੁਲਸ ਅਨੁਸਾਰ ਗ੍ਰਿਫ਼ਤਾਰ ਵਿਅਕਤੀਆਂ ਦੀ ਪਛਾਣ ਮੀਤ ਤੇ ਵਿਜੇ ਕੁਮਾਰ ਵਾਸੀ ਸਾਹਿਬ ਨਗਰ ਪਟਿਆਲਾ ਵਜੋਂ ਹੋਈ ਹੈ।ਪੁਲਸ ਨੇ ਦੋਵਾਂ ਖ਼ਿਲਾਫ਼ ਥਾਣਾ ਠੁੱਲੀਵਾਲ ਵਿਖੇ ਮਾਮਲਾ ਦਰਜ ਕਰ ਲਿਆ ਹੈ।ਇਸ ਮੌਕੇ ਮੁਨਸ਼ੀ ਆਕਾਸ਼ਦੀਪ ਸਿੰਘ, ਹੌਲਦਾਰ ਦੀਪ ਸਿੰਘ ਧਨੌਲਾ ਸਮੇਤ ਹੋਰ ਪੁਲਸ ਕਰਮਚਾਰੀ ਹਾਜ਼ਰ ਸਨ।

## ਪੰਜਾਬ ਜਲ ਸਰੋਤ ਨਿਗਮ ਦੇ ਸੇਵਾਮੁਕਤ ਮੁਲਾਜ਼ਮਾਂ ਦੀ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿੰਚਾਈ ਵਿਭਾਗ ਨਾਲ ਸਬੰਧਤ ਪੰਜਾਬ ਜਲ ਸ੍ਰੋਤ ਨਿਗਮ ਦੇ ਸੇਵਾਮੁਕਤ ਮੁਲਾਜ਼ਮਾਂ ਦੀ ਹੰਗਾਮੀ ਮੀਟਿੰਗ ਸੂਬਾ ਪ੍ਰਧਾਨ ਓਮ ਪ੍ਰਕਾਸ਼ ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਹਾਈਕੋਰਟ ਵੱਲੋਂ ਸੇਵਾਮੁਕਤ ਮੁਲਾਜ਼ਮਾਂ ਦੇ ਹੱਕ 'ਚ ਆਏ ਫੈਸਲਿਆਂ ਨੂੰ ਵਿਭਾਗ ਦੇ ਅਧਿਕਾਰੀਆਂ ਵੱਲੋਂ ਟਾਲ-ਮਟੋਲ ਕੀਤਾ ਜਾ ਰਿਹਾ ਹੈ, ਬਾਰੇ ਵਿਚਾਰ ਚਰਚਾ ਹੋਈ। ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਸੂਬਾ ਪ੍ਰੈੱਸ ਸਕੱਤਰ ਕਰਮਜੀਤ ਸਿੰਘ ਮਾਛੀਵਾੜਾ ਨੇ ਦੱਸਿਆ ਕਿ ਮੀਟਿੰਗ 'ਚ ਡਵੀਜ਼ਨ ਲੁਧਿਆਣਾ ਨਾਲ ਸਬੰਧਤ ਬਹੁਤ ਸਾਰੇ ਸੇਵਾਮੁਕਤ ਮੁਲਾਜ਼ਮ ਸ਼ਾਮਲ ਹੋਏ। ਸੂਬਾ ਪ੍ਰਧਾਨ ਓਮ ਪ੍ਰਕਾਸ਼ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੋਈ ਵੀ ਸਰਕਾਰ ਮੁਲਾਜਮਾਂ ਖਾਸ ਕਰਕੇ ਪੈਨਸ਼ਨਾਂ ਦੇ ਹੱਕ ਵਿਚ ਨਹੀਂ ਚੱਲ ਰਹੀ। ਉਨ੍ਹਾਂ ਦੱਸਿਆ ਕਿ 60-80 ਸਾਲ ਦੇ ਬਜ਼ੁਰਗ ਪੈਨਸ਼ਨਰ ਆਪਣਾ ਹੱਕ ਲੈਣ ਲਈ ਦਫ਼ਤਰਾਂ ਦੇ ਚੱਕਰ ਲਗਾ ਰਹੇ ਹਨ, ਜਿਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਆਪਣਾ ਹੱਕ ਲੈਣ ਲਈ ਕੋਰਟਾਂ ਵੱਲ ਮੂੰਹ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਕੇਸ ਹਾਈਕੋਰਟ ਵੱਲੋਂ ਸੇਵਾਮੁਕਤ ਮੁਲਾਜ਼ਮਾਂ ਦੇ ਹੱਕ ਵਿਚ ਕਰ ਦਿੱਤੇ ਗਏ ਹਨ ਪਰ ਨਿਗਮ ਦੇ ਉੱਚ ਅਧਿਕਾਰੀ ਕੋਈ ਕੰਨੀ ਨਹੀਂ ਫੜਾ ਰਹੇ। ਉਨ੍ਹਾਂ ਕਿਹਾ ਕਿ ਹੋਰ ਤਾਂ ਹੋਰ ਜੋ ਕੁਝ ਪੈਸੇ ਜਾਰੀ ਕੀਤੇ ਗਏ ਹਨ ਉਹ ਹੇਠਲੇ ਡਵੀਜ਼ਨ ਦੇ ਅਧਿਕਾਰੀ ਸਮੇਂ ਸਿਰ ਨਹੀਂ ਦੇ ਰਹੇ। ਪ੍ਰਧਾਨ ਜੋਰਾ ਸਿੰਘ ਨੇ ਦੱਸਿਆ ਕਿ ਤਨਖਾਹ ਸਕੇਲਾਂ ਦੇ ਵਧੇ ਪੈਸਿਆਂ ਦਾ ਤਿੰਨ ਮਹੀਨੇ ਦਾ ਬਕਾਇਆ ਵੀ ਪੈਨਸ਼ਨਰਾਂ ਨੂੰ ਕਾਫ਼ੀ ਦੇਰ ਨਾਲ ਦਿੱਤਾ ਗਿਆ। ਮੁਲਾਜ਼ਮਾਂ ਨੇ ਮੰਗ ਕੀਤੀ ਕਿ ਜਦ ਵੀ ਉਨ੍ਹਾਂ ਦੇ ਪੈਸੇ ਆਉਣ ਤਾਂ 2 ਦਿਨਾਂ ਦੇ ਅੰਦਰ ਉਨ੍ਹਾਂ ਦੇ ਖਾਤਿਆਂ ਵਿੱਚ ਪਾ ਦਿੱਤੇ ਜਾਣ। ਜੇਕਰ ਜਾਣ ਬੁੱਝ ਕੇ ਖੱਜਲ ਖੁਆਰ ਕੀਤਾ ਗਿਆ ਤਾਂ ਉਨ੍ਹਾਂ ਨੂੰ ਹੋਰ ਕੋਈ ਚਾਰਾਜ਼ੋਈ ਕਰਨੀ ਪਵੇਗੀ। ਇਸ ਮੌਕੇ ਨਿਰਮਲ ਸਿੰਘ ਸਹਿਜੋ ਮਾਜਰਾ, ਬਲਵੀਰ ਸਿੰਘ ਮਾਛੀਵਾੜਾ, ਜਗਜੀਤ ਸਿੰਘ ਘੁੰਗਰਾਲੀ ਸਿੱਖਾਂ, ਅਵਤਾਰ ਸਿੰਘ ਬਾਲਿਓਂ, ਅਸ਼ੋਕ ਕੁਮਾਰ ਬਹਿਲੋਲਪੁਰ, ਹਜ਼ਾਰਾ ਸਿੰਘ, ਗੁਰਜੰਟ ਸਿੰਘ ਢੰਡੇ, ਗੁਰਪਾਲ ਸਿੰਘ ਬਹਿਲੋਲਪੁਰ, ਦਰਸ਼ਨ ਸਿੰਘ ਮੱਲੀ, ਹਰਨੇਕ ਸਿੰਘ ਖਮਾਣੋ, ਹਰਪਾਲ ਸਿੰਘ ਨਾਗਰਾ, ਰਘਵੀਰ ਸਿੰਘ ਆਦਿ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਖੇ 'ਮਰੀਜ਼ਾਂ ਦੀ ਸੁਰੱਖਿਆ ਹ.ਫਤੇ' ਤਹਿਤ ਸੈਮੀਨਾਰ



**ਫ਼ਰੀਦਕੋਟ (ਐਲਗਜ਼ੈਂਡਰ ਡਿਸੂਜ਼ਾ)**

ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫ਼ਰੀਦਕੋਟ ਵਿਖੇ ਇੰਡੀਅਨ ਫਾਰਮਾਕੋਪੀਆਂ ਕਮਿਸ਼ਨ, ਗਾਜ਼ੀਆਬਾਦ ਦੇ ਸਹਿਯੋਗ ਨਾਲ 'ਫਾਰਮਾਕੋਵਿਜੀਲੈਂਸ-ਮਰੀਜ਼ਾਂ ਦੀ ਸੁਰੱਖਿਆ ਹਫ਼ਤਾ' (17 ਸਤੰਬਰ ਤੋਂ 23 ਸਤੰਬਰ) ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਵਾਈਸ ਚਾਂਸਲਰ ਡਾ. ਰਾਜਿੰਦਰ ਬਾਂਸਲ ਦੀ ਅਗਵਾਈ ਹੇਠ ਮੈਡੀਕਲ ਕਾਲਜ ਦੇ ਫਾਰਮਾਕਾਲੋਜੀ ਵਿਭਾਗ ਵੱਲੋਂ ਯੂਨੀਵਰਸਿਟੀ ਕਾਲਜ ਆਫ਼ ਫਾਰਮੇਸੀ ਤੇ ਐਲਾਈਡ ਹੈਲਥ ਸਾਇੰਸਜ਼ ਕਾਲਜ ਵਿਖੇ ਦਵਾਈਆਂ ਦੇ ਪ੍ਰਭਾਵਾਂ ਤੇ ਦੁਸ਼-ਪ੍ਰਭਾਵਾਂ (ਸਾਈਡ ਇਫ਼ੈਕਟਸ) ਸਬੰਧੀ ਲੜੀਵਾਰ ਵਰਕਸ਼ਾਪ ਤੇ ਸੈਮੀਨਾਰ ਕਰਵਾਏ ਗਏ।ਪ੍ਰਿੰਸੀਪਲ ਡਾ. ਸੀਮਾ ਭੱਟੀ ਦੀ ਦੇਖ-ਰੇਖ ਹੇਠ ਐੱਮ.ਬੀ.ਬੀ.ਐੱਸ., ਫਾਰਮੇਸੀ, ਨਰਸਿੰਗ ਤੇ ਡਿਪਲੋਮਾ ਕੋਰਸਾਂ ਦੇ ਵਿਦਿਆਰਥੀਆਂ ਦੇ ਨਾਲ-ਨਾਲ ਆਮ ਲੋਕਾਂ ਦੀ ਜਾਗਰੂਕਤਾ ਲਈ ਇੱਕ ਵਿਸ਼ੇਸ਼ ਸੂਚਨਾ ਪੱਤਰ ਜਾਰੀ ਕੀਤਾ ਗਿਆ।ਆਪਣੇ ਸੰਬੋਧਨ ਵਿੱਚ ਡਾ. ਸੀਮਾ ਭੱਟੀ ਨੇ ਕਿਹਾ ਕਿ ਦਵਾਈਆਂ ਦੇ ਬੁਰੇ ਪ੍ਰਭਾਵਾਂ ਦਾ ਪੂਰਾ ਰਿਕਾਰਡ ਰੱਖਣਾ ਬਹੁਤ ਜ਼ਰੂਰੀ ਹੈ ਤਾਂ ਜੋ ਮਰੀਜ਼ਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।ਇਸ ਮੌਕੇ ਵਿਦਿਆਰਥੀਆਂ ਵੱਲੋਂ ਪੋਸਟਰ ਅਤੇ ਰੰਗੋਲੀ ਮੁਕਾਬਲਿਆਂ ਵਿੱਚ ਵੀ ਵਧ-ਚੜ੍ਹ ਕੇ ਹਿੱਸਾ ਲਿਆ ਗਿਆ। ਫਾਰਮਾਕੋਵਿਜੀਲੈਂਸ ਦੇ ਕੋਆਰਡੀਨੇਟਰ ਡਾ./ਪ੍ਰੋ. ਰਾਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪ੍ਰੋਗਰਾਮ ਇੰਡੀਅਨ ਫ਼ਾਰਮਾਕੋਪੀਆਂ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਯੋਜਿਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਦਵਾਈਆਂ ਦੇ ਲਾਭਾਂ ਦੇ ਨਾਲ-ਨਾਲ ਉਨ੍ਹਾਂ ਦੇ ਮਾੜੇ ਪ੍ਰਭਾਵਾਂ ਬਾਰੇ ਡਾਕਟਰਾਂ, ਨਰਸਿੰਗ ਸਟਾਫ਼, ਫਾਰਮਾਸਿਸਟਾਂ ਤੇ ਆਮ ਜਨਤਾ ਨੂੰ ਜਾਗਰੂਕ ਹੋਣਾ ਬੇਹੱਦ ਜ਼ਰੂਰੀ ਹੈ।ਇਸ ਲੜੀਵਾਰ ਸੈਮੀਨਾਰ ਨੂੰ ਸਫ਼ਲ ਬਣਾਉਣ ਵਿੱਚ ਚਮੜੀ ਵਿਭਾਗ ਦੇ ਮੁਖੀ ਡਾ. ਸੁਮੀਰ ਕੁਮਾਰ, ਈ.ਐੱਨ.ਟੀ. ਵਿਭਾਗ ਦੇ ਮੁਖੀ ਡਾ. ਸੁਮੀਤ ਪ੍ਰੰਜਾਂ, ਮੈਡੀਸਨ ਦੇ ਪ੍ਰੋ. ਡਾ. ਸੁਮੀਤਪਾਲ ਸਿੰਘ ਚਾਵਲਾ, ਫਾਰਮੇਸੀ ਵਿਭਾਗ ਤੋਂ ਡਾ. ਹਨੀ ਗੋਇਲ ਤੇ ਡਾ. ਸੰਦੀਪ ਗੋਇਲ, ਐਲਾਈਡ ਹੈਲਥ ਸੈਂਟਰ ਤੋਂ ਡਾ. ਅਰਚਨਾ ਸਾਹੀ ਤੇ ਡਾ. ਕਮਲਪ੍ਰੀਤ ਕੌਰ, ਡਾ. ਅਮਿਤਾ ਜਿੰਦਲ, ਡਾ. ਨਗਮਾ ਬਾਂਸਲ, ਡਾ. ਰਿਤੂ ਬਾਲਾ, ਡਾ. ਸਨਾ ਗਰੇਸ ਅਤੇ ਫਾਰਮਾਕਾਲੋਜੀ ਵਿਭਾਗ ਦੇ ਪੀ.ਜੀ. ਵਿਦਿਆਰਥੀਆਂ ਨੇ ਅਹਿਮ ਯੋਗਦਾਨ ਪਾਇਆ।

## ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਸਫ਼ਾਈ ਅਭਿਆਨ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਸਬ ਡਵੀਜ਼ਨ ਜਲਾਲਾਬਾਦ ਦਫ਼ਤਰ ਵਿਖੇ 'ਸਵੱਛਤਾ ਹੀ ਸੇਵਾ 2026' ਮੁਹਿੰਮ ਤਹਿਤ ਵਿਸ਼ੇਸ਼ ਸਫ਼ਾਈ ਅਭਿਆਨ ਚਲਾਇਆ ਗਿਆ। ਇਹ ਉਪਰਾਲਾ ਡਵੀਜ਼ਨ ਫਾਜ਼ਿਲਕਾ ਦੇ ਐਕਸੀਅਨ ਸਰਮੁਖ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤੇ ਉਪ ਮੰਡਲ ਇੰਜੀਨੀਅਰ ਜਲਾਲਾਬਾਦ ਮਨੀਸ਼ ਕੁਮਾਰ ਦੀ ਸੁਚੱਜੀ ਰਹਿਨੁਮਾਈ ਹੇਠ ਨੇਪਰੇ ਚਾੜ੍ਹਿਆ ਗਿਆ। ਇਸ ਮੌਕੇ ਵਿਭਾਗ ਦੇ ਸਮੂਹ ਅਧਿਕਾਰੀ ਤੇ ਮੁਲਾਜ਼ਮ ਉਤਸ਼ਾਹ ਨਾਲ ਜੇ.ਈ. ਸੁਖਵਿੰਦਰ ਸਿੰਘ, ਜੇ.ਈ. ਪ੍ਰੀਤਮ ਸਿੰਘ, ਜੇ.ਈ. ਵਿਕਰਮ ਕਟਾਰੀਆ, ਜੇ.ਈ. ਹਰਜਿੰਦਰ ਸਿੰਘ, ਬੀ.ਆਰ.ਸੀ. ਅਮਨਦੀਪ ਕੰਬੋਜ, ਬੀ.ਆਰ.ਸੀ. ਪਰਮਿੰਦਰ ਕੌਰ, ਮੈਡਮ ਪ੍ਰਿਯਾ ਰਾਣੀ, ਮੋਟੀਵੇਟਰ ਸੁਰਿੰਦਰ ਸਿੰਘ, ਤਰਲੋਕ ਸਿੰਘ, ਗੁਰਵਿੰਦਰ ਸਿੰਘ, ਡਾਟਾ ਐਂਟਰੀ ਓਪਰੇਟਰ ਗੌਰਵ ਕੁਮਾਰ, ਕਲਰਕ ਸੁਖਚੈਨ ਸਿੰਘ ਸੋਢੀ ਤੇ ਪੰਪ ਓਪਰੇਟਰ ਰਮਨ ਕੁਮਾਰ ਹਾਜ਼ਰ ਰਹੇ। ਇਸ ਮੁਹਿੰਮ ਦੌਰਾਨ ਦਫ਼ਤਰ ਦੇ ਆਲੇ-ਦੁਆਲੇ ਤੇ ਚੁਗਿਰਦੇ ਦੀ ਬਾਰੀਕੀ ਨਾਲ ਸਾਫ਼-ਸਫ਼ਾਈ ਕੀਤੀ ਗਈ। ਬਿਮਾਰੀਆਂ ਦੀ ਰੋਕਥਾਮ ਤੇ ਆਲੇ-ਦੁਆਲੇ ਨੂੰ ਸਵੱਛ ਬਣਾਉਣ ਦੇ ਮਕਸਦ ਨਾਲ ਖੜ੍ਹੇ ਪਾਣੀ ਤੇ ਹੋਰ ਗੰਦਗੀ ਦਾ ਨਿਪਟਾਰਾ ਕਰਵਾਇਆ ਗਿਆ ਤਾਂ ਜੋ ਮੱਛਰਾਂ ਤੇ ਹੋਰ ਬਿਮਾਰੀਆਂ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਇਸ ਮੌਕੇ ਉੱਪ-ਮੰਡਲ ਇੰਜੀਨੀਅਰ ਮਨੀਸ਼ ਕੁਮਾਰ ਨੇ ਦੱਸਿਆ ਕਿ ਸਵੱਛਤਾ ਹੀ ਸੇਵਾ ਮਿਸ਼ਨ ਤਹਿਤ ਸਾਫ਼ ਸਫ਼ਾਈ ਲਈ ਚੱਲ ਰਹੀ ਮੁਹਿੰਮ ਇਕ ਬਹੁਤ ਹੀ ਇਕ ਸਲਾਘਾਯੋਗ ਕਦਮ ਹੈ, ਜਿਸ ਅਧੀਨ ਲੋਕਾਂ ਨੂੰ ਸਾਫ਼ ਸਫ਼ਾਈ ਰੱਖਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਫ਼ਾਈ ਅਭਿਆਨ ਦਾ ਹਿੱਸਾ ਬਣਨ ਤੇ ਆਪਣਾ ਆਲਾ-ਦੁਆਲਾ ਸਾਫ਼ ਸੁਥਰਾ ਰੱਖਣ ਲਈ ਬਣਦਾ ਸਹਿਯੋਗ ਕੀਤਾ ਜਾਵੇ ਤਾਂ ਜੋ ਵਾਤਾਵਰਣ ਸ਼ੁੱਧ ਤੇ ਸਾਫ਼ ਸੁਥਰਾ ਬਣੇ ਤੇ ਬੀਮਾਰੀਆਂ ਤੋਂ ਬਚਿਆ ਜਾ ਸਕੇ।


## ਪਬਲਿਕ ਨੋਟਿਸ

**ICICI Bank**

ਰਜਿਸਟਰਡ ਦਫ਼ਤਰ : ਆਈ ਸੀ ਆਈ ਸੀ ਆਈ ਬੈਂਕ ਟਾਵਰ, ਨੇੜੇ ਚਕਲੀ ਸਰਕਲ, ਪੁਰਾਣਾ ਪਾਦਰਾ ਰੋਡ, ਵਡੋਦਰਾ-390007
ਕਾਰਪੋਰੇਟ ਦਫ਼ਤਰ : ਆਈ ਸੀ ਆਈ ਸੀ ਆਈ ਬੈਂਕ ਟਾਵਰਜ਼, ਬਾਂਦਰਾ-ਕੁਰਲਾ ਕੰਪਲੈਕਸ ਮੁੰਬਈ 400051

**ਸੋਨਾ ਈ-ਨਿਲਾਮੀ ਕਮ ਸੌਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ਤੋਂ ਲਈ ਸਹੂਲਤ ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹਿਣ 'ਤੇ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ 22 ਅਕਤੂਬਰ 2026 ਨੂੰ ਹੋਵੇਗੀ। ਮ੍ਰਿਤਕ ਕਰਜ਼ਦਾਰ ਦੇ ਮਾਮਲੇ 'ਚ ਸਾਰੇ ਨਿਯਮ ਅਤੇ ਸ਼ਰਤਾਂ ਸੰਬੰਧਤ ਕਾਨੂੰਨੀ ਵਾਰਿਸ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਕਰਜ਼ਦਾਰ ਦਾ ਨਾਂਅ | ਨਿਲਾਮੀ ਸ਼ਾਖਾ ਦਾ ਪਤਾ |
|---|---|---|
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਬਟਾਲਾ ਰੋਡ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਬਟਾਲਾ ਰੋਡ, ਹੋਟਲ ਮਿਲਾਨ ਪੈਲੇਸ, ਅੰਮ੍ਰਿਤਸਰ, ਪੰਜਾਬ - 143001 |
| 231557000092 | ਅਜ਼ੀਜ਼ਪਾਲ ਸਿੰਘ | |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਕੋਰਟ ਰੋਡ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, 26-ਡੀ ਕੋਰਟ ਰੋਡ, ਅੰਮ੍ਰਿਤਸਰ, ਪੰਜਾਬ - 143001 |
| 366557000132 | ਅਸੀਮ ਅਰੋੜਾ | |
| ਬਰਾਂਚ ਦਾ ਨਾਂਅ : ਅਟਾਰੀ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਐੱਸ.ਸੀ.ਐੱਫ.-25, ਅਟਾਰੀ ਮੰਡੀ, ਜੀ.ਟੀ. ਰੋਡ, ਜ਼ਿਲ੍ਹਾ ਅੰਮ੍ਰਿਤਸਰ, ਅਟਾਰੀ, ਪੰਜਾਬ - 143001 |
| 390662000633 | ਗੁਰਪ੍ਰੀਤ ਸਿੰਘ | |
| ਬਰਾਂਚ ਦਾ ਨਾਂਅ : ਬਲਾਚੌਰ, ਪੰਜਾਬ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਵਾਰਡ ਨੰ. 1, ਗੜ੍ਹਸ਼ੰਕਰ ਰੋਡ, ਬਲਾਚੌਰ, ਪੰਜਾਬ - 144521 |
| 357262001955 | ਤਰੁਣ ਸ਼ਰਮਾ | |
| 357262001954 | ਰਾਜ ਕੁਮਾਰ | |
| ਬਰਾਂਚ ਦਾ ਨਾਂਅ : ਬਰਗਾੜੀ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਦਸ਼ਮੇਸ਼ ਪਬਲਿਕ ਸਕੂਲ, ਪਿੰਡ ਤੇ ਡਾਕਖਾਨਾ-ਬਰਗਾੜੀ, ਜ਼ਿਲ੍ਹਾ ਫਰੀਦਕੋਟ, ਪੰਜਾਬ - 151208 |
| 295662000357 | ਦੇਵ ਸਿੰਘ | |
| ਬਰਾਂਚ ਦਾ ਨਾਂਅ : ਬਰਨਾਲਾ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਬੀ-010- 21/22, ਕਾਲਜ ਰੋਡ, ਪੁਰਾਣਾ ਬੱਸ ਸਟੈਂਡ, ਜ਼ਿਲ੍ਹਾ-ਬਰਨਾਲਾ, ਪੰਜਾਬ - 148101 |
| 051857000247 | ਅਜੈ ਬਾਂਸਲ | |
| 051857000358 | ਅਜੈ ਬਾਂਸਲ | |
| ਬਰਾਂਚ ਦਾ ਨਾਂਅ : ਬੇਗੋਵਾਲ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਭਦਾਸ ਚੌਂਕ, ਬੇਗੋਵਾਲ, ਤਹਿਸੀਲ ਭੁਲੱਥ, ਜ਼ਿਲ੍ਹਾ-ਕਪੂਰਥਲਾ, ਪੰਜਾਬ - 144621 |
| 152205001917 | ਅਮਰੀਕ ਸਿੰਘ | |
| 152205001914 | ਸ਼ੀਲਾ ਦੇਵੀ | |
| ਬਰਾਂਚ ਦਾ ਨਾਂਅ : ਭਿੱਖੀਵਿੰਡ, ਪੰਜਾਬ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਖਾਲੜਾ ਰੋਡ, ਜਨਤਾ ਟਿੰਬਰ ਸਟੋਰ ਦੇ ਸਾਹਮਣੇ, ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ, ਪੰਜਾਬ - 143303 |
| 361057000112 | ਸਤਪਾਲ ਸਿੰਘ | |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਮਨੀਮਾਜਰਾ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਐੱਸ.ਸੀ.ਓ. 36, ਪਾਕਿਟ I, ਐੱਨ.ਏ.ਸੀ., ਮਨੀਮਾਜਰਾ, ਚੰਡੀਗੜ੍ਹ - 160101 |
| 036257000121 | ਹਿਮਾਨੀ | |
| ਬਰਾਂਚ ਦਾ ਨਾਂਅ : ਦਸੂਹਾ, ਪੰਜਾਬ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਵਾਰਡ ਨੰ. 7, ਜੀ.ਟੀ. ਰੋਡ, ਐੱਲ.ਆਈ.ਸੀ. ਦੇ ਨੇੜੇ, ਦਸੂਹਾ, ਪੰਜਾਬ - 144205 |
| 357557000273 | ਰਾਮ ਸਰੂਪ | |
| ਬਰਾਂਚ ਦਾ ਨਾਂਅ : ਧਰਮਕੋਟ, ਪੰਜਾਬ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਸ਼ਹੀਦ ਊਧਮ ਸਿੰਘ ਚੌਂਕ, ਦਾਣਾ ਮੰਡੀ ਦੇ ਨੇੜੇ, ਧਰਮਕੋਟ, ਜ਼ਿਲ੍ਹਾ ਮੋਗਾ, ਪੰਜਾਬ - 142042 |
| 356262002622 | ਜਸਕਰਨ ਸਿੰਘ | |
| ਬਰਾਂਚ ਦਾ ਨਾਂਅ : ਧਾਰੀਵਾਲ, ਪੰਜਾਬ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਵਾਰਡ ਨੰ. 7, ਜੀ.ਟੀ. ਰੋਡ, ਗਾਂਧੀ ਗਰਾਊਂਡ, ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ - 143519 |
| 356062001888 | ਲਾਭ ਮਸੀਹ | |
| 356062001877 | ਲਾਭ ਮਸੀਹ | |
| 356062002136 | ਮਨਜੀਤ | |
| ਬਰਾਂਚ ਦਾ ਨਾਂਅ : ਫਰੀਦਕੋਟ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਬੀ ਐਕਸ5, ਬਾਲਮੀਕੀ ਚੌਂਕ, ਫਰੀਦਕੋਟ - 151203 |
| 078362003879 | ਗਗਨਦੀਪ ਸਿੰਘ | |
| 078357000279 | ਸੁਖਪਿੰਦਰ ਕੌਰ ਸੰਧੂ | |
| ਬਰਾਂਚ ਦਾ ਨਾਂਅ : ਫਤਿਹਗੜ੍ਹ ਚੂੜੀਆਂ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਅਜਨਾਲਾ ਰੋਡ, ਫਤਿਹਗੜ੍ਹ ਚੂੜੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ - 143602 |
| 283057000253 | ਕਰਨਬੀਰ ਸਿੰਘ | |
| ਬਰਾਂਚ ਦਾ ਨਾਂਅ : ਗੋਨੇਆਣਾ ਮੰਡੀ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਖਸਰਾ ਨੰ. 683/2/2, ਬੱਸ ਸਟੈਂਡ ਦੇ ਸਾਹਮਣੇ, ਮਾਲ ਰੋਡ, ਗੋਨਿਆਣਾ ਮੰਡੀ, ਜ਼ਿਲ੍ਹਾ-ਬਠਿੰਡਾ, ਪੰਜਾਬ - 151201 |
| 380305002930 | ਰੋਸ਼ਨ ਸਿੰਘ | |
| ਬਰਾਂਚ ਦਾ ਨਾਂਅ : ਗੁਰਦਾਸਪੁਰ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਤਿੱਬੜੀ ਕੈਂਟ ਰੋਡ, ਨਾਇਰਾ ਪੈਟਰੋਲ ਪੰਪ ਦੇ ਸਾਹਮਣੇ, ਗੁਰਦਾਸਪੁਰ, ਪੰਜਾਬ - 143521 |
| 050157000170 | ਪਲਵਿੰਦਰ ਸਿੰਘ | |
| 050157000173 | ਪਲਵਿੰਦਰ ਸਿੰਘ | |
| 050157000186 | ਪਲਵਿੰਦਰ ਸਿੰਘ | |
| 050157000192 | ਪਲਵਿੰਦਰ ਸਿੰਘ | |
| ਬਰਾਂਚ ਦਾ ਨਾਂਅ : ਜਲੰਧਰ-ਜੈਤੋ, ਪੰਜਾਬ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਟਰਾਲੀ ਯੂਨੀਅਨ ਦੇ ਸਾਹਮਣੇ, ਹਸਪਤਾਲ ਰੋਡ, ਜੈਤੋ, ਜ਼ਿਲ੍ਹਾ ਫਰੀਦਕੋਟ, ਪੰਜਾਬ - 151202 |
| 355862002826 | ਵੀਰਪਾਲ ਕੌਰ | |
| ਬਰਾਂਚ ਦਾ ਨਾਂਅ : ਜਲੰਧਰ-ਜੋਤੀ ਚੌਂਕ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਉੱਪਰਲੀ ਜ਼ਮੀਨੀ ਮੰਜ਼ਲ, ਈ ਐਸ-246-247ਬੀ, ਜੋਤੀ ਚੌਂਕ, ਨਕੋਦਰ ਰੋਡ ਲਾਈਨ, ਲਵਲੀ ਵਾਨਾਬਾਏ ਦੇ ਨੇੜੇ, ਜਲੰਧਰ, ਪੰਜਾਬ - 144001 |
| 563705000041 | ਗੁਰਸਿਮਰਨਜੀਤ ਸਿੰਘ | |
| ਬਰਾਂਚ ਦਾ ਨਾਂਅ : ਜਲੰਧਰ-ਪਠਾਨਕੋਟ ਬਾਈਪਾਸ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਜੀ.ਜੀ. ਸਕੁਏਅਰ, ਕੈਪੀਟਲ ਹਸਪਤਾਲ ਦੇ ਨੇੜੇ, ਪਠਾਨਕੋਟ ਬਾਈਪਾਸ, ਜ਼ਿਲ੍ਹਾ-ਜਲੰਧਰ, ਪੰਜਾਬ - 144012 |
| 501857000001 | ਕਮਲ ਪਰਵੇਜ਼ | |
| ਬਰਾਂਚ ਦਾ ਨਾਂਅ : ਜਲੰਧਰ-ਮਾਡਲ ਟਾਊਨ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਪਲਾਟ ਨੰ. 187, ਮਾਡਲ ਟਾਊਨ, ਗੁਰਦੁਆਰਾ ਰੋਡ, ਜਲੰਧਰ, ਪੰਜਾਬ - 144001 |
| 151005001004 | ਜਸਪ੍ਰੀਤ ਕੌਰ | |
| 151057000035 | ਕੁਦਰਤ ਤਾਂਬਰ | |
| ਬਰਾਂਚ ਦਾ ਨਾਂਅ : ਜਲੰਧਰ-ਨਕੋਦਰ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਟਰਮੀਨਲ 81, ਜਲੰਧਰ ਨਕੋਦਰ ਰੋਡ, ਇੰਡੀਅਨ ਓਇਲ ਪੈਟਰੋਲ ਪੰਪ ਦੇ ਨਾਲ, ਨਕੋਦਰ, ਜ਼ਿਲ੍ਹਾ ਜਲੰਧਰ, ਪੰਜਾਬ - 144040 |
| 008005003612 | ਮਨਦੀਪ ਕੌਰ | |
| ਬਰਾਂਚ ਦਾ ਨਾਂਅ : ਜੰਡਿਆਲਾ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਸੰਤ ਕੰਪਲੈਕਸ, ਗੋਰਾਇਆ ਰੋਡ, ਮੰਜਕੀ ਤਹਿਸੀਲ ਫਿਲੌਰ, ਜੰਡਿਆਲਾ, ਜ਼ਿਲ੍ਹਾ ਜਲੰਧਰ, ਪੰਜਾਬ - 144033 |
| 151357000056 | ਕਾਜਲ | |
| ਬਰਾਂਚ ਦਾ ਨਾਂਅ : ਕਲਾਨੌਰ, ਪੰਜਾਬ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਖਸਰਾ ਨੰ. 175/6/2/2, ਡੀ.ਬੀ.ਐੱਨ. ਰੋਡ, ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ - 143512 |
| 357457000215 | ਦਲਜੀਤ ਸਿੰਘ | |
| ਬਰਾਂਚ ਦਾ ਨਾਂਅ : ਕੋਟ ਈਸੇ ਖਾਂ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਮੋਗਾ ਰੋਡ, ਕੋਟ ਈਸੇ ਖਾਂ, ਜ਼ਿਲ੍ਹਾ ਮੋਗਾ, ਪੰਜਾਬ - 142043 |
| 382262001713 | ਸੁਖਪ੍ਰੀਤ ਕੌਰ | |
| 382262001534 | ਰਮਨਦੀਪ ਕੌਰ | |
| ਬਰਾਂਚ ਦਾ ਨਾਂਅ : ਕੋਟਕਪੂਰਾ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਕੋਟਕਪੂਰਾ ਆਇਲ ਮਿਲਜ਼ ਟਰੇਡਿੰਗ ਕੰਪਨੀ ਲਿਮਟਿਡ, ਫਰੀਦਕੋਟ ਰੋਡ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ, ਪੰਜਾਬ - 151204 |
| 078462003426 | ਰਿਤੇਸ਼ ਕੁਮਾਰ | |
| 078462003873 | ਸਤਨਾਮ ਸਿੰਘ | |
| 078457000246 | ਮਨਦੀਪ ਸਿੰਘ | |
| 078462004739 | ਤਰਸੇਮ ਸਿੰਘ | |
| ਬਰਾਂਚ ਦਾ ਨਾਂਅ : ਲੁਧਿਆਣਾ ਫਿਰੋਜ਼ ਗਾਂਧੀ ਮਾਰਕੀਟ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਨਹਿਰੂ ਸਿਧਾਂਤ ਕੇਂਦਰ ਟਰੱਸਟ ਬਿਲਡਿੰਗ, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ, ਪੰਜਾਬ - 141001 |
| 001705016415 | ਕੁਲਦੀਪ ਕੌਰ | |
| ਬਰਾਂਚ ਦਾ ਨਾਂਅ : ਮਮਦੋਟ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਕੈਲਾਸ਼ ਮਾਰਕੀਟ, ਮੇਨ ਰੋਡ, ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ - 152023 |
| 382162002425 | ਅਮਰਜੀਤ ਸਿੰਘ | |
| 382162003884 | ਜੀਤ ਸਿੰਘ | |
| ਬਰਾਂਚ ਦਾ ਨਾਂਅ : ਮੋਹਾਲੀ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਐੱਸ.ਸੀ.ਐੱਫ. 21-22, ਫੇਜ਼ VII, ਐੱਸ.ਏ.ਐੱਸ. ਨਗਰ, ਮੋਹਾਲੀ - 160059 |
| 005857000388 | ਪੂਨਮ ਗਰਗ | |
| ਬਰਾਂਚ ਦਾ ਨਾਂਅ : ਮੋਹਾਲੀ-ਫੇਜ਼-1 | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਐੱਸ.ਸੀ.ਓ. 36, ਸੈਕਟਰ 55, ਫੇਜ਼ 1, ਮੋਹਾਲੀ, ਪੰਜਾਬ - 160055 |
| 340757000028 | ਨਵਪ੍ਰੀਤ ਕੌਰ ਭੱਟੀ | |
| ਬਰਾਂਚ ਦਾ ਨਾਂਅ : ਮੋਹਾਲੀ-ਫੇਜ਼-10 | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਐੱਸ.ਸੀ.ਐੱਫ. 106, ਫੇਜ਼ 10, ਮੋਹਾਲੀ, ਜ਼ਿਲ੍ਹਾ ਮੋਹਾਲੀ, ਪੰਜਾਬ - 160062 |
| 152505002171 | ਅੰਜੂ ਬਾਲਾ | |
| 152505002168 | ਲਵਨੀਸ਼ ਗਰਗ | |
| ਬਰਾਂਚ ਦਾ ਨਾਂਅ : ਮੋਹਾਲੀ-ਸੈਕਟਰ 70 | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਐੱਸ.ਸੀ.ਓ.-653, ਗਰਾਊਂਡ ਫਲੋਰ ਅਤੇ ਪਹਿਲੀ ਮੰਜ਼ਲ, ਸੈਕਟਰ-70, ਐੱਸ.ਏ.ਐੱਸ. ਨਗਰ (ਮੋਹਾਲੀ), ਪੰਜਾਬ - 160071 |
| 167557000019 | ਗੁਰਮਲਕ ਕੌਰ ਸੇਖੋਂ | |
| 167557000020 | ਗੁਰਮਲਕ ਕੌਰ ਸੇਖੋਂ | |
| ਬਰਾਂਚ ਦਾ ਨਾਂਅ : ਮੁਕੇਰੀਆਂ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਨੌਸ਼ਹਿਰਾ ਚੌਂਕ, ਸਰਕਾਰੀ ਹਸਪਤਾਲ ਦੇ ਸਾਹਮਣੇ, ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ - 144211 |
| 087757000171 | ਵਰਿੰਦਰ ਪ੍ਰਤਾਪ ਸਿੰਘ | |
| 087757000479 | ਵਿਸ਼ਾਲ ਭੱਟੀ | |
| ਬਰਾਂਚ ਦਾ ਨਾਂਅ : ਮੁੱਲਾਂਪੁਰ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਪੀ ਟੀ-1206-844169, ਸਿਟੀ ਟਾਵਰ, ਫਿਰੋਜ਼ਪੁਰ-ਲੁਧਿਆਣਾ ਰੋਡ, ਮੁੱਲਾਂਪੁਰ ਦਾਖਾ, ਜ਼ਿਲ੍ਹਾ-ਲੁਧਿਆਣਾ, ਪੰਜਾਬ - 141101 |
| 151662002370 | ਹਰਿੰਦਰ ਕੌਰ | |
| ਬਰਾਂਚ ਦਾ ਨਾਂਅ : ਨਾਭਾ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਖਸਰਾ ਨੰ. 665/20 (0-12), ਪਟਿਆਲਾ ਰੋਡ, ਜ਼ਿਲ੍ਹਾ ਪਟਿਆਲਾ, ਨਾਭਾ - 147201, ਪੰਜਾਬ |
| 078957000284 | ਸੁਨੀਲ ਕੁਮਾਰ | |
| 078957000285 | ਹਰੀਸ਼ ਕੁਮਾਰ | |
| ਬਰਾਂਚ ਦਾ ਨਾਂਅ : ਨੰਗਲ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਰੇਲਵੇ ਰੋਡ, ਨੰਗਲ, ਰੇਲਵੇ ਸਟੇਸ਼ਨ ਨੰਗਲ ਦੇ ਸਾਹਮਣੇ, ਜ਼ਿਲ੍ਹਾ-ਰੂਪਨਗਰ, ਪੰਜਾਬ - 140124 |
| 152362002516 | ਅਵਤਾਰ ਸਿੰਘ | |
| 152362002387 | ਗੁਰਸਿਮਰਨ ਸਿੰਘ | |
| 152362002773 | ਸ਼ਰਨਜੀਤ ਕੌਰ | |
| ਬਰਾਂਚ ਦਾ ਨਾਂਅ : ਨੀਚੀ ਮੰਗਲੀ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਨੀਚੀ ਮੰਗਲੀ, ਚੰਡੀਗੜ੍ਹ ਰੋਡ, ਲੁਧਿਆਣਾ - 141123, ਪੰਜਾਬ |
| 546905000076 | ਰਾਹੁਲ ਸੈਣੀ | |
| ਬਰਾਂਚ ਦਾ ਨਾਂਅ : ਪਟਿਆਲਾ-ਲੀਲਾ ਭਵਨ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, 2829, ਪ੍ਰੇਮ ਹਾਈਟਸ, ਅਜੀਤ ਨਗਰ, ਲੀਲਾ ਭਵਨ ਦੇ ਨੇੜੇ, ਪਟਿਆਲਾ - 147001 |
| 016257000345 | ਰਸ਼ਪਿੰਦਰ ਕੌਰ | |
| ਬਰਾਂਚ ਦਾ ਨਾਂਅ : ਪਟਿਆਲਾ-ਲੋਅਰ ਮਾਲ ਰੋਡ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਬੀ-17/423, ਸੇਠੀ ਕੰਪਲੈਕਸ, ਮੋਦੀ ਕਾਲਜ ਚੌਂਕ ਦੇ ਨੇੜੇ, ਪੋਲੋ ਗਰਾਊਂਡ ਦੇ ਸਾਹਮਣੇ, ਲੋਅਰ ਮਾਲ ਰੋਡ, ਪਟਿਆਲਾ - 147001, ਪੰਜਾਬ |
| 660305602375 | ਪ੍ਰਦੀਪ ਕੁਮਾਰ ਉੱਪਲ | |
| ਬਰਾਂਚ ਦਾ ਨਾਂਅ : ਪੱਟੀ ਸੰਦਲੀ ਮਹਿਰਾਜ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਪਿੰਡ ਪੱਤੀ ਸੰਧਲੀ ਮਹਿਰਾਜ, ਜ਼ਿਲ੍ਹਾ ਬਠਿੰਡਾ - 151105 |
| 435662001074 | ਸਰਨਜੀਤ ਕੌਰ | |
| 435662001776 | ਗੁਰਮੇਲ ਸਿੰਘ | |
| ਬਰਾਂਚ ਦਾ ਨਾਂਅ : ਫਗਵਾੜਾ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਜੀ.ਟੀ. ਰੋਡ, ਬੱਸ ਸਟੈਂਡ ਦੇ ਸਾਹਮਣੇ, ਫਗਵਾੜਾ, ਪੰਜਾਬ - 144401 |
| 632157001805 | ਬਿਮਲਾ ਰਾਣੀ | |
| 632157001806 | ਮਾਨਸੀ ਖੰਨਾ | |
| ਬਰਾਂਚ ਦਾ ਨਾਂਅ : ਰਈਆ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਪਲਾਟ ਨੰ. 185, 190, ਜੀ.ਟੀ. ਰੋਡ, ਰਈਆ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ - 143112 |
| 214357000198 | ਬਲਜੀਤ ਕੌਰ | |
| 214357000221 | ਬਲਜੀਤ ਕੌਰ | |
| ਬਰਾਂਚ ਦਾ ਨਾਂਅ : ਸੈਕਟਰ-70 ਮੋਹਾਲੀ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਸੰਜੇ ਪਬਲਿਕ ਸਕੂਲ, ਸੈਕਟਰ 70, ਮੋਹਾਲੀ, ਜ਼ਿਲ੍ਹਾ ਰੋਪੜ, ਪੰਜਾਬ - 160071 |
| 660005600883 | ਭਾਵਨਾ ਗੁਪਤਾ | |
| ਬਰਾਂਚ ਦਾ ਨਾਂਅ : ਸ਼ਾਹਕੋਟ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਬਲਾਕ ਨੰ. 3, ਦੁਕਾਨ ਨੰ. 410, ਬੱਸ ਸਟੈਂਡ ਦੇ ਨੇੜੇ, ਮੋਗਾ ਰੋਡ, ਸ਼ਾਹਕੋਟ, ਪੰਜਾਬ - 144702 |
| 216662001361 | ਰੋਨਕ ਸਿੰਘ | |
| ਬਰਾਂਚ ਦਾ ਨਾਂਅ : ਸੁਲਤਾਨਪੁਰ ਲੋਧੀ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਗਿੱਲ ਮਾਰਕੀਟ, ਬੱਸ ਸਟੈਂਡ ਦੇ ਸਾਹਮਣੇ, ਬੇਰ ਸਾਹਿਬ ਰੋਡ, ਸੁਲਤਾਨਪੁਰ ਲੋਧੀ, ਪੰਜਾਬ - 144601 |
| 272462000997 | ਹਰਵੰਤ ਸਿੰਘ | |
| 272457000154 | ਅਮਰਿੰਦਰ ਸਿੰਘ | |
| 272457000055 | ਸੁਨੀਲ ਕੁਮਾਰ | |
| ਬਰਾਂਚ ਦਾ ਨਾਂਅ : ਟਾਂਡਾ ਉੜਮੁੜ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਸਵਰਨ ਪੈਲੇਸ, ਰੇਲਵੇ ਚੌਂਕ ਟਾਂਡਾ ਦੇ ਨੇੜੇ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ - 144203 |
| 087857000122 | ਜੋਰਿੰਦਰ ਕੌਰ | |
| 087857000114 | ਰਣਜੀਤ ਕੌਰ | |
| 087857000215 | ਜਸਵੀਰ ਸਿੰਘ | |
| 087857000261 | ਜਸਵੀਰ ਸਿੰਘ | |
| 087857000094 | ਅਰਵਿੰਦ | |
| ਬਰਾਂਚ ਦਾ ਨਾਂਅ : ਤਰਨ ਤਾਰਨ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਸਰਹਾਲੀ ਰੋਡ, ਐੱਸ.ਡੀ.ਐੱਮ. ਕੋਰਟ ਦੇ ਸਾਹਮਣੇ, ਤਰਨ ਤਾਰਨ, ਪੰਜਾਬ - 143401 |
| 050562003881 | ਜਗਬੀਰ ਸਿੰਘ | |
| ਬਰਾਂਚ ਦਾ ਨਾਂਅ : ਜ਼ੀਰਕਪੁਰ | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਰੀਬੋਕ ਸ਼ੋਰੂਮ ਦੇ ਨੇੜੇ, ਅੰਬਾਲਾ-ਚੰਡੀਗੜ੍ਹ ਹਾਈਵੇਅ, ਜ਼ੀਰਕਪੁਰ, ਪੰਜਾਬ - 140603 |
| 050757000275 | ਦਵਿੰਦਰ ਜੈਨ | |
| 050757000293 | ਦਵਿੰਦਰ ਜੈਨ | |
| 050757000294 | ਦਵਿੰਦਰ ਜੈਨ | |
| 050757000295 | ਦਵਿੰਦਰ ਜੈਨ | |
| 050757000296 | ਦਵਿੰਦਰ ਜੈਨ | |
| 050757000252 | ਰੀਟਾ ਛਾਬੜਾ | |
| ਬਰਾਂਚ ਦਾ ਨਾਂਅ : ਪੰਚਕੂਲਾ-ਸੈਕਟਰ 11 | | ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ, ਸ਼ੋਰੂਮ ਨੰ. 6, ਸੈਕਟਰ 11, ਪੰਚਕੂਲਾ, ਹਰਿਆਣਾ - 134109 |
| 004357000692 | ਵਿਨੋਦ ਕੁਮਾਰ ਸ਼ਰਮਾ | |

ਨਿਲਾਮੀ ਉਕਤ ਸਾਰਣੀ 'ਚ ਦਰਸਾਏ ਪਤੇ ਅਤੇ ਮਿਤੀ ਤੇ ਸਮਾਂ 3.00 ਵਜੇ ਸ਼ਾਮ- 6.00 ਵਜੇ ਦਰਮਿਆਨ ਹੋਵੇਗੀ। ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਦਿੱਤੇ ਨਿਲਾਮੀ ਮਿਤੀ/ਸਥਾਨ/ਨਿਲਾਮੀ ਦਾ ਢੰਗ ਬਦਲਣ ਦਾ ਅਧਿਕਾਰ ਹੈ। ਚਾਹਵਾਨ ਪਾਰਟੀਆਂ ਨਿਲਾਮੀ ਦੇ ਨਿਯਮ ਅਤੇ ਸ਼ਰਤਾਂ ਦੇ ਵੇਰਵੇ ਲਈ ਉਕਤ ਦਰਸਾਈਆਂ ਸ਼ਾਖਾਵਾਂ 'ਤੇ ਪੁੱਜਣ।

ਮਿਤੀ : 22.09.2026
ਸਥਾਨ : ਚੰਡੀਗੜ੍ਹ, ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਬਠਿੰਡਾ, ਗੁਰਦਾਸਪੁਰ, ਜਲੰਧਰ, ਕਪੂਰਥਲਾ, ਤਰਨ ਤਾਰਨ, ਬਰਨਾਲਾ, ਫਰੀਦਕੋਟ, ਮੋਗਾ, ਫਿਰੋਜ਼ਪੁਰ, ਹੁਸ਼ਿਆਰਪੁਰ, ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ, ਮੋਹਾਲੀ

ਸ਼ੁੱਭਚਿੰਤਕ, ਸਹੀ/- ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:

# ਉਦਯੋਗ ਨੂੰ ਹੁਲਾਰਾ ਦੇਣ ਲਈ ਨਾਮੀ ਕੰਪਨੀਆਂ ਨਾਲ ਰਾਬਤਾ ਜਾਰੀ-ਖੁੱਡੀਆਂ



ਲੁਧਿਆਣਾ (ਰਾਜ ਸਿੰਗਲਾ)-ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਸਥਾਨਕ ਸਾਊਥ ਬਾਈਪਾਸ, ਕਨਾਲ ਰੋਡ 'ਤੇ ਸਥਿਤ ਮਰਗਨ ਕਰਾਸਿੰਗ ਵਿਖੇ ਇੱਕ ਵਿਸ਼ਵ ਪ੍ਰਸਿੱਧ ਅਮਰੀਕਨ ਫਾਸਟ-ਫੂਡ ਰੈਸਟੋਰੈਂਟ ਦਾ ਰਸਮੀ ਉਦਘਾਟਨ ਕੀਤਾ ਗਿਆ। ਇਸ ਮੌਕੇ ਮਰਗਨ ਕਰਾਸਿੰਗ ਦੇ ਮਾਲਕ ਕਰਨਲ ਹਰਬੰਤ ਸਿੰਘ ਕਾਹਲੋਂ ਤੇ ਰਿਕੀ ਕਾਹਲੋਂ ਵੀ ਮੌਜੂਦ ਸਨ। ਕੈਬਨਿਟ ਮੰਤਰੀ ਖੁੱਡੀਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ ਦੇ ਚਲਦਿਆਂ ਸੂਬੇ ਵਿੱਚ ਉਦਯੋਗ ਨੂੰ ਹੁਲਾਰਾ ਦੇਣ ਦੇ ਮੰਤਵ ਨਾਲ ਇਨਵੈਸਟ ਪੰਜਾਬ ਤਹਿਤ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਉਘੀਆਂ ਕੰਪਨੀਆਂ ਦੇ ਨਾਲ ਰਾਬਤਾ ਕਰਕੇ ਪੰਜਾਬ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ, ਇਹ ਇਸੇ ਲੜੀ ਦਾ ਹਿੱਸਾ ਹੈ। ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਨਵੈਸਟ ਪੰਜਾਬ ਤਹਿਤ ਲੁਧਿਆਣਾ ਨਜ਼ਦੀਕ ਮਰਗਨ ਕਰਾਸਿੰਗ ਵਿਖੇ ਕਈ ਵੱਡੀਆਂ ਕੰਪਨੀਆਂ ਪੰਜਾਬ ਦੇ ਵਿੱਚ ਇੱਥੇ ਨਿਵੇਸ਼ ਕਰ ਰਹੀਆਂ ਨੇ ਉਥੇ ਇਸ ਕਮਰਸ਼ੀਅਲ ਪ੍ਰੋਜੈਕਟ ਦੇ ਸਥਾਪਤ ਹੋਣ ਨਾਲ ਸੈਂਕੜਿਆਂ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਪ੍ਰੋਜੈਕਟ ਵਿਦੇਸ਼ੀ ਤਰਜ਼ 'ਤੇ ਇੱਥੇ ਲਿਆਂਦਾ ਗਿਆ ਸੀ ਜੋ ਕਮਰਸ਼ੀਅਲ ਹੈ ਤੇ ਲੁਧਿਆਣਾਵਾਸੀਆਂ ਲਈ ਸਹੂਲਤ ਦੇ ਨਾਲ-ਨਾਲ ਆਰਥਿਕ ਪੱਖੋਂ ਪੈਰਾਂ ਸਿਰ ਕਰਨ ਲਈ ਵੀ ਲਾਹੇਵੰਦ ਸਿੱਧ ਹੋਵੇਗਾ। ਰਿਟਾਇਰਡ ਕਰਨਲ ਹਰਬੰਤ ਸਿੰਘ ਕਾਹਲੋਂ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਰਾਈਟ ਟੂ ਬਿਜ਼ਨੈੱਸ ਐਕਟ ਨੂੰ ਸਹੀ ਅਰਥਾਂ ਵਿੱਚ ਲਾਗੂ ਕੀਤਾ ਹੈ।

## ਹਲਕਾ ਇੰਚਾਰਜ ਲੱਗਣ 'ਤੇ ਰੱਖੜਾ ਦਾ ਆਗੂਆਂ ਵੱਲੋਂ ਸਵਾਗਤ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਆਮ ਆਦਮੀ ਪਾਰਟੀ ਵੱਲੋਂ ਸ. ਸੁਰਜੀਤ ਸਿੰਘ ਰੱਖੜਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੂੰ ਹਲਕਾ ਸਮਾਣਾ ਦਾ ਹਲਕਾ ਇੰਚਾਰਜ ਨਿਯੁਕਤ ਕਰਨ 'ਤੇ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ, ਗੁਲਜ਼ਾਰ ਸਿੰਘ ਪਟਿਆਲਵੀ ਵੱਲੋਂ ਵਧਾਈ ਦਿੱਤੀ ਗਈ। ਇਸ ਮੌਕੇ ਗੁਲਜ਼ਾਰ ਪਟਿਆਲਵੀ ਨੇ ਕਿਹਾ ਕਿ ਸ. ਰੱਖੜਾ ਬਹੁਤ ਹੀ ਤਜਰਬੇਕਾਰ ਤੇ ਸੀਨੀਅਰ ਆਗੂ ਹਨ ਅਤੇ ਸਮਾਣਾ ਹਲਕੇ ਨਾਲ ਉਨ੍ਹਾਂ ਦਾ ਪੁਰਾਣਾ ਰਿਸ਼ਤਾ ਹੈ। ਸਮਾਣਾ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਦੇ ਤਜਰਬੇ ਦਾ ਲਾਭ ਹਾਸਲ ਹੋਵੇਗਾ ਤੇ ਹਲਕੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਮੌਕੇ ਸਮੂਹ ਆਗੂਆਂ ਨੇ ਉਤਸ਼ਾਹ ਵਧਿਆ ਹੈ ਤੇ ਵਰਕਰ ਵੀ ਸ. ਰੱਖੜਾ ਦੇ ਤਜਰਬੇ ਦਾ ਲਾਭ ਉਠਾਉਣਗੇ।

# ਹਾਮਿਦ ਈਰਾਨ ਨੇ ਜਿੱਤਿਆ ਪੂਨੀਆ ਦਾ ਦੰਗਲ ਮੇਲਾ



ਮਾਛੀਵਾੜਾ ਸਾਹਿਬ, (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਪੂਨੀਆਂ ਵਿਖੇ ਗੁੱਗਾ ਜ਼ਾਹਰ ਪੀਰ ਦੀ ਯਾਦ ਵਿੱਚ ਸਾਲਾਨਾ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿੱਚ 70 ਤੋਂ ਵੱਧ ਪਹਿਲਵਾਨਾਂ ਨੇ ਆਪਣੇ ਜੌਹਰ ਦਿਖਾਏ। ਦੰਗਲ ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਬਹਾਦਰ ਸਿੰਘ ਸਾਬਕਾ ਸਰਪੰਚ, ਸਰਪੰਚ ਬਲਜਿੰਦਰ ਸਿੰਘ, ਸਾਬਕਾ ਸਰਪੰਚ ਬਲਵਿੰਦਰ ਸਿੰਘ, ਗੁਰਤੇਜਪਾਲ ਸਿੰਘ ਪੰਚ, ਜਗਪਾਲ ਸਿੰਘ ਜੱਗੀ ਨੇ ਦੱਸਿਆ ਕਿ ਇਲਾਕਾ ਨਿਵਾਸੀਆਂ ਤੇ ਐੱਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਕਰਵਾਏ ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਹਾਮਿਦ ਈਰਾਨ ਨੇ ਸੁਖਚੈਨ ਝਿੰਜਰ ਨੂੰ ਹਰਾ ਕੇ ਜਿੱਤੀ, ਜਦਕਿ ਦੋ ਨੰਬਰ ਦੀ ਕੁਸ਼ਤੀ ਵਿੱਚ ਲਾਲੀ ਮੰਡ ਚੌਂਤਾ ਨੇ ਪੁਨੀਤ ਰਾਠੀ ਆਲਮਗੀਰ ਨੂੰ ਹਰਾਇਆ, ਤੀਜੇ ਨੰਬਰ ਦੀ ਕੁਸ਼ਤੀ ਵਿੱਚ ਸ਼ੰਮੀ ਲੁਧਿਆਣਾ ਨੇ ਸੁੱਖ ਮੰਡ ਚੌਂਤਾ ਨੂੰ ਹਰਾਇਆ। ਜੇਤੂ ਪਹਿਲਵਾਨਾਂ ਨੂੰ ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ, ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਅਕਾਲੀ ਦਲ ਯੂਥ ਵਿੰਗ ਦੇ ਕੌਮੀ ਕਾਰਜਕਾਰੀ ਪ੍ਰਧਾਨ ਹਰਜੋਤ ਸਿੰਘ ਮਾਂਗਟ, ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਦੇ ਸੀਨੀਅਰ ਆਗੂ ਬਰਜਿੰਦਰ ਸਿੰਘ ਬਬਲੂ ਲੋਪੋਂ, ਚੇਅਰਮੈਨ ਸੁਖਵਿੰਦਰ ਸਿੰਘ ਗਿੱਲ ਤੇ ਸੁੱਖੀ ਪੂਨੀਆਂ, ਪ੍ਰਗਟ ਸਿੰਘ, ਮਲਕੀਤ ਸਿੰਘ, ਹਰਕਰਨ ਸਿੰਘ, ਸੰਦੀਪ ਸਿੰਘ, ਜਗਦੀਸ਼ ਸਿੰਘ ਸਰਪੰਚ ਵੱਲੋਂ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਸਟੇਜ ਦੀ ਕਾਰਵਾਈ ਬਲਵੀਰ ਸਿੰਘ ਤੱਖਰਾਂ ਨੇ ਨਿਭਾਈ, ਜਦਕਿ ਮੇਲੇ ਦਾ ਅੱਖੀਂ ਡਿੱਠਾ ਹਾਲ ਪ੍ਰਿੰ ਪੂਨੀਆ ਨੇ ਸੁਣਾਇਆ। ਇਸ ਮੌਕੇ ਦਲਵੀਰ ਚੰਦ, ਮੇਵਾ ਸਿੰਘ ਰਾਣਵਾਂ, ਪੀ.ਏ. ਨਵਜੀਤ ਸਿੰਘ, ਪ੍ਰਵੀਨ ਮੱਕੜ, ਕੌਂਸਲਰ ਨਰਿੰਦਰਪਾਲ ਮੱਕੜ, ਹਰਦਿਲਮੋਹਣ ਸਿੰਘ ਪ੍ਰਿਥੀਪੁਰ, ਸੁਖਵੀਰ ਸਿੰਘ ਪੱਪੀ, ਅਮਨਦੀਪ ਗੁਰੋਂ, ਸੁਖਦੀਪ ਸਿੰਘ ਬਾਜਵਾ, ਅੰਮ੍ਰਿਤਪਾਲ ਸਿੰਘ, ਯੁਵਰਾਜੀਤ ਸਿੰਘ ਮੌਜੂਦ ਸਨ।

# ਬਾਬਾ ਬੁੱਢਾ ਜੀ ਕਾਲਜ ਬੀੜ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ਲਈ ਵੱਡਾ ਕਾਫ਼ਲਾ ਰਵਾਨਾ



ਝਬਾਲ (ਹਰਜਿੰਦਰ ਸਿੰਘ ਸੋਨੀ)-ਬਾਬਾ ਬੁੱਢਾ ਜੀ ਕਾਲਜ ਬੀੜ ਸਾਹਿਬ ਵਿਖੇ ਹਲਕਾ ਇੰਚਾਰਜ ਕੰਚਨਪ੍ਰੀਤ ਕੌਰ ਦੀ ਅਗਵਾਈ ਵਿੱਚ ਕੀਤੀ ਜਾ ਰਹੀ ਪੰਜਾਬ ਬਚਾਓ ਰੈਲੀ ਵਿੱਚ ਸ਼ਾਮਲ ਹੋਣ ਲਈ ਪਿੰਡ ਦੋਦੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਕਾਲੀ ਆਗੂ ਨੌਜਵਾਨ ਸਰਪੰਚ ਸੋਨੂੰ ਦੋਦੇ ਬਰਾੜ ਦੀ ਅਗਵਾਈ ਵਿੱਚ ਅਕਾਲੀ ਵਰਕਰਾਂ ਦਾ ਵੱਡਾ ਕਾਫ਼ਲਾ ਰੈਲੀ ਵਿੱਚ ਸ਼ਾਮਲ ਹੋਣ ਲਈ ਰਵਾਨਾ ਹੋਇਆ। ਰਵਾਨਾ ਹੋਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਸੀਨੀਅਰ ਆਗੂ ਤੇ ਸਰਪੰਚ ਸੋਨੂੰ ਬਰਾੜ ਦੋਦੇ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਜੇਕਰ ਅਮਨ ਸ਼ਾਂਤੀ ਲਿਆਉਣ ਲਈ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਆਉਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਆਉਣਾ ਬਹੁਤ ਹੀ ਜ਼ਰੂਰੀ ਹੈ। ਇਸ ਮੌਕੇ ਨਿਰਮਲ ਸਿੰਘ ਬਰਾੜ, ਰਣਜੀਤ ਸਿੰਘ ਬਰਾੜ, ਹਰਪਾਲ ਸਿੰਘ ਬਰਾੜ, ਜਤਿੰਦਰ ਸਿੰਘ ਬਰਾੜ, ਗੁਰਵਿੰਦਰ ਸਿੰਘ ਬਰਾੜ, ਗੋਰਾ ਬਰਾੜ, ਗੋਲਡੀ ਬਰਾੜ, ਪ੍ਰਤਾਪ ਸਿੰਘ ਬਰਾੜ, ਜਰਨੈਲ ਸਿੰਘ ਬਰਾੜ, ਰਣਜੀਤ ਸਿੰਘ ਬਰਾੜ, ਮੈਂਬਰ ਲਖਵਿੰਦਰ ਸਿੰਘ, ਮੈਂਬਰ ਗੁਰਲਾਲ ਸਿੰਘ, ਮੈਂਬਰ ਮੇਜਰ ਸਿੰਘ, ਬਾਜ ਸਿੰਘ ਧੋਨੀ, ਮੈਂਬਰ ਹਰਦੀਪ ਸਿੰਘ, ਰਣਜੀਤ ਸਿੰਘ ਰਾਣਾ, ਜ਼ੋਰਾ ਬਰਾੜ, ਬਿਕਰਮਜੀਤ ਸਿੰਘ, ਮਹਿੰਦਰ ਸਿੰਘ, ਰਵੇਲ ਸਿੰਘ, ਨਿਸ਼ਾਨ ਸਿੰਘ, ਗੁਰਜੰਟ ਸਿੰਘ, ਗੁਰਵਿੰਦਰ ਸਿੰਘ, ਨਿਰਮਲ ਸਿੰਘ, ਗੁਰਭੇਜ ਸਿੰਘ, ਗੁਰਸੇਵਕ ਸਿੰਘ, ਸੁਖਚੈਨ ਸਿੰਘ, ਕੇਦਾਰ ਸਿੰਘ, ਗੁਰਸਾਹਿਬ ਸਿੰਘ, ਬਿਕਰਮਜੀਤ ਸਿੰਘ, ਕੁਲਵਿੰਦਰ ਸਿੰਘ ਕਿੰਦਾ, ਗੁਰਜੀਤ ਸਿੰਘ, ਮੁਖਤਾਰ ਸਿੰਘ, ਮਨਦੀਪ ਸਿੰਘ, ਗੁਰਪ੍ਰੀਤ ਸਿੰਘ ਰਿੰਕਾ, ਦਵਿੰਦਰ ਸਿੰਘ, ਗਗਨਦੀਪ ਸਿੰਘ, ਹਰਪ੍ਰੀਤ ਸਿੰਘ, ਗੁਰਦੀਪ ਸਿੰਘ, ਇੰਦਰਜੀਤ ਸਿੰਘ, ਸੁਖਦੀਪ ਸਿੰਘ, ਮਲਕੀਤ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਮੀਤ ਸਿੰਘ, ਲਵਪ੍ਰੀਤ ਸਿੰਘ, ਗੁਰਸੇਵਕ ਸਿੰਘ ਚੱਕੀਵਾਲਾ, ਸੁਰਜੀਤ ਸਿੰਘ ਪ੍ਰਮਜੀਤ ਸਿੰਘ ਲੀਡਰ, ਦਿਲਬਾਗ ਸਿੰਘ, ਅਜੀਤ ਸਿੰਘ ਮੀਰੇਕੋਟ, ਹਰਭਜਨ ਸਿੰਘ, ਰਾਣਾ ਬਰਾੜ ਆਦਿ ਹਾਜ਼ਰ ਸਨ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Jashanpreet Singh S/o Sukhdev Singh R/o Vill. Patti Riar, PO. Panjgraian, Teh. Batala, Distt. Gurdaspur. Declare that Jashanpreet is my given name and Singh is my surname. Please concerned note.

I, Anushika D/o Suraj R/o Vill. Dhadda, Po. Hazara, Distt. Jalandhar have changed my name from Anushika to Anushka. All concerned please note.

I, Gagan Arora S/O Subash Chander R/O Old No.44, New No. S-1/718, Sant Nagar, Near Dr. Soni Kapoor, Akhara Kallu, Amritsar, Punjab have changed my name from Gagan Arora to Gagan Dang. Concerned note.

I, Navraj Singh S/o Major Singh R/o Tehsil Ajnala, Jhanjoti, Distt. Amritsar, Punjab-143101 have changed my name from Navraj Singh to Singh is my surname and Navraj is my given name.

I, Harmanpreet Kaur D/o Aman Singh R/o Ward No. 5, VPO Raja Sansi, Amritsar, Punjab- 143101 have changed my name from Harmanpreet Kaur to Harmanpreet Kaur Sandhu with immediate effect.

I, Gopal S/o Chaman Lal R/o VPO Panchhat, Tehsil Phagwara, Distt. Kapurthala. Punjab have changed my name from Gopal to Gopal Gill. Concerned note.

I, Fuman Singh S/o Karam Singh R/o VPO. Zahura, Teh. Dasuya, Distt. Hoshiarpur, Punjab, I have changed my name from Fuman Singh to Phuman Singh . All concerned please note.

I Harmanpuneet Singh S/O Avtar Singh R/O VPO. Patial Distt. Jalandhar, Punjab, have changed my name to Singh Harmanpuneet Given Name Harmanpuneet Surname Singh. All please note.

I, Davinder S/O Kala Masih R/O VPO. Jandiala,Tehsil Phillaur, Distt. Jalandhar, Punjab Have changed My name Davinder to Davinder Ladhar.

I, Ranvir Singh S/O.bikkar Singh Vill. Mahal Khurd , Po.garcha, Teh. Nawanshahr, Distt. S.b.s Nagar Pin. 144518, Punjab have changed my Name Ranvir Singh to Ranbir Singh.

I, Jagsir Singh S/O Dharam Singh, Resident Of Vpo Bhekha Po. Jaimal Wala Moga 142001 Punjab India, Have Changed My Name From Jagsir Singh To Singh Jagsir (Surname As Singh ) All Please Note.

I, Jatinder Singh S/o Sadhu Singh R/o H.no. 185, Housing Board Colony, Urban Estate, Phase - 1, Jalandhar - 144022, Punjab. I have changed my name from Jatinder Singh to Jatinder as given name and Singh as surname. All concerned please note.

I, Parmjit Kaur W/o Jatinder Singh R/o H.no. 185, Housing Board Colony, Urban Estate, Phase - 1, Jalandhar - 144022, Punjab. I have changed my name from Parmjit Kaur to Parmjit as given name and Kaur as surname. All concerned please note.

I, Jasmine Kaur W/o Sukhrajvir Singh R/o VPO Kandola Kalan, Tehsil Phillaur, Distt. Jalandhar - 144039, Punjab. I have changed my name from Jasmine to Jasmine Kaur. All concerned please note.

I, Simerjit Kaur w/o Gurnam Singh, r/o H. No 1323/25, Gali No 3, Baba Budha Ji Nagar, Rama Mandi, Jalandhar have changed my name from Simerjit Kaur to Simarjit Kaur. All Concerned may note.

I, Jagjit Singh S/o Gurmel Singh R/o Khalra, Khalra, Tan Taran have declare that Jagjit is my Given name and Singh is my Surname.

I, Ranjit Singh S/o Gurmel Singh R/o Khalra, Khalra, Tan Taran have declare that Ranjit is my Given name and Singh is my Surname.

I Sarbjeet Kaur W/O Hardev Singh R/O Vpo Kathu Nangal Teh Majitha Distt Amritsar Have Changed My Name Sarbjit Kaur.

I Paramjit Singh S/O Mohinder Singh R/O H.No.141, Khurmania, Khasa Adda, Khasa Amritsar Have Changed My Name From Paramjit Singh To Parmjit Singh.

I Kawaljeet Kaur W/O Parmjit Singh R/O H.No.141, Khurmania, Khasa Adda, Khasa Amritsar Have Changed My Name From Kawaljeet Kaur To Kawaljit Kaur.

I, Manpreet Singh S/o Makhan Ram R/o Vill Khanoor, PO Jallowal Khanoor Distt. Hoshiarpur, Punjab-146104 have changed my name from Manpreet Singh to Singh is my surname and Manpreet is my given name.

## Change of Name

I, Rakhi W/o Deepak Sharma R/o H.No.F-17/183, Gali No.2, Indra Colony Majitha Road, Amritsar have changed my name from Rakhi to Rakhi Sharma.

I Amit Bhopal S/O Nagin Chand R/O 1945, Gali Kharas Wali I/S Mahan Singh Gate, Amritsar have changed my name from Amit Bhopal to Amit Kumar. All concerned please note.

I, Harkirat S/o Jagjiwan Ram R/o Vill. Rani Bhatti, PO. Kala Bakra, Jalandhar have changed my name from Harkirat to Harkirat Singh . All concerned to be noted.

I Man Singh S/O Jagir Singh R/O ward no 7, VPO bholath district Kapurthala declare that have changed my name from Man Singh to Mann Singh. Please note.

I, Neha Suman w/o Johny Bhardwaj r/o VPO.Sarhali, Teh.Phillaur, Distt.Jalandhar have changed my name after marriage from Neha Suman to Neha Bhardwaj. All Please Note.

I, Kajal d/o Surinder Pal r/o Gali No.6, Tibbi, Guru Teg Bahadur Nagar, Phagwara, Kapurthala have added my surname as Kajal Kaur (Surname as Kaur) All Please Note.

I, Naina W/o Karan Sharma R/o H.No. C-100, Gali No. 4, Jinda Road, Maqsudan, Jalandhar have changed my name from Naina to Naina Sharma. All Please Note.

I, Dharvinder Singh S/o Balwinder Singh R/o Village Daudpur, Po. Mirzapur, Tehsil Dhilwan, Distt.Kapurthala, Punjab have changed my name from Dharvinder Singh to Singh Dharvinder (Singh as Surname) All Please Note.

I, Amit Kumar Sharma S/o Ashok Kumar R/o H.No.256, Baba Isher Singh Colony, Basti Sheikh, Jalandhar, Punjab have changed my name from Amit Kumar Sharma to Amit Kumar. All Please Note.

I, Gurdeep Singh S/o Joginder Singh R/o Village Ghug Bet, Po. Bhawanipur, Distt. Kapurthala have changed my name from Gurdeep Singh to Singh Gurdeep (Singh as Surname) All Please Note.

I, Sukhwinder Kaur W/o Gurdeep Singh R/o Village Ghug Bet, Po. Bhawanipur, Distt. Kapurthala have changed my name from Sukhwinder Kaur to Kaur Sukhwinder (Kaur as Surname) All Please Note.

I, Suresh Kumar S/o Dev Raj R/o Vill. Bulandpur, P.O. Nurpur, Jalandhar, Punjab-144012 have changed my name from Suresh Kumar to Given Name Suresh & Surname as Kumar. All concerned please note.

I, Gurjit Singh Kahlon S/o Karnail Singh R/o VPO. Mustfapur, Jalandhar, Punjab-144801 have changed my name from Gurjit Singh Kahlon to Gurjit Singh. All concerned please note.

I, Shanti Saroop Gupta S/o Roshan Lal R/o 385GTB NAGAR Jalandhar, Punjab have changed my name from Shanti Saroop Gupta to Shanti Saroop. All concerned please note.

I, Narinder Kaur W/O Resham Singh, R/o Khusropur, PO: Khusropur, Dist: Jalandhar, Punjab-144806. have changed my name and shall hereafter be Known as Ninder.

I, Jasanpreet Singh S/O Surjit Singh, R/o House Number-68, Toor, Enclave Phase-1, Chak Jinda, VTC: Jalandhar-I, PO: Grain Market, Sub Dist: Jalandhar-I, Dist: Jalandhar, Punjab144008, have changed my name and shall hereafter be Known as Jas Singh Badhan.

I, Sulakhan Singh S/o Khursheed Singh R/o Village & PO Bhullar, Tehsil Batala, District Gurdaspur, Punjab have changed my name from Sulakhan Singh to Given Name Sulakhan and Surname as Singh. Concerned Note.

I, Parmjit Kaur w/o Ninder Singh R/o Vill Mallian kalan Po Talwandi Salem, Tehsil Nakodar Distt Jalandhar Punjab – 144623 have changed my name and shall hereafter be known as Parmjit Kaur ( Surname as Kaur).

I Abhishek W/O Kali Charan R/O VPO Nangal Lubana district Kapurthala ( 144631) declare that have changed my name from Abhishek to Abhishek as surname and Abhishek as given name. Please note.

I, Honey Kumar S/O Harjinder Kumar R/O Vpo . Sarhali, Tehsil Phillaur, Distt. Jalandhar, Punjab Have Changed My Name From Honey Kumar To Given Name Honey & Surname As Kumar. All Please Note.

## Change of Name

I, Simran Kaur D/O Tarsem Singh, Residing at Vill Dhilwan Distt Jalandhar, Punjab 144023, and declare that Simran is my given name and Kaur is my Surname.

I, Pardeep Singh S/o Tarsem Singh R/o Vill. Dhilwan PO Dakoha, Jalandhar, have changed my name from Pardeep Singh to surname Singh and given name Pardeep. All concerned please note.

## ਬੇਦਖਲੀ ਨੋਟਿਸ

ਮੈਂ, ਸੋਹਨ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ ਵਾਸੀ ਮਕਾਨ ਨੰਬਰ 307, ਵਾਰਡ ਨੰ: 9, ਧਰਮਪੁਰਾ ਦਸੂਹਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਦੀਪਕ ਸਿੰਘ ਅਤੇ ਉਸ ਦੀ ਪਤਨੀ ਇਕਬਾਲ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਦੇਸ ਰਾਜ ਪੁੱਤਰ ਖੁਸ਼ਹਾਲ ਸਿੰਘ ਵਾਸੀ ਪਿੰਡ ਬਾਗੂਵਾਲਾ, ਡਾਕਘਰ ਸੈਫਲਾਬਾਦ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹਾਂ। ਮੇਰੇ ਦੋ ਲੜਕੇ ਅਤੇ ਦੋ ਲੜਕੀਆਂ ਹਨ। ਮੇਰਾ ਲੜਕਾ ਪਰਮਜੀਤ ਸਿੰਘ ਪੰਮਾ ਅਤੇ ਉਸ ਦੀ ਪਤਨੀ ਗੁਰਮੀਤ ਕੌਰ (ਗੋਮਾ ਰਾਣੀ) ਅਤੇ ਆਪਣੀ ਵੱਡੀ ਲੜਕੀ ਕੁਲਵੰਤ ਕੌਰ ਪਤਨੀ ਸਵ: ਦਰਸ਼ਨ ਸਿੰਘ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਮੈਂ ਇਨ੍ਹਾਂ ਨੂੰ ਆਪਣੀ ਕੁੱਲ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।

ਮੈਂ, ਜਗਸੀਰ ਸਿੰਘ ਪੁੱਤਰ ਨੰਦ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਸੈਦੋ ਰੋਡ, ਪਿੰਡ ਤਖਤੂਪੁਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਜਿੰਦਰ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਅਮਿਤ ਸ਼ਰਮਾ ਪੁੱਤਰ ਸ੍ਰੀ ਮਾਇਆ ਰਾਮ ਸ਼ਰਮਾ ਵਾਸੀ ਗਲੀ ਨੰਬਰ 02 ਬੈਕ ਸਾਈਡ ਨਹਿਰੂ ਯੁਵਾ ਕੇਂਦਰ ਵਾਰਡ ਨੰਬਰ 18 ਗੋਕਲ ਨਗਰ, ਜ਼ਿਲ੍ਹਾ ਹੁਸ਼ਿਆਰਪੁਰ ਹਾਲ ਵਾਸੀ ਕੁਆਰਟਰ ਨੰਬਰ 561-ਏ, ਪੀ ਏ ਪੀ ਕੰਪਲੈਕਸ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅੰਕਿਤ ਸ਼ਰਮਾ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ।

ਮੈਂ, ਮਨਜੀਤ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਨੇੜੇ ਬਾਬਾ ਜੀਵਨ ਸਿੰਘ ਗੁਰਦੁਆਰਾ ਰਾਊਕੇ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਮਨ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਤਜਿੰਦਰ ਸਿੰਘ ਪੁੱਤਰ ਲਖਬੀਰ ਸਿੰਘ ਅਤੇ ਮਲਕੀਤ ਕੌਰ ਪਤਨੀ ਤਜਿੰਦਰ ਸਿੰਘ ਵਾਸੀ ਮਕਾਨ ਨੰ: 376-6, ਸਾਹਮਣੇ ਬਿਜਲੀ ਘਰ, ਹਮੀਦਪੁਰਾ, ਬਾਈਪਾਸ ਨਰਾਇਣਗੜ੍ਹ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਬੇਟਾ ਜਸਕਰਨ ਸਿੰਘ, ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਨਰਿੰਦਰ ਕੌਰ ਪਤਨੀ ਜਗਤਾਰ ਸਿੰਘ ਵਾਸੀ ਹਾਊਸ ਨੰਬਰ 1104, ਬਾਬਾ ਫਰੀਦ ਨਗਰ, ਕਾਲੇ ਘਨੂਪੁਰ, ਛੇਹਰਟਾ, ਅੰਮ੍ਰਿਤਸਰ ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਬੀਰ ਕੌਰ ਪਤਨੀ ਲਖਵਿੰਦਰ ਸਿੰਘ, ਵਾਸੀ ਪਿੰਡ ਝਬਾਲ ਖੁਰਦ, ਤਹਿ. ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਲਾਲ ਸਿੰਘ ਅਤੇ ਨੂੰਹ ਲਖਵਿੰਦਰ ਕੌਰ ਪਤਨੀ ਗੁਰਲਾਲ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ।

ਅਸੀਂ, ਬੂਟਾ ਸਿੰਘ ਪੁੱਤਰ ਜਗਤਾਰ ਸਿੰਘ ਅਤੇ ਸਿੰਦਰ ਕੌਰ ਪਤਨੀ ਸ੍ਰੀ ਬੂਟਾ ਸਿੰਘ, ਵਾਸੀ ਪਿੰਡ ਅਬਦੁਲਾਪੁਰ, ਡਾਕ. ਮਿਆਣੀ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਸੁਰਜੀਤ ਸਿੰਘ ਅਤੇ ਇਸ ਦੀ ਪਤਨੀ ਸੁਮਨਦੀਪ ਕੌਰ ਜੋ ਸਾਡੇ ਕਹਿਣੇਕਾਰ ਨਹੀਂ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਗੁਰਮੇਜ ਸਿੰਘ ਪੁੱਤਰ ਪਿਆਰਾ ਸਿੰਘ ਅਤੇ ਬਲਜਿੰਦਰ ਕੌਰ ਪਤਨੀ ਗੁਰਮੇਜ ਸਿੰਘ ਵਾਸੀਆਨ ਪਿੰਡ ਗਿਲ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨਵਦੀਪ ਸਿੰਘ ਅਤੇ ਉਸਦੀ ਪਤਨੀ ਸੋਨੀਕਾ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਤਰੁਣ ਪੁੱਤਰ ਕੇਵਲ ਕੁਮਾਰ , ਵਾਸੀ ਮਕਾਨ ਨੰਬਰ 4-170, ਨਿਊ ਦਸ਼ਮੇਸ਼ ਨਗਰ, ਜਲੰਧਰ ਨੇ ਆਪਣਾ ਨਾਮ ਤਰੁਣ ਤੋਂ ਬਦਲ ਕੇ ਤਰੁਣ ਕੁਮਾਰ ਰੱਖ ਲਿਆ ਹੈ।

## ਬੇਦਖਲੀ ਨੋਟਿਸ

ਮੈਂ, ਰਣਜੀਤ ਕੌਰ ਪਤਨੀ ਲੇਟ ਸ੍ਰੀ ਲਛਮਣ ਸਿੰਘ ਵਾਸੀ ਪਿੰਡ ਕਾਲਰੂ, ਡਾ: ਨਸੀਰਪੁਰ, ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਉਰਫ ਜੌਨੀ ਅਤੇ ਉਸਦੀ ਪਤਨੀ ਗਗਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸੁਖ ਦੇਵੀ ਵਿਧਵਾ ਰਤਨ ਲਾਲ, ਵਾਸੀ ਬਾਹੀਆ, ਡਾਕਖਾਨਾ ਤਿੱਬੜ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਕਮਲਜੀਤ ਅਤੇ ਨੂੰਹ ਰਾਜ ਰਾਣੀ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਗਦੀਸ਼ ਸਿੰਘ ਪੁੱਤਰ ਲੀਲਾ ਰਾਮ ਵਾਸੀ ਹਮੀਰਗੜ੍ਹ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਫੂਲ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਆਮ ਸੂਚਨਾ

ਦੀ ਢਡਿਆਲਾ ਨੱਤ ਐਟ ਸ਼ੰਕਰਪੁਰਾ ਬਹੁਮੰਤਵੀ ਸਹਿਕਾਰੀ ਸਭਾ ਦੇ ਜ਼ੋਨ ਪ੍ਰਵਾਨ ਕਰਨ ਹਿੱਤ ਸ. ਰ. ਦਫ਼ਤਰ ਵਿਚ ਪ੍ਰਾਪਤ ਹੋਏ ਮਿਤੀ 09.10.2026 ਤੱਕ ਜਿਨ੍ਹਾਂ ਦੀ ਸੁਣਵਾਈ ਕੀਤੀ ਜਾ ਰਹੀ ਹੈ। ਮਿਤੀ 08.10.2026 ਤੱਕ ਇਤਰਾਜ਼ ਇਸ ਦਫ਼ਤਰ ਵਿਚ ਪ੍ਰਾਪਤ ਨਹੀਂ ਹੁੰਦੇ ਤਾਂ ਜ਼ੋਨ ਪ੍ਰਵਾਨ ਕੀਤੇ ਜਾਣਗੇ।

ਮੈਂ, ਰੋਹਿਤ ਕੁਮਾਰ ਪੁੱਤਰ ਰਜੇਸ਼ ਕੁਮਾਰ ਵਾਸੀ 199, ਫਤਿਹਗੜ੍ਹ ਚੂੜੀਆਂ ਰੋਡ, ਨੰਗਲੀ ਭੱਠਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਮੈਟ੍ਰਿਕ ਦੇ ਸਰਟੀਫਿਕੇਟ ਰੋਲ ਨੰ. 1020130302 ਵਿੱਚ ਮੇਰਾ ਨਾਮ ਰੋਹਿਤ ਮੇਰੇ ਪਿਤਾ ਦਾ ਨਾਮ ਬੋਬੀ ਅਤੇ ਮਾਤਾ ਦਾ ਨਾਮ ਪਰਮਜੀਤ ਲਿਖਿਆ ਗਿਆ ਹੈ। ਮੇਰਾ ਸਹੀ ਨਾਮ ਰੋਹਿਤ ਕੁਮਾਰ ਪਿਤਾ ਦਾ ਨਾਮ ਰਜੇਸ਼ ਕੁਮਾਰ ਅਤੇ ਮਾਤਾ ਦਾ ਨਾਮ ਪਰਮਜੀਤ ਕੌਰ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ 3003140165, ਜੋ ਕਿ ਸ਼ੈਂਕਰ ਸਿੰਘ ਪੁੱਤਰ ਨੰਦ ਸਿੰਘ ਰਕਬਾ ਮੋਟਰ ਪਿੰਡ ਰਸੂਲਪੁਰ ਬ੍ਰਹਾਮਣਾਂ, ਕਪੂਰਥਲਾ ਦੇ ਨਾਂਅ ਪਰ ਚੱਲ ਰਹੀ ਹੈ, ਨੂੰ ਹਰਵਿੰਦਰ ਕੌਰ ਪਤਨੀ ਪਰਮਿੰਦਰ ਸਿੰਘ ਵਾਸੀ ਪਿੰਡ 35, ਗੋਪਾਲ ਪਾਰਕ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਪਰ ਟਰਾਂਸਫਰ ਕਰਵਾਉਣ ਲਈ ਪਾਵਰਕਾਮ ਦਫਤਰ ਵਿਚ ਅਰਜ਼ੀ ਦਿੱਤੀ ਹੈ।ਇਸ ਸੰਬੰਧ ਵਿਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ ਪਾਵਰ ਕਾਮ ਦੇ ਦਫਤਰ ਸਬ-ਅਰਬਨ ਸ/ਡ, ਸਾਹਮਣੇ ਔਜਲਾ ਫਾਟਕ ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

ਮੈਂ, ਜਸਵੰਤ ਸਿੰਘ ਪੁੱਤਰ ਸ਼ੰਕਰ ਸਿੰਘ ਵਾਸੀ ਪਿੰਡ ਨੰਗਲ ਪਿੰਡ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮਿਤੀ 14 ਮਈ 2026 ਨੂੰ ਮੈਂ ਆਪਣੀ ਲੜਕੀ ਜਸਵੀਰ ਕੌਰ ਪੁੱਤਰੀ ਜਸਵੰਤ ਸਿੰਘ ਹਾਲ ਪਤਨੀ ਸੁਖਵਿੰਦਰ ਸਿੰਘ ਵਾਸੀ ਪਿੰਡ ਨੰਗਲ ਪਿੰਡ ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਬੇਦਖਲ ਕੀਤਾ ਸੀ। ਹੁਣ ਮੇਰੀ ਲੜਕੀ ਜਸਵੀਰ ਕੌਰ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਆਪਣੀ ਬੇਦਖਲੀ ਰੱਦ ਕਰਦਾ ਹਾਂ। ਸੰਬੰਧਿਤ ਨੋਟ ਕਰਨ।

ਅਸੀਂ, ਜਸਬੀਰ ਸਿੰਘ ਪੁੱਤਰ ਅਮਰ ਸਿੰਘ ਅਤੇ ਜਸਪਿੰਦਰ ਕੌਰ ਪਤਨੀ ਜਸਬੀਰ ਸਿੰਘ ਵਾਸੀਆਨ ਐੱਲ-3/8, ਜਸਪਾਲ ਨਗਰ, ਨੇੜੇ ਸਾਬਣ ਵਾਲੀ ਗਲੀ, ਸੁਲਤਾਨਵਿੰਡ ਰੋਡ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਅਸੀਂ ਜਸਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ, ਮਨਦੀਪ ਸਿੰਘ ਪੁੱਤਰ ਜਸਵਿੰਦਰ ਸਿੰਘ, ਗੁਰਪ੍ਰੀਤ ਕੌਰ ਪਤਨੀ ਜਸਵਿੰਦਰ ਸਿੰਘ (ਜੋ ਕਿ ਜਸਪਿੰਦਰ ਕੌਰ ਦਾ ਭਰਾ-ਭਰਜਾਈ ਅਤੇ ਭਤੀਜਾ ਹੈ) ਵਾਸੀ ਮਕਾਨ ਨੰਬਰ ਬੀ-2, ਬੀ ਬਲਾਕ, ਗਰੈਂਡ ਇਸਟੇਟ ਕਾਲੋਨੀ ਭਾਈ ਮੰਝ ਰੋਡ ਅੰਮ੍ਰਿਤਸਰ, ਜੋ ਸਾਡੇ ਨਾਲ ਲੜਦੇ-ਝਗੜਦੇ ਰਹਿੰਦੇ ਹਨ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਜਸਬੀਰ ਸਿੰਘ ਪੁੱਤਰ ਅਮਰ ਸਿੰਘ ਅਤੇ ਜਸਪਿੰਦਰ ਕੌਰ ਪਤਨੀ ਜਸਬੀਰ ਸਿੰਘ ਵਾਸੀਆਨ ਐੱਲ-3/8, ਜਸਪਾਲ ਨਗਰ, ਨੇੜੇ ਸਾਬਣ ਵਾਲੀ ਗਲੀ, ਸੁਲਤਾਨਵਿੰਡ ਰੋਡ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਅਸੀਂ ਮਨਪ੍ਰੀਤ ਸਿੰਘ ਪੁੱਤਰ ਗੁਰਵਿੰਦਰ ਸਿੰਘ, ਹਰਪ੍ਰੀਤ ਕੌਰ ਪਤਨੀ ਗੁਰਵਿੰਦਰ ਸਿੰਘ, ਹਰਵਿੰਦਰ ਸਿੰਘ ਪੁੱਤਰ ਜਗਜੀਤ ਸਿੰਘ ਅਤੇ ਗੁਰਮੁੱਖ ਸਿੰਘ ਪੁੱਤਰ ਜਗਜੀਤ ਸਿੰਘ ਵਾਸੀ 3/1195, ਗੁਰਨਾਮ ਨਗਰ, ਸੇਂਟ ਕਬੀਰ ਬਾਜ਼ਾਰ, ਪੀਰਾਂ ਵਾਲਾ ਬਾਜ਼ਾਰ, ਈਸਟ ਗੋਬਿੰਦ ਨਗਰ, ਸੁਲਤਾਨਵਿੰਡ ਰੋਡ ਅੰਮ੍ਰਿਤਸਰ (ਜੋ ਕਿ ਜਸਪਿੰਦਰ ਕੌਰ ਦਾ ਭਰਾ-ਭਰਜਾਈ ਅਤੇ ਭਤੀਜਾ ਹੈ), ਜੋ ਸਾਡੇ ਨਾਲ ਲੜਦੇ-ਝਗੜਦੇ ਰਹਿੰਦੇ ਹਨ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

## PUBLIC NOTICE

I, Puneet Sarang W/o Tajinder Pal Singh R/o M2 706, Smart Homes, Jalandhar Heights 2, Pholriwala, Jalandhar, Punjab declare that Bank Cheques No. 000070, 000071 and 000072 of IDFC First Bank, Netaji Subhash Place, New Delhi in the name of Vidhata Plastic Exports have been lost on Dated 30-04-2026. That I tried a lot to find but I could not find it. That If anyone finds then contact me at above address. All concerned please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

In The Court of
Sh. Abhishek Pathak
Judicial Magistrate-Ist Class - IV Barnala
CNR No.:- PBBR03-003008-2023
Next Date:-19-10-2026
Shri Ram Finance Ltd.
Vs.
Paramjeet Kaur
Detail of offence:-
Notice To:
Paramjeet Kaur
Spouse : Surjit Singh
West Colony, Bajakhana Road, Barnala, Teh. and Distt. Barnala

In above titled case, the accused could not be served. It is ordered that accused should appear in person or through counsel on 19-10-2026 at 10.00 a.m.

For details logon to https://highcourtchd.gov.in/?mod=district_notice&district=barnala.

Judicial Magistrate-Ist Class-IV Barnala
Dated, this day of 21-09-2026

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਦੋਇਮ (ਨਾਇਬ ਤਹਿਸੀਲਦਾਰ) ਬਰੇਟਾ।

ਵਿਸ਼ਾ : ਤਕਸੀਮ ਕੇਸ ਪਿੰਡ ਖੱਤਰੀਵਾਲਾ, ਤਹਿਸੀਲ ਬਰੇਟਾ, ਜ਼ਿਲ੍ਹਾ ਮਾਨਸਾ।

ਧਿਰਾਂ : 1. ਸੁਖਵਿੰਦਰ ਕੌਰ ਪੁੱਤਰੀ ਪ੍ਰੀਤਮ ਸਿੰਘ ਪੁੱਤਰ ਬੀਰ ਸਿੰਘ ਵਾਸੀ ਖੱਤਰੀਵਾਲਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਹਾਲ ਪਤਨੀ ਲੇਟ ਕ੍ਰਿਪਾਲ ਸਿੰਘ ਪੁੱਤਰ ਘੁਮੰਡ ਸਿੰਘ ਵਾਸੀ ਹਮੀਰਗੜ੍ਹ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ 2. ਮਾਇਆ ਕੌਰ ਪੁੱਤਰੀ ਪ੍ਰੀਤਮ ਸਿੰਘ ਪੁੱਤਰ ਬੀਰ ਸਿੰਘ ਵਾਸੀ ਖੱਤਰੀਵਾਲਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਹਾਲ ਪਤਨੀ ਮੁਖਤਿਆਰ ਸਿੰਘ ਪੁੱਤਰ ਘੁਮੰਡ ਸਿੰਘ ਵਾਸੀ ਸੁਨਾਮ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ। ...........ਸਾਇਲਾਨ

ਬਨਾਮ

1. ਬਲਵਿੰਦਰ ਕੌਰ ਵਿਧਵਾ ਜੰਗ ਸਿੰਘ ਪੁੱਤਰ ਬੀਰ ਸਿੰਘ ਵਾਸੀ ਪਿੰਡ ਬਹਾਦਰਪੁਰ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਹਾਲ ਅਬਾਦ ਵਾਸੀ ਪਿੰਡ ਹਰੀਗੜ੍ਹ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ, 2. ਸਰਬਜੀਤ ਕੌਰ ਪੁੱਤਰੀ ਜੰਗ ਸਿੰਘ ਪੁੱਤਰ ਬੀਰ ਸਿੰਘ ਵਾਸੀ ਪਿੰਡ ਬਹਾਦਰਪੁਰ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਹਾਲ ਪਤਨੀ ਨਿਰਮਲ ਸਿੰਘ ਪੁੱਤਰ ਬੱਗੂ ਸਿੰਘ ਵਾਸੀ ਪਿੰਡ ਫਲੇੜਾ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ 3. ਜਸਵੀਰ ਕੌਰ ਪੁੱਤਰੀ ਜੰਗ ਸਿੰਘ ਪੁੱਤਰ ਬੀਰ ਸਿੰਘ ਵਾਸੀ ਬਹਾਦਰਪੁਰ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਹਾਲ ਪਤਨੀ ਮੇਜਰ ਸਿੰਘ ਪੁੱਤਰ ਗੱਜਣ ਸਿੰਘ ਵਾਸੀ ਹਰੀਗੜ੍ਹ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ। ...........ਮਸੂਲਇਲਮ

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ ਉੱਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 29-09-2026 ਨੂੰ ਸਵੇਰੇ 11.00 ਵਜੇ ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਮੁਦਾਇਲਾ ਨੂੰ ਵਿਦਿਤ (ਸੂਚਿਤ) ਕੀਤਾ ਜਾਂਦਾ ਹੈ ਕਿ ਉਕਤ ਤਾਰੀਖ ਪੇਸ਼ੀ 'ਤੇ ਆਪ ਜਾਂ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਹੋਣ, ਨਹੀਂ ਤਾਂ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਇਹ ਇਸ਼ਤਿਹਾਰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਮਿਤੀ 21-09-2026 ਨੂੰ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਦੋਇਮ ਕਮ ਨਾਇਬ ਤਹਿਸੀਲਦਾਰ ਬਰੇਟਾ

ਨੰਬਰ .../ਰੀਡਰ ਮਿਤੀ 21.09.2026

## COURT NOTICE

In the Court of
Sh. Abhishek Pathak
Civil Judge (Junior Division) - III, Barnala
CNR No.:- PBBR02-000436-2026
Next Date:- 07-10-2026
Bank of Baroda
Vs.
Sukhwinder Singh
Publication Issued To:
Sukhwinder Singh
Father: Balvir Singh
Vill. Dasaundha Singh Wala Teh. Malerkotla and Distt. Sangrur 73079-21900

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 07-10-2026 at 10:00 a.m.

For details logon to https://highcourtchd.gov.in/?mod=district_notice&district=Barnala

Civil Judge (Junior Division) - III, Barnala
Dated, this day of 21-09-2026

## COURT NOTICE

In the Court of
Abhishek Pathak
Judicial Magistrate-Ist Class - IV Barnala
CNR No.:- PBBR03-003567-2023
Next Date:-19-10-2026
Shri Ram Finance Ltd.
Vs.
Saurabh Singh Kuntal
Detail of Offence:-
Notice To;
Saurabh Singh Kuntal
Son : Balvir Singh
Dashmesh Nagar, Near Gurdwara Barnala, Teh. and Distt. Barnala

In above titled case, the accused could not be served. It is ordered that accused should appear in person or through counsel on 19-10-2026 at 10.00 a.m.

For details logon to https://highcourtchd.gov.in/?mod=district_notice&district=barnala.

Judicial Magistrate-Ist Class-IV Barnala
Dated, this day of 21-09-2026

## ਨਿਲਾਮੀ ਨੋਟਿਸ

ਦੀ ਸਾਰੰਗਦੇਵ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: ਸਾਰੰਗਦੇਵ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਖੇਤੀਬਾੜੀ ਸੰਦਾਂ ਦੀ ਨਿਲਾਮੀ ਮਿਤੀ 09-10-2026 ਨੂੰ ਸਵੇਰੇ 11.00 ਵਜੇ ਸਭਾ ਦੇ ਦਫਤਰ ਪਿੰਡ ਸਾਰੰਗਦੇਵ ਵਿਖੇ ਕੀਤੀ ਜਾਵੇਗੀ। ਖੇਤੀ ਸੰਦਾਂ ਦਾ ਵੇਰਵਾ (ਹੈਪੀ ਸੀਡਰ 2, ਐਮ. ਬੀ.ਪਲਾਊ - 2, ਮਲਚਰ 2) ਹੋਰ ਜਾਣਕਾਰੀ ਸਭਾ ਦੇ ਸੈਕਟਰੀ ਸ੍ਰੀ ਜਗਬੀਰ ਸਿੰਘ ਮੋਬਾਈਲ ਨੰ: 99140-47949 ਉਪਰ ਫੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/-ਪ੍ਰਧਾਨ
ਦੀ ਸਾਰੰਗਦੇਵ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ:

## ਨਿਲਾਮੀ ਨੋਟਿਸ

ਦੀ ਅਜਨਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਖੇਤੀਬਾੜੀ ਸੰਦਾਂ ਦੀ ਨਿਲਾਮੀ ਮਿਤੀ 12-10-2026 ਨੂੰ ਸਵੇਰੇ 11.00 ਵਜੇ ਸਭਾ ਦੇ ਦਫਤਰ ਅਜਨਾਲਾ ਵਿਖੇ ਕੀਤੀ ਜਾਵੇਗੀ। ਖੇਤੀ ਸੰਦਾਂ ਦਾ ਵੇਰਵਾ (ਟਰੈਕਟਰ 3630 ਫੋਰਡ 1, ਰੋਟਾਵੇਟਰ 1, ਹੈਪੀ ਸੀਡਰ 3, ਐੱਮ.ਬੀ. ਪਲਾਊ 2, ਮਲਚਰ 2, ਜ਼ੀਰੋ ਡਰਿੱਲ 1, ਤਵੀਆਂ ਸੈੱਟ 1, ਜਿੰਦਰਾ 1) ਹੋਰ ਜਾਣਕਾਰੀ ਸਭਾ ਦੇ ਸੈਕਟਰੀ ਸ੍ਰੀ ਗੁਰਵੰਤ ਸਿੰਘ ਮੋਬਾਈਲ ਨੰ: 98554-86141 ਉੱਪਰ ਫੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/-ਪ੍ਰਧਾਨ,
ਦੀ ਅਜਨਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ:

## ਨਿਲਾਮੀ ਨੋਟਿਸ

ਦੀ ਜਸਤਰਵਾਲ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: ਜਸਤਰਵਾਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਖੇਤੀਬਾੜੀ ਸੰਦਾਂ ਦੀ ਨਿਲਾਮੀ ਮਿਤੀ 06-10-2026 ਨੂੰ ਸਵੇਰੇ 11.00 ਵਜੇ ਸਭਾ ਦੇ ਦਫਤਰ ਪਿੰਡ ਜਸਤਰਵਾਲ ਵਿਖੇ ਕੀਤੀ ਜਾਵੇਗੀ। ਖੇਤੀ ਸੰਦਾਂ ਦਾ ਵੇਰਵਾ (ਰੋਟਾਵੇਟਰ 1, ਹੈਪੀ ਸੀਡਰ 2, ਪਲਾਊ 1, ਮਲਚਰ 1, ਸੁਪਰ ਸੀਡਰ 1, ਜ਼ੀਰੋ ਡਰਿੱਲ 1, ਤਵੇ ਹਰੋ 1)। ਹੋਰ ਜਾਣਕਾਰੀ ਸਭਾ ਦੇ ਸੈਕਟਰੀ ਸ੍ਰੀ ਅੰਮ੍ਰਿਤਪਾਲ ਸਿੰਘ ਮੋਬਾਈਲ ਨੰ: 75290-02238 ਉੱਪਰ ਫੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/-ਪ੍ਰਧਾਨ
ਦੀ ਜਸਤਰਵਾਲ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ:

## ਨਿਲਾਮੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਬੁੱਟਰ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਬੁੱਟਰ ਵੱਲੋਂ ਮਿਤੀ 24/09/2026 ਦਿਨ ਵੀਰਵਾਰ ਨੂੰ ਸਵੇਰੇ 10:30 ਵਜੇ ਸਭਾ ਦੇ ਦਫ਼ਤਰ ਵਿੱਚ ਖੇਤੀਬਾੜੀ ਸੰਦਾਂ ਦੀ ਖੁੱਲ੍ਹੀ ਬੋਲੀ ਰੱਖੀ ਗਈ ਹੈ, ਜਿਸ ਵਿੱਚ ਖੇਤੀਬਾੜੀ ਸੰਦ ਜਿਵੇਂ ਟ੍ਰੈਕਟਰ ਜੋਹਨ ਡੀਅਰ 5405 - ਮਾਡਲ 2021, ਰੋਟਾਵੇਟਰ 7 ਫੁੱਟ, ਹੈਪੀ ਸੀਡਰ, ਬਿਜਾਈ ਮਸ਼ੀਨ, ਪਲੋਅ ਹਲ , DSR (ਝੋਨੇ ਦੀ ਬਿਜਾਈ ਮਸ਼ੀਨ) ਅਤੇ ਸੁਪਰ ਸੀਡਰ 8 ਫੁੱਟ ਆਦਿ ਨਿਲਾਮ ਕੀਤੇ ਜਾਣਗੇ। ਜਿਸ ਵਿੱਚ ਸੰਦਾਂ ਦੇ ਰੇਟ ਮੌਕੇ 'ਤੇ ਦੱਸੇ ਜਾਣਗੇ। ਚਾਹਵਾਨ ਸੱਜਣ ਮੌਕੇ 'ਤੇ 5000/- ਸਕਿਉਰਿਟੀ ਜਮ੍ਹਾਂ ਕਰਵਾ ਕੇ ਖੁੱਲ੍ਹੀ ਬੋਲੀ ਰਾਹੀਂ ਨਿਲਾਮੀ ਵਿਚ ਭਾਗ ਲੈ ਸਕਦੇ ਹਨ।

ਸਕੱਤਰ 9855947941 ਪ੍ਰਧਾਨ 9855438668

## ਦੀ ਭੱਦਮ ਜਦੀਦ ਕੋ-ਆਪ੍ਰੇਟਿਵ ਐਗਰੀ. ਮਲਟੀਪਰਪਜ਼ ਸੁਸਾਇਟੀ ਲਿਮ., ਭੱਦਮ, ਤਹਿ. ਸ਼ਾਹਕੋਟ, ਜ਼ਿਲ੍ਹਾ ਜਲੰਧਰ

ਦੀ ਭੱਦਮ ਜਦੀਦ C.A.M.P. S LD ਭੱਦਮ ਵਿਖੇ ਪੁਰਾਣੇ ਖੇਤੀਬਾੜੀ ਸੰਦਾਂ ਦੀ ਨਿਲਾਮੀ ਮਿਤੀ 01.10.2026 ਨੂੰ ਸਵੇਰੇ 10.00 ਵਜੇ ਸਭਾ ਦੇ ਦਫ਼ਤਰ ਵਿਚ ਹੋਵੇਗੀ। ਜਿਸ ਵਿਚ : ਹੈਪੀ ਸੀਡਰ -2, ਜ਼ੀਰੋ ਡਰਿੱਲ-1 ਅਤੇ ਚੋਪਰ ਦੀ ਨਿਲਾਮੀ ਕੀਤੀ ਜਾਵੇਗੀ। ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਪ੍ਰਧਾਨ ਪਰਮਜੀਤ ਸਿੰਘ 96461-88221
ਸਕੱਤਰ ਹਰਜਿੰਦਰ ਸਿੰਘ 94649-71818

## ਪਬਲਿਕ ਨੋਟਿਸ

ਬਾ-ਅਦਾਲਤ ਸ੍ਰੀ ਮਨਮੋਹਨ ਸਿੰਘ ਨਾਇਬ ਤਹਿਸੀਲਦਾਰ- ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ।

ਕੇਸ ਅਨੁਵਾਨ: ਲਖਬੀਰ ਸਿੰਘ ਬਨਾਮ ਬੰਤਾ ਸਿੰਘ ਵਾਕਿਆ : ਪਿੰਡ ਵਿਰਕ ਹਬ 421 ਤਕਸੀਮ : ਕਿਸਮ ਕੇਸ

ਦਰਖਾਸਤ ਬਰਾਏ ਤਕਸੀਮ ਅਧੀਨ ਧਾਰਾ 111 ਆਫ ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕਨਾਲ ਮਰਲੇ, ਖੇਵਟ ਨੰ. 7 ਖਤੌਨੀ 17 ਤੋਂ 31 ਖਸਰਾ ਨੰਬਰ 4//15, 16, 17, 23, 24, 25, 5//11/2, 19, 20, 21, 22/1, 23/1, 11//5, 13//21, 14//2, 23, 24, 25, 15//2, 3, 4, 5, 6, 7, 8 ਮਿੰਨ ਪਹਾੜ 9/2, 16//1, 2, 16//3, 9, 10, 12, 19, 22, 15//12/1, 14, 15, 16//11, 20, 21, 11//3/2/2, 4/2, 15/1, 15/2, 14/2, 16/2, 15//6/2, 17/1, 9/1, 12, 16//13, 18, 11//6, 7, 8/1, 3/2/1, 4/1, 17/1, 15//17/2, 24, 11//15 ਮਿੰਨ 15/16/1, 25 ਮਿੰਨ, 15//8, 25 ਮਿੰਨ ਪਹਾੜ 13/2 ਜਮ੍ਹਾਂਬੰਦੀ ਸਾਲ 2021-22 ਵਾਕਿਆ ਪਿੰਡ ਵਿਰਕ ਹ.ਬ 421 ਤਹਿਸੀਲ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ।

ਉਕਤ ਅਨੁਵਾਨ ਕੇਸ ਵਿੱਚ ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਹੇਠ ਲਿਖੇ ਉੱਤਰਵਾਦੀਆਂ ਦੀ ਇਤਲਾਹ ਸਾਧਾਰਨ ਤਰੀਕੇ ਨਾਲ ਹੋਣੀ ਸੰਭਵ ਨਹੀਂ ਹੈ। ਇਸ ਨੋਟਿਸ ਦੇ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਅਨੁਵਾਨ ਕੇਸ ਨੂੰ ਲੈ ਕੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਤਾਰੀਖ ਪੇਸ਼ੀ, 13/10/2026 ਨੂੰ ਅਸਾਲਤਨ ਜਾਂ ਵਕਾਲਤਨ ਹਾਜ਼ਰ ਹੋ ਕੇ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ, ਬਾਅਦ ਵਿੱਚ ਕੋਈ ਉਜ਼ਰ/ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਇਹ ਨੋਟਿਸ ਅੱਜ ਮਿਤੀ 17/9/2026 ਨੂੰ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਹੇਠ ਜਾਰੀ ਕੀਤਾ ਗਿਆ।

ਨੰਬਰ : 453 ਮਿਤੀ 17.09.26 ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਕਲਾਨੌਰ।

1. Lakhbir Singh S/o Gurdial Singh resident of Village Virk, Tehsil Kalanaur, Disttict Gurdaspur

Versus

1. Banta Singh S/o Sunder Singh 2. Amarjit Kaur widow of Ajit Singh 3. Surjit Kaur widow of Dalbir Singh 4. Amrik Kaur wife of Gurmej Singh 5. Parminder Singh S/o Nirmal Singh 6. Parambir Singh S/o Sucha Singh 7. Gurdev Singh S/o Dalbir Singh 8. Sukhwinder Singh S/o Mohan Singh 19. Jagmohan Singh S/o Baldev Singh 10. Gurmit Singh S/o Dhara Singh 11.Arjun Singh s/o Mehal Singh 12. Jagir Kaur widow of Mehal Singh 13. Datinder Singh S/o Mehal Singh 14.Sukhpreet Singh S/o Gurdip Singh 15. Amritpreet Singh S/o Tehal Singh 16. Sukhmanpreet Singh S/o Gehal Singh 17. Harmanpreet Singh 18.Darshan Singh S/o Labh Singh 19. Yadwinder Singh 20. Amarbir Singh sons of Santokh Singh 21.Chanan Singh S/o Labh Singh 22. Mittermaan Singh S/o Pritam Singh 23.Rachhpal Singh s/o Balkar Singh 24. Baljinder Singh 25. Sukhjinder Singh sons of Jagtar Singh 26. Major Singh S/o Balkar Singh 27. Kashmir Singh 28. Lakhbir Singh 29. Prithipal Singh sons of Pritam Singh 30. Pardeep Singh 31. Jagjit Singh sons of Mahinder Singh 32. Amrik Singh 33. Harpal Singh S/o Shangara Singh 34. Darabara Singh S/o Baldev Singh 35. Jaspal Singh 36. Jagtar Singh 37. Balkar Singh sons of Pritam Singh 38. Shamsher Singh S/o Kashmir Singh 39. Jasbir Kaur widow of Kashmir Singh 40. Karambir Kaur w/o Pardeep Singh 41. Rajwant Kaur w/o Sukhpreet Singh, All are the residents of Village Virk, Tehsil Kalanaur.

## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਨਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਲੜੀ ਨੰਬਰ | ਕੈਟਲਾਗ ਨੰਬਰ | ਕੰਮ ਦਾ ਨਾਮ |
|---|---|---|
| ਈ-ਨੀਲਾਮੀ ਦੀ ਮਿਤੀ : 29.09.2026 | | |
| 1 | EAFZR-ACWR26-1 | ਜਲੰਧਰ ਛਾਉਣੀ ਰੇਲਵੇ ਸਟੇਸ਼ਨ ਤੇ ਏਸੀ ਵੇਟਿੰਗ ਰੂਮ/ਹਾਲ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਠੇਕੇ ਦਾ ਅਲਾਟਮੈਂਟ। |
| 2 | EAFZR-ADVT26-22 | ਜਾਲੰਧਰ ਸ਼ਹਿਰ ਰੇਲਵੇ ਸਟੇਸ਼ਨ/ਪਰਿਸਰ ਵਿਚ 5 ਪਾਣੀ ਦੇ ਟੈਂਕਾਂ ਦੇ ਓਵਰਹੇਡਸ ਦੇ ਬਾਹਰੀ ਹਿਸੇ ਤੇ ਵਾਨਿਜਕ ਵਿਗਿਆਪਨ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। |
| ਈ-ਨੀਲਾਮੀ ਦੀ ਮਿਤੀ : 30.09.2026 | | |
| 3 | EAFZR-MPS26-7 | ਅੰਮ੍ਰਿਤਸਰ, ਜਾਲੰਧਰ ਸ਼ਹਿਰ ਅਤੇ ਫਿਰੋਜਪੁਰ ਛਾਉਣੀ ਰੇਲਵੇ ਸਟੇਸ਼ਨ 'ਤੇ ਬਹੁਉਦੇਸ਼ੀ ਸਟਾਲ (ਐਮਪੀਐਸ) ਦਾ ਠੇਕੇ ਦਾ ਅਲਾਟਮੈਂਟ। |
| ਈ-ਨੀਲਾਮੀ ਦੀ ਮਿਤੀ : 06.10.2026 | | |
| 4 | EAFZR-ADVT26-24 | ਟ੍ਰੇਨ ਨੰਬਰ 22488/22487 ਵੰਦੇ ਭਾਰਤ ਐਕਸਪ੍ਰੈਸ ਦੇ ਸਾਰੇ ਡੱਬਿਆਂ ਵਿਚ ਫੈਕਟਰੀ ਫਿਟੇਡ ਐਲਈਡੀ ਟੀਵੀ ਸਕ੍ਰੀਨ ਦੇ ਮਾਧਿਅਮ ਨਾਲ ਵਾਨਿਜਕ ਇਸ਼ਤਿਹਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। |
| 5 | EAFZR-TSV26-1 | ਟ੍ਰੇਨ ਨੰਬਰ 14654/14643 (ਅੰਮ੍ਰਿਤਸਰ-ਹਿਸਾਰ-ਅੰਮ੍ਰਿਤਸਰ) ਅਤੇ 14616/15 (ਅੰਮ੍ਰਿਤਸਰ-ਲਾਲ ਕੂੰਆਂ-ਅੰਮ੍ਰਿਤਸਰ) ਵਿਚ ਵਖ-ਵਖ ਖਾਨਪਾਨ ਵਸਤੂਆਂ ਦੇ ਟ੍ਰੇਨ ਸਾਈਡ ਵੇਂਡਿੰਗ (ਟੀਐਸਬੀ ਦੇ ਲਈ ਠੇਕੇ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਨੰ. NR-FZR0COML(NFR)/18/2024 ਤਾਰੀਕ : 17.09.2026 3274/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## PUNJAB NATIONAL BANK

B/O:- Machhiwara. DISTT. LUDHIANA, Punjab. Email:-bo814102@pnb.co.in

### ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 (2002 ਦੇ ਐਕਟ ਨੰ. 54) ਅਧੀਨ ਪੰਜਾਬ ਨੈਸ਼ਨਲ ਬੈਂਕ ਲੁਧਿਆਣਾ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ/ਗਰੰਟਰਾਂ ਨੂੰ ਹੇਠਾਂ ਦਰਸਾਈ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ (ਭੌਤਿਕ/ਸੰਕੇਤਕ) ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਮਾਛੀਵਾੜਾ, ਲੁਧਿਆਣਾ ਨੂੰ ਹੇਠਾਂ ਦਰਸਾਈ ਕੁੱਲ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਦਾ ਹੱਕਦਾਰ ਬਣਾਵੇਗਾ।

ਉਪਲਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) : 1. ਸ੍ਰੀਮਤੀ ਜਿਓਤੀ ਪਤਨੀ ਸਵ. ਸ੍ਰੀ ਮਨੋਹਰ ਲਾਲ #ਕਲਗੀਧਰ ਕਲੋਨੀ, ਨੇੜੇ ਚਰਨ ਕੰਵਲ ਗੁਰਦੁਆਰਾ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ 2. ਗੌਰਵ ਪੁੱਤਰ ਸਵ. ਸ੍ਰੀ ਮਨੋਹਰ ਲਾਲ #ਕਲਗੀਧਰ ਕਲੋਨੀ, ਨੇੜੇ ਚਰਨ ਕੰਵਲ, ਗੁਰਦੁਆਰਾ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ। 3. ਮਕੁਲ ਕੁਮਾਰ ਪੁੱਤਰ ਸਵ. ਮਨੋਹਰ ਲਾਲ #ਕਲਗੀਧਰ ਕਲੋਨੀ, ਨੇੜੇ ਚਰਨ ਕੰਵਲ, ਗੁਰਦੁਆਰਾ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ। 4. ਸਵ. ਸ੍ਰੀ ਮਨੋਹਰ ਲਾਲ (ਸਹਿ-ਕਰਜ਼ਦਾਰ) ਦਾ ਹੋਰ ਕੋਈ ਕਾਨੂੰਨੀ ਵਾਰਿਸ। | ਰਿਹਾਇਸ਼ੀ ਜਾਇਦਾਦ ਦਾ ਉਚਿਤ ਗਿਰਵੀਨਾਮਾ, ਜੋ ਕਿ ਰਕਬਾ 3 ਮਰਲੇ, ਕੁੱਲ ਜ਼ਮੀਨ ਰਕਬਾ 8 ਕਨਾਲ ਦਾ 3/160 ਹਿੱਸਾ, ਖੇਵਟ ਨੰ. 557, ਖਤੌਨੀ ਨੰ. 616, ਕਿੱਲਾ ਨੰ. 87//19 (8-0), ਜਮ੍ਹਾਂਬੰਦੀ ਸਾਲ 2011-12 ਹੱਦਬਸਤ ਨੰ. 75, ਮਾਛੀਵਾੜਾ II, ਵਿਖੇ ਸਥਿਤ, ਜ਼ਿਲ੍ਹਾ ਲੁਧਿਆਣਾ, ਬੈਨਾਮਾ ਵਸੀਕਾ ਨੰ. 265 ਮਿਤੀ 06/07/2015 ਅਨੁਸਾਰ ਸ੍ਰੀ ਮਨੋਹਰ ਲਾਲ ਪੁੱਤਰ ਸ੍ਰੀ ਪਿਆਰੇ ਲਾਲ ਦੇ ਨਾਂਅ। ਹੱਦਾਂ ਹੇਠ ਅਨੁਸਾਰ : ਪੂਰਬ : ਪਲਾਟ ਗੜ੍ਹੀ ਵਾਲੇ, ਪੱਛਮ : ਰਸਤਾ ਸ਼ਿਵ ਕੁਮਾਰ, ਉੱਤਰ : ਰਸਤਾ, ਦੱਖਣ : ਸ਼ਿਵ ਕੁਮਾਰ ਦਾ ਮਕਾਨ। | 14-07.2026 | 21.09.2026 | ਸੰਕੇਤਕ ਕਬਜ਼ਾ; 07.07.2026 ਨੂੰ ਰੁਪਏ 7,86,256.68/- (ਸੱਤ ਲੱਖ ਛਿਆਸੀ ਹਜ਼ਾਰ ਦੋ ਸੌ ਛਪੰਜਾ ਰੁਪਏ ਅਤੇ ਅਠਾਹਠ ਪੈਸੇ ਕੇਵਲ) ਜਮ੍ਹਾਂ ਇਸ 'ਤੇ ਮਿਤੀ 08.07.2026 ਤੋਂ ਅਗਲਾ ਵਿਆਜ, ਹੋਰ ਚਾਰਜਿਜ਼ ਅਤੇ ਖਰਚੇ। |

ਮਿਤੀ : 21.09.2026 ਸਥਾਨ : ਮਾਛੀਵਾੜਾ ਅਧਿਕਾਰਤ ਅਫ਼ਸਰ

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ: - 156-2026-27-ADEN-I-ASR & 157-2026-27-SrDEN-III-FZR ਤਾਰੀਕ : 21.09.2026

ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਟਾਈਟਲ ਵਾਲੀ ਖੁਲ੍ਹੀ ਈ-ਟੈਂਡਰਾਂ ਦੀ ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਅਤੇ ਜਿਨ੍ਹਾਂ ਦੇ ਬੰਦ ਹੋਣ ਦੀ ਮਿਤੀ 12.10.2026 ਦੁਪਹਿਰ15:00 ਵਜੇ ਤਕ ਹੈ।ਨਿਵਿਦਾਕਰਤਾ ਕੇਵਲ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਆਪਣੇ ਮੂਲ/ਸੰਸ਼ੋਧਿਤ ਨਿਵਿਦਾਵਾਂ ਪੇਸ਼ ਕਰ ਸਕਦੇ ਹਨ।। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਇਸ ਨਿਵਿਦਾ ਦੇ ਲਈ ਨਿਵਿਦਾ ਫਾਰਮ ਫੀਸ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ www.ireps.gov.in. ਲਾਗ ਇਨ ਕਰੋ

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 18.09.2026 | 28.09.2026 | 12.10.2026 15:00 ਵਜੇ |

| ਲ.ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 156-2026-27-ADEN-I-ASR | ਬੀ.ਐਸ.ਐਸ ਨੂੰ ਖਤਮ ਕਰਨਾ ਅਤੇ ਵੈਗਨਾਂ ਦੀ ਸਿਟ੍ਰਪਿੰਗ ਦੇ ਲਈ 17 ਮੀ. x 80 ਮੀ. ਆਕਾਰ ਦੇ ਵਿਸ਼ੇਸ਼ ਸ਼ੇਡ ਦੀ ਉਸਾਰੀ ਕਰਨਾ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 31296254.83 | 625900.00 | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ - "ਸਟੀਲ ਫੈਬ੍ਰਿਕੇਸ਼ਨ ਦਾ ਕੋਈ ਵੀ ਕੰਮ ਜਾਂ ਫੁਟ ਓਵਰ ਬ੍ਰਿਜ ਜਾਂ ਪਲੇਟਫਾਰਮ (ਪੀਐਫ) ਸ਼ੇਲਟਰ ਜਾਂ ਇੰਡਸਟ੍ਰੀਅਲ ਸ਼ੇਡ ਦਾ ਫੈਬ੍ਰਿਕੇਸ਼ਨ ਅਤੇ ਇਰੀਕੇਸ਼ਨ ਕੰਮ।" | | | |
| 2 | 157-2026-27-SrDEN-III-FZR | ਫਸਟ ਸਹਾਇਕ ਮੰਡਲ ਇੰਜੀਨੀਅਰ/ਅੰਮ੍ਰਿਤਸਰ ਅਤੇ ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਦੇ ਅਨੁਭਾਗ (ਸੈਕਸ਼ਨ) ਵਿਚ ਸੇਸ ਤੇ ਗਿਟੀ (ਬੈਲਾਸਟ) ਦੀ ਸਪਲਾਈ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 13500926.87 | 270000.00 | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਰੇਲਵੇ/ਹਾਈਵੇ/ਸੜਕਾਂ ਦੇ ਲਈ ਮਸ਼ੀਨ ਨਾਲ ਕੁਚਲੇ ਹੋਏ ਪੱਥਰ ਦੇ ਗਿਟੀ ਦੀ ਸਪਲਾਈ"। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

3266/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ਵੱਲੋਂ ਕਵੀ ਦਰਬਾਰ ਯਾਦਗਾਰੀ ਹੋ ਨਿੱਬੜਿਆ

**ਦਸੂਹਾ (ਕਰਨੈਲ ਮਾਂਗਟ)**: ਪੰਜਾਬੀ ਜ਼ੁਬਾਨ ਦੇ ਮਹਾਨ ਕਹਾਣੀਕਾਰ ਲਾਲ ਸਿੰਘ ਦਸੂਹਾ ਦੀ ਯਾਦ ਨੂੰ ਸਮਰਪਿਤ ਗਠਿਤ ਕੀਤੇ ਗਏ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ਵੱਲੋਂ ਆਪਣਾ ਪਲੇਠਾ ਆਨਲਾਈਨ ਕਵੀ ਦਰਬਾਰ ਬੜੇ ਉਤਸ਼ਾਹ, ਸਾਹਿਤਕ ਗੰਭੀਰਤਾ ਅਤੇ ਪੰਜਾਬੀਅਤ ਦੀ ਭਾਵਨਾ ਨਾਲ ਕਰਵਾਇਆ ਗਿਆ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਸਮਰਪਿਤ ਇਸ ਕਵੀ ਦਰਬਾਰ ਵਿੱਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਜੁੜੇ ਨਾਮਵਰ ਕਵੀਆਂ ਅਤੇ ਸ਼ਾਇਰਾਂ ਨੇ ਆਪਣੀਆਂ ਨਜ਼ਮਾਂ, ਗ਼ਜ਼ਲਾਂ ਅਤੇ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਸਾਹਿਤਕ ਰੰਗ ਵਿੱਚ ਰੰਗ ਦਿੱਤਾ। ਕਵੀ ਦਰਬਾਰ ਦੀ ਸ਼ੁਰੂਆਤ ਮੰਚ ਦੇ ਪ੍ਰਧਾਨ ਅਮਰਜੀਤ ਸਿੰਘ ਦਸੂਹਾ ਨੇ ਸਮੂਹ ਸਾਹਿਤਕਾਰਾਂ, ਸ਼ਾਇਰਾਂ ਅਤੇ ਸਰੋਤਿਆਂ ਦਾ ਸਵਾਗਤ ਕਰਦਿਆਂ ਧੰਨਵਾਦ ਕੀਤਾ। ਉਨ੍ਹਾਂ ਕਿ ਲਾਲ ਸਿੰਘ ਦਸੂਹਾ ਨੇ ਆਪਣੀ ਕਲਮ ਰਾਹੀਂ ਪੰਜਾਬੀ ਕਹਾਣੀ ਨੂੰ ਵਿਲੱਖਣ ਪਹਿਚਾਣ ਦਿੱਤੀ ਅਤੇ ਉਨ੍ਹਾਂ ਦੀ ਯਾਦ ਵਿੱਚ ਬਣਿਆ ਇਹ ਮੰਚ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਨਾਲ ਜੁੜੇ ਰਚਨਾਕਾਰਾਂ ਨੂੰ ਇੱਕ ਸਾਂਝੇ ਮੰਚ ਉੱਤੇ ਇਕੱਠਾ ਕਰਨ ਲਈ ਨਿਰੰਤਰ ਯਤਨ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਦੀਆਂ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਣਾ ਮੰਚ ਦਾ ਮੁੱਖ ਉਦੇਸ਼ ਹੈ। ਕਵੀ ਦਰਬਾਰ ਦਾ ਮੰਚ ਸੰਚਾਲਨ ਪ੍ਰਸਿੱਧ ਸ਼ਾਇਰ ਅਮਰਜੀਤ ਖਾਕ ਅਤੇ ਗੁਰਿੰਦਰ ਸਫ਼ਰੀ ਨੇ ਬੜੇ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਦੋਵਾਂ ਸੰਚਾਲਕਾਂ ਨੇ ਆਪਣੀ ਸ਼ਾਇਰਾਨਾ ਪੇਸ਼ਕਾਰੀ ਨਾਲ ਕਵੀ ਦਰਬਾਰ ਨੂੰ ਲਗਾਤਾਰ ਰੌਚਕ ਬਣਾਈ ਰੱਖਿਆ ਅਤੇ ਹਰ ਸ਼ਾਇਰ ਨੂੰ ਆਪਣੀ ਰਚਨਾ ਪੇਸ਼ ਕਰਨ ਲਈ ਸੁਚੱਜਾ ਮੰਚ ਪ੍ਰਦਾਨ ਕੀਤਾ। ਇਸ ਆਨਲਾਈਨ ਕਵੀ ਦਰਬਾਰ ਵਿੱਚ [illegible] ਨੀਲਮ ਭਗਤ, ਹੁਸ਼ਿਆਰਪੁਰ ਤੋਂ ਰਾਜ ਕੁਮਾਰ ਘਸੀਉਰੀਆਂ, ਪ੍ਰਸਿੱਧ ਗ਼ਜ਼ਲਗੋ ਸਿਮਰ ਜੋਗਾਂਵਾਲ, ਹਾਜੀਪੁਰ ਤੋਂ [illegible], ਰਜਿੰਦਰ ਪੰਨਵਾਂ, ਅਮਰਜੀਤ ਖਾਕ, ਗੁਰਿੰਦਰ ਸਫ਼ਰੀ ਅਤੇ ਮੰਚ ਦੇ ਪ੍ਰਧਾਨ ਅਮਰਜੀਤ ਸਿੰਘ ਦਸੂਹਾ ਸਮੇਤ ਕਈ ਕਵੀਆਂ ਅਤੇ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ। ਸਾਰੇ ਰਚਨਾਕਾਰਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਪੰਜਾਬ ਦੀ ਮਿੱਟੀ, ਪੰਜਾਬੀ ਬੋਲੀ, ਪੰਜਾਬੀ ਸੱਭਿਆਚਾਰ, ਮਨੁੱਖੀ ਰਿਸ਼ਤਿਆਂ, ਸਮਾਜਿਕ ਸਰੋਕਾਰਾਂ ਅਤੇ ਸਮੇਂ ਦੀਆਂ ਹਕੀਕਤਾਂ ਨੂੰ ਆਪਣੀ ਕਲਮ ਦਾ ਵਿਸ਼ਾ ਬਣਾਇਆ। ਕਵੀਆਂ ਵੱਲੋਂ ਪੇਸ਼ ਕੀਤੀਆਂ ਨਜ਼ਮਾਂ, ਗ਼ਜ਼ਲਾਂ ਅਤੇ ਗੀਤਾਂ ਨੇ ਸਰੋਤਿਆਂ ਨੂੰ ਕਦੇ ਭਾਵੁਕ ਕੀਤਾ ਤੇ ਕਦੇ ਪੰਜਾਬੀਅਤ ਦੇ ਜਜ਼ਬੇ ਨਾਲ ਭਰ ਦਿੱਤਾ। ਅੰਤ ਵਿੱਚ ਮੰਚ ਦੇ ਪ੍ਰਧਾਨ ਅਮਰਜੀਤ ਸਿੰਘ ਦਸੂਹਾ ਵੱਲੋਂ ਕਵੀ ਦਰਬਾਰ ਵਿੱਚ ਸ਼ਾਮਲ ਹੋਏ ਸਮੂਹ ਕਵੀਆਂ, ਸ਼ਾਇਰਾਂ, ਸਾਹਿਤਕਾਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ਭਵਿੱਖ ਵਿੱਚ ਵੀ ਪੰਜਾਬੀ ਸਾਹਿਤ ਅਤੇ ਪੰਜਾਬੀਅਤ ਨੂੰ ਸਮਰਪਿਤ ਅਜਿਹੇ ਸਾਰਥਕ ਉਪਰਾਲੇ ਜਾਰੀ ਰੱਖੇਗਾ।



# ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ, ਇੰਡੀਆ ਨੇ ਚੰਦ ਫ਼ਤਿਹਪੁਰੀ ਦੇ ਵਿਛੋੜੇ ਨੂੰ ਪੰਜਾਬੀ ਪੱਤਰਕਾਰੀ ਲਈ ਵੱਡਾ ਘਾਟਾ ਦੱਸਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- 'ਨਵਾਂ ਜ਼ਮਾਨਾ' ਦੇ ਸੰਪਾਦਕ, ਉੱਘੇ ਪੱਤਰਕਾਰ ਅਤੇ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੇ ਸੀਨੀਅਰ ਆਗੂ ਕਾਮਰੇਡ ਚੰਦ ਫ਼ਤਿਹਪੁਰੀ ਦੇ ਅਕਾਲ ਚਲਾਣਾ ਕਰ ਜਾਣ ਤੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ:) ਪੰਜਾਬ, ਇੰਡੀਆ ਦੇ ਕੌਮੀ ਜਨਰਲ ਸਕੱਤਰ ਵਿਨੋਦ ਕੌਸ਼ਲ, ਕੌਮੀ ਵਧੀਕ ਜਨਰਲ ਸਕੱਤਰ ਤਰਸੇਮ ਦੀਵਾਨਾ, ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ, ਸੂਬਾ ਜਨਰਲ ਸਕੱਤਰ ਅਮਰਜੀਤ ਸਿੰਘ ਜੀਤ, [illegible] ਜ਼ਿਲ੍ਹਾ ਪ੍ਰਧਾਨ [illegible] ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀ। ਉਪਰੋਕਤ ਆਗੂਆਂ ਨੇ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਨਵਾਂ ਜ਼ਮਾਨਾ ਅਖ਼ਬਾਰ ਦੇ ਸੰਪਾਦਕ ਚੰਦ ਫ਼ਤਿਹਪੁਰੀ ਦਾ ਨਾਮ ਮੁਹਰਲੀ ਕਤਾਰ ਵਿੱਚ ਆਉਂਦਾ ਸੀ। ਪੰਜਾਬ ਦੇ ਅਜਿਹੇ ਪੱਤਰਕਾਰ ਸਨ ਜਿਨ੍ਹਾਂ ਨੇ ਹਮੇਸ਼ਾ ਲੋਕ ਪੱਖੀ, ਤਰਕਸ਼ੀਲ ਅਤੇ ਜੁਝਾਰੂ ਪੱਤਰਕਾਰਤਾ ਨੂੰ ਪਹਿਲ ਦਿੱਤੀ। ਉਨ੍ਹਾਂ ਕਿਹਾ ਕਿ ਕਾਮਰੇਡ ਚੰਦ ਫ਼ਤਿਹਪੁਰੀ ਨੇ ਲੰਮੇ ਸਮੇਂ ਤੱਕ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਈ। 'ਨਵਾਂ ਜ਼ਮਾਨਾ' ਅਖ਼ਬਾਰ ਨਾਲ ਉਨ੍ਹਾਂ ਦਾ ਲੰਮਾ ਅਤੇ ਗਹਿਰਾ ਸਬੰਧ ਰਿਹਾ ਅਤੇ ਸੰਪਾਦਕ ਵਜੋਂ ਉਨ੍ਹਾਂ ਨੇ ਅਖ਼ਬਾਰ ਦੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਆਪਣੀ ਲਿਖਤ ਰਾਹੀਂ ਉਨ੍ਹਾਂ ਨੇ ਲੋਕਾਂ ਦੇ ਦੁੱਖ-ਦਰਦ, ਸਮਾਜਕ ਸਰੋਕਾਰਾਂ ਅਤੇ ਆਮ ਲੋਕਾਂ ਦੇ ਹੱਕਾਂ ਨਾਲ ਜੁੜੇ ਸਵਾਲਾਂ ਨੂੰ ਆਵਾਜ਼ ਦਿੱਤੀ। ਖੱਬੀ ਲਹਿਰ ਨਾਲ ਜੁੜੇ ਇੱਕ ਸਰਗਰਮ ਆਗੂ ਵਜੋਂ ਵੀ ਉਨ੍ਹਾਂ ਦੀ ਲੰਮੀ ਭੂਮਿਕਾ ਰਹੀ। ਉਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਪੱਤਰਕਾਰੀ ਅਤੇ ਲੋਕ-ਪੱਖੀ ਜਨਤਕ ਜੀਵਨ ਵਿੱਚ ਇੱਕ ਅਜਿਹੀ ਆਵਾਜ਼ ਦਾ ਵਿਛੋੜਾ ਹੋਇਆ ਹੈ, ਜਿਸ ਦੀ ਘਾਟ ਸਦਾ ਮਹਿਸੂਸ ਹੁੰਦੀ ਰਹੇਗੀ। ਉਨ੍ਹਾਂ ਕਾਮਰੇਡ ਚੰਦ ਫ਼ਤਿਹਪੁਰੀ ਦੇ ਪਰਿਵਾਰ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ 'ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ, ਇੰਡੀਆ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਉਨ੍ਹਾਂ ਦੇ ਪਰਿਵਾਰ ਦੇ ਨਾਲ ਖੜੇ ਹਨ।

# ਫ਼ਾਸ਼ੀ ਹਮਲਿਆਂ ਖ਼ਿਲਾਫ਼ 26 ਦੀ ਮੋਗਾ ਰੈਲੀ ਦੀ ਤਿਆਰੀਆਂ ਜਾਰੀ

**ਕਰਤਾਰਪੁਰ (ਹਰਮੇਸ਼ ਵੱਟ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਵਲੋਂ ਭਾਜਪਾ - ਆਰ ਐਸ ਐਸ ਦੇ ਫਾਸ਼ੀ ਹਮਲਿਆਂ ਖ਼ਿਲਾਫ਼ 26 ਸਤੰਬਰ ਨੂੰ ਦਾਣਾ ਮੰਡੀ ਮੋਗਾ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਵਿਸ਼ਾਲ ਰੈਲੀ ਦੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਤਿਆਰੀਆਂ ਵਜੋਂ ਪਾਤਾ ਪਿੰਡ, ਮੁਰੀਦਪੁਰ, ਬੁਲਾ, ਧੀਰਪੁਰ ਆਦਿ ਪਿੰਡਾਂ 'ਚ ਜਾਗੋ ਕੱਢੀ ਗਈ ਅਤੇ ਘੁੱਗਸ਼ੋਰ, ਭੁੱਲਰ ਪਿੰਡ ਛੋਟਾ ਪਿੰਡ ਆਦਿ ਵਿਖੇ ਮੀਟਿੰਗਾਂ, ਰੈਲੀਆਂ ਕਰਕੇ ਕਿਰਤੀਆਂ ਕਾਮਿਆਂ ਨੂੰ ਰੈਲੀ ਲਈ ਲਾਮਬੰਦ ਕੀਤਾ ਗਿਆ। ਇਸ ਮੌਕੇ ਪਾਰਟੀ ਆਗੂ ਕਾਮਰੇਡ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਭਾਜਪਾ-ਆਰ ਐਸ ਐਸ ਦੀ ਮੋਦੀ ਸਰਕਾਰ ਦੇਸ਼ ਦਾ ਸੰਵਿਧਾਨ ਅਤੇ ਜਮਹੂਰੀਅਤ ਖ਼ਤਮ ਕਰਕੇ ਦੇਸ਼ ਵਿਚ ਤਾਨਾਸ਼ਾਹੀ ਥਿਆਉਣਾ ਚਾਹੁੰਦੀ ਹੈ। ਇਸ ਲਈ ਸਰਕਾਰ ਨੀਤੀਆਂ ਦੀ ਆਲੋਚਨਾ ਕਰਨ ਵਾਲਿਆਂ ਨੂੰ ਦਬਾਇਆ ਜਾ ਰਿਹਾ ਹੈ। ਨਿੱਤ ਨਵੇਂ ਨਵੇਂ ਕਾਲੇ ਕਾਨੂੰਨ ਘੜੇ ਜਾ ਰਹੇ ਹਨ, ਵਿਰੋਧੀਆਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। ਦੇਸ਼ ਦੇ ਸੰਵਿਧਾਨ ਦੀ ਮਰਿਆਦਾ ਨੂੰ ਢਾਹ ਹੀ ਤਾਰ ਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਭਾਜਪਾ ਖ਼ਿਲਾਫ਼ ਪ੍ਰਭੰਧਕੀ ਬੋਰਡ ਦਾ ਪ੍ਰਬੰਧ ਪੰਜਾਬ ਹਵਾਲੇ ਕਰਨ, ਚੰਡੀਗੜ੍ਹ ਪੰਜਾਬ ਨੂੰ ਦੇਣ, ਸਾਰੇ ਸਿਆਸੀ ਕਾਰਕੁਨਾਂ ਅਤੇ ਸਿੱਖਾਂ ਸਮੇਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ, ਯੂ ਏ ਪੀ ਏ, ਐਨਐਸਏ ਅਤੇ ਹੋਰ ਕਾਲੇ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾਂ ਮੋਗਾ ਰੈਲੀ ਵਿੱਚ ਮਿਹਨਤੀ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਯੂਥ ਵਿੰਗ ਦੇ ਆਗੂ ਗੁਰਪ੍ਰੀਤ ਸਿੰਘ ਚੀਦਾ, ਯੂਨੀਅਨ ਦੇ ਤਹਿਸੀਲ ਆਗੂ ਕੇ ਐੱਸ ਅਟਵਾਲ, ਬਲਬੀਰ ਸਿੰਘ ਧੀਰਪੁਰ, ਬਲਵਿੰਦਰ ਕੌਰ, ਸਤਨਾਮ ਕੌਰ, ਜਿਸਤਰੀ ਜਾਗ੍ਰਿਤੀ ਮੰਚ ਦੀ ਆਗੂ ਜਸਵੀਰ ਕੌਰ ਜੱਸੀ, ਬਲਵਿੰਦਰ ਕੌਰ, ਦਲਜੀਤ ਕੌਰ ਅਤੇ ਹੋਰ ਆਗੂ ਵੀ ਲਾਮਬੰਦੀ ਮੁਹਿੰਮ ਨੂੰ ਚਲਾ ਰਹੇ ਹਨ।



# 'ਡਿਜੀਟਲ ਅਤੇ ਪ੍ਰਿੰਟ ਮੀਡੀਆ: ਚੁਣੌਤੀਆਂ ਅਤੇ ਰੁਜ਼ਗਾਰ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ

**ਜ਼ੀਰਕਪੁਰ (ਜਤਿੰਦਰ ਕੁਮਾਰ)**- ਡਿਜੀਟਲ ਦੌਰ ਨੇ ਪੱਤਰਕਾਰੀ ਦੇ ਰਵਾਇਤੀ ਸਰੂਪ ਨੂੰ ਤੇਜ਼ੀ ਨਾਲ ਬਦਲ ਦਿੱਤਾ ਹੈ ਅਤੇ ਇਸ ਬਦਲਾਅ ਨੇ ਨੌਜਵਾਨਾਂ ਲਈ ਮੀਡੀਆ ਦੇ ਖੇਤਰ ਵਿੱਚ ਰੁਜ਼ਗਾਰ ਦੇ ਨਵੇਂ ਦਰਵਾਜ਼ੇ ਵੀ ਖੋਲ੍ਹੇ ਹਨ। ਇਸੇ ਬਦਲਦੇ ਮੀਡੀਆ ਸੰਸਾਰ ਦੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ 'ਤੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਣ ਲਈ ਦਸਮੇਸ਼ ਖ਼ਾਲਸਾ ਕਾਲਜ, ਜ਼ੀਰਕਪੁਰ ਦੇ ਪੰਜਾਬੀ ਵਿਭਾਗ ਵੱਲੋਂ 'ਡਿਜੀਟਲ ਅਤੇ ਪ੍ਰਿੰਟ ਮੀਡੀਆ: ਚੁਣੌਤੀਆਂ ਅਤੇ ਰੁਜ਼ਗਾਰ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਉੱਘੇ ਪੱਤਰਕਾਰ ਅਵਤਾਰ ਧੀਮਾਨ ਨੇ ਮੁੱਖ ਵਕਤਾ ਵਜੋਂ ਵਿਦਿਆਰਥੀਆਂ ਨਾਲ ਪੱਤਰਕਾਰੀ ਦੇ ਵਿਹਾਰਕ ਪਹਿਲੂ ਸਾਂਝੇ ਕੀਤੇ। ਪ੍ਰੋਗਰਾਮ ਦੀ ਸ਼ੁਰੂਆਤ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਚੱਲ ਰਹੇ ਕਾਲਜ ਵਿੱਚ ਇਸ ਸਮਾਗਮ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਸਰਪ੍ਰਸਤੀ, ਵਿੱਦਿਆ ਸਕੱਤਰ ਇੰਜੀ. ਸੁਖਮਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼, ਪ੍ਰਿੰਸੀਪਲ ਡਾ. ਕਰਮਬੀਰ ਸਿੰਘ ਦੀ ਅਗਵਾਈ ਅਤੇ ਡਾ. ਕਿਰਨਪਾਲ ਕੌਰ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਡਾ. ਕਿਰਨਪਾਲ ਕੌਰ ਨੇ ਮੁੱਖ ਵਕਤਾ ਅਤੇ ਵਿਸ਼ੇਸ਼ ਮਹਿਮਾਨ ਦਾ ਸਵਾਗਤ ਕੀਤਾ। ਅਵਤਾਰ ਧੀਮਾਨ ਨੇ ਕਿਹਾ ਕਿ ਅੱਜ ਪੱਤਰਕਾਰੀ ਸਿਰਫ਼ ਅਖ਼ਬਾਰ, ਰੇਡੀਓ ਜਾਂ ਟੈਲੀਵਿਜ਼ਨ ਤੱਕ ਸੀਮਤ ਨਹੀਂ ਰਹੀ। ਡਿਜੀਟਲ ਮੀਡੀਆ ਦੇ ਤੇਜ਼ੀ ਨਾਲ ਹੋਏ ਵਿਸਥਾਰ ਨੇ ਰਿਪੋਰਟਿੰਗ, ਸੰਪਾਦਨ, ਵੀਡੀਓ ਪੱਤਰਕਾਰੀ ਅਤੇ ਡਿਜੀਟਲ ਸਮੱਗਰੀ ਤਿਆਰ ਕਰਨ ਸਮੇਤ ਕਈ ਖੇਤਰਾਂ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਮੀਡੀਆ ਵਿੱਚ ਅੱਗੇ ਵਧਣ ਲਈ ਡਿਗਰੀ ਦੇ ਨਾਲ ਭਾਸ਼ਾ 'ਤੇ ਪਕੜ, ਖ਼ਬਰ ਦੀ ਸਮਝ, ਤੱਥਾਂ ਦੀ ਜਾਂਚ ਅਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਬੇਹੱਦ ਜ਼ਰੂਰੀ ਹੈ। ਪ੍ਰਿੰਸੀਪਲ ਡਾ. ਕਰਮਬੀਰ ਸਿੰਘ ਨੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਪੰਜਾਬੀ ਵਿਭਾਗ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਕਰਮਬੀਰ ਸਿੰਘ, ਡਾ. ਕਿਰਨਪਾਲ ਕੌਰ, ਡਾ. ਰਮਨਪ੍ਰੀਤ ਕੌਰ ਅਤੇ ਪ੍ਰੋ. ਧਰਮਪ੍ਰੀਤ ਸਿੰਘ ਨੇ ਅਵਤਾਰ ਧੀਮਾਨ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਜਤਿੰਦਰ ਗੋਇਲ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।




# ਬਾਬਾ ਮੱਟ ਦਾ ਸਾਲਾਨਾ ਜੋੜ ਮੇਲਾ ਧੂਮਧਾਮ ਨਾਲ ਸੰਪੰਨ

**ਜਲੰਧਰ (ਲਖਵਿੰਦਰ ਸਿੰਘ)**- ਜ਼ਿਲ੍ਹਾ ਜਲੰਧਰ ਦੇ ਇਤਿਹਾਸਕ ਪਿੰਡ ਆਧੀ ਵਿਖੇ ਬਾਬਾ ਮੱਟ ਦੀ ਪ੍ਰਬੰਧਕ ਕਮੇਟੀ, ਸਮੂਹ ਨਗਰ ਨਿਵਾਸੀਆਂ, ਐਨ.ਆਰ.ਆਈ. ਵੀਰਾਂ ਦੇ ਵਿਸ਼ੇਸ਼ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਤਿੰਨ ਰੋਜ਼ਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ, ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਰਵਾਏ ਗਏ ਧਾਰਮਿਕ, ਖੇਡ ਅਤੇ ਸੱਭਿਆਚਾਰਕ ਸਮਾਗਮਾਂ ਦੀ ਰੌਣਕ ਨੇ ਸਮੁੱਚੇ ਇਲਾਕੇ ਨੂੰ ਧਾਰਮਿਕ ਰੰਗ ਵਿੱਚ ਰੰਗ ਦਿੱਤਾ। ਮੇਲੇ ਦੇ ਪਹਿਲੇ ਦਿਨ 14 ਸਤੰਬਰ ਨੂੰ 80 ਕਿਲੋ ਕਲੱਬ ਦੇ ਕਬੱਡੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ 16 ਨਾਮਵਰ ਟੀਮਾਂ ਨੇ ਵਧ-ਚੜ੍ਹ ਕੇ ਭਾਗ ਲਿਆ। ਫਾਈਨਲ ਮੁਕਾਬਲਾ ਆਧੀ ਅਤੇ ਖੀਵਾ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਬਾਬਾ ਮੱਟ ਸਪੋਰਟਸ ਕਲੱਬ ਆਧੀ ਨੇ ਪਹਿਲਾ ਅਤੇ ਪਿੰਡ ਖੀਵਾ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਜਿਨ੍ਹਾਂ ਦੀ ਵੱਡੇ ਮੇਲਾ ਪ੍ਰਬੰਧਕ ਕਮੇਟੀ ਨੇ ਜੇਤੂ ਟੀਮ ਨੂੰ ਪਹਿਲੇ ਸਥਾਨ ਵਾਲੀ ਟੀਮ ਨੂੰ 41,000 ਰੁਪਏ ਨਕਦ ਅਤੇ ਸ਼ਾਨਦਾਰ ਕੱਪ ਦਿੱਤਾ ਗਿਆ, ਜਦਕਿ ਦੂਜੇ ਨੰਬਰ 'ਤੇ ਰਹੀ ਟੀਮ ਨੂੰ 31,000 ਰੁਪਏ ਅਤੇ ਕੱਪ ਨਾਲ ਸਨਮਾਨਿਤ ਕੀਤਾ ਗਿਆ। ਮੇਲੇ ਦੇ ਦੂਜੇ ਦਿਨ 15 ਸਤੰਬਰ ਨੂੰ ਸਵੇਰੇ ਬਾਬਾ ਜੀ ਦੇ ਦਰਬਾਰ 'ਤੇ ਚਾਦਰ ਚੜ੍ਹਾਈ ਗਈ ਅਤੇ ਰਸਮ ਅਦਾ ਕੀਤੀ ਗਈ। ਇਸ ਉਪਰੰਤ ਸਵੇਰੇ 10 ਵਜੇ ਤੋਂ ਲਹਿਰਾਉਣ ਦੀ ਰਸਮ ਪੂਰੀ ਸ਼ਰਧਾ ਨਾਲ ਨਿਭਾਈ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਮੇਲੇ ਦੇ ਆਖ਼ਰੀ ਦਿਨ 16 ਸਤੰਬਰ ਨੂੰ ਵਿਸ਼ਾਲ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਸਵੇਰੇ 11 ਵਜੇ ਸਟੇਜ ਦੀ ਕਾਰਵਾਈ ਆਰੰਭ ਹੋਈ, ਜਿਸ ਵਿੱਚ ਨਾਮਵਰ ਕਲਾਕਾਰਾਂ ਨੇ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ। ਪ੍ਰਸਿੱਧ ਗਾਇਕ ਜਸਵੀਰ ਜੱਸੀ ਨੇ ਆਪਣੇ ਚਰਚਿਤ ਸੱਭਿਆਚਾਰਕ ਗੀਤਾਂ ਨਾਲ ਸਰੋਤਿਆਂ ਨੂੰ ਕੀਲ ਲਿਆ। ਕਲਾਕਾਰ ਸਨੀਲ ਮੱਟੂ ਨੇ 'ਬੋਲ ਮਿੱਟੀ ਦਿਆ ਬਾਵਿਆ' ਗੀਤ ਗਾ ਕੇ ਸਰੋਤਿਆਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਪੰਜਾਬ ਦੇ ਪ੍ਰਸਿੱਧ ਗਾਇਕ ਪੰਮਾ ਡੂਮੇਵਾਲੀਆ ਨੇ ਆਪਣੇ ਲਾਜਵਾਬ ਧਾਰਮਿਕ ਅਤੇ ਸੱਭਿਆਚਾਰਕ ਗੀਤਾਂ ਨਾਲ ਪੰਡਾਲ ਵਿੱਚ ਬੈਠੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਇਸ ਮੌਕੇ ਰਾਜ ਕੁਮਾਰ ਰਾਜੂ ਵੱਲੋਂ ਠੰਢੇ-ਮਿੱਠੇ ਪਾਣੀ ਦੀ ਛਬੀਲ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਤੇ ਜਰਨੈਲ ਸਿੰਘ ਸ਼ਾਹਪੁਰ, ਜਗੀਰ ਸਿੰਘ ਸ਼ਾਹਪੁਰ, ਹਰਨੇਕ ਸਿੰਘ (ਸਾਬਕਾ ਪੰਚ), ਡਾ. ਕਮਲੇਸ਼ ਸਿੰਘ, ਬਲਦੇਵ ਕੁਮਾਰ ਗੋਗਾ, ਬਲਵੀਰ ਸਿੰਘ ਨਾਹਲ, ਰਣਵੀਰ ਸਿੰਘ ਨਾਹਰ, ਅਵਤਾਰ ਸਿੰਘ, ਬਲਜੀਤ ਸਿੰਘ ਲੰਬੜਦਾਰ, ਗੁਰਦੇਵ ਸਿੰਘ ਬਿੱਟੂ, ਜਸਵਿੰਦਰ ਸਿੰਘ ਮੱਟੂ, ਬਲਦੇਵ ਸਿੰਘ ਭੁੱਖੜੀ, ਜੀਤਾ ਪੰਡੋਰੀ ਸ਼ੇਖ, ਗੁਰਦੀਪ ਚੰਦ, ਸੁਖਦੇਵ ਸਿੰਘ ਬੱਗਾ, ਅਮਨਦੀਪ ਸਿੰਘ, ਆਸ਼ੂ ਪਠਿਤ, ਜੰਮੀ ਟੋਨਾ, ਜਗਜੀਤ ਸਿੰਘ ਜੱਗਾ ਪੰਡੋਰੀ ਸ਼ੇਖ, ਮਨਜ਼ ਸਿੰਘ ਪਿੰਟੂ, ਦਾਦਵਿੰਦਰ ਸਿੰਘ ਯਾਦੇ, ਰਾਜੂ, ਸਾਬੀ, ਸੰਤੋਖ ਸਿੰਘ ਸੇਖੀ, ਨਵਜੋਤ ਮੱਟੂ ਅਤੇ ਸਮੇਤ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਤੇ ਮੀਡੀਆ ਤੋਂ ਲਖਵਿੰਦਰ ਸਿੰਘ ਆਧੀ (ਨਵਾਂ ਜ਼ਮਾਨਾ ਟੀ ਵੀ) ਅਮਰਜੀਤ ਸਿੰਘ ਮਹਾਜੂ (ਚੇਨਲ ਡੇਲੀ ਹਲਚਲ), ਰਾਜੀਵ ਧਾਮੀ (ਨਿਊਜ਼ ਇੰਡੀਆ), ਵਿਨੋਦ ਕੁਮਾਰ (ਵੀ ਬੀ ਨਿਊਜ਼) ਅਤੇ ਸਤੀਸ਼ ਜੱਜ ਆਦਿ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।



# ਨਾਕੇ ਦੌਰਾਨ ਪੁਲਸ 'ਤੇ ਫਾਇਰ ਕਰਨ ਵਾਲੇ 3 ਮੁਲਜ਼ਮ ਕਾਬੂ, 5 ਪਿਸਤੌਲ ਤੇ 5 ਜ਼ਿੰਦਾ ਰੌਂਦ ਬਰਾਮਦ

**ਜਲੰਧਰ (ਸ਼ੈਲੀ ਐਲਬਰਟ)**- ਕਮਿਸ਼ਨਰੇਟ ਪੁਲਿਸ ਜਲੰਧਰ ਸਤਿੰਦਰ ਸਿੰਘ ਦੇ ਹੁਕਮਾਂ 'ਤੇ ਮਾੜੇ ਅਨਸਰਾਂ ਖਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਪੁਲਿਸ ਨੂੰ ਵੱਡੀ ਸਫ਼ਲਤਾ ਮਿਲੀ ਹੈ। ਏ ਸੀ ਪੀ ਸਿਟੀ ਆਦਿਤਿਆ ਵਾਰੀਅਰ, ਏ ਡੀ ਸੀ ਪੀ ਸਿਟੀ-2 ਮਾਧਵੀ ਸ਼ਰਮਾ ਤੇ ਏ ਸੀ ਪੀ ਸਬ-ਡਵੀਜ਼ਨ ਕੈਂਟ ਕੁਲਵਿੰਦਰ ਸਿੰਘ ਵਿਰਕ ਦੀ ਅਗਵਾਈ ਹੇਠ 18.09.2026 ਨੂੰ ਐੱਸ ਐੱਚ ਓ ਨਰਿੰਦਰ ਮੋਹਨ, ਇੰਚਾਰਜ ਚੌਕੀ ਜੰਡਿਆਲਾ ਵੱਲੋਂ ਜੰਡਿਆਲਾ ਮੋੜ 'ਤੇ ਨਾਕਾਬੰਦੀ ਕੀਤੀ ਗਈ ਸੀ। ਇਸ ਦੌਰਾਨ ਸਕਾਰਪੀਓ ਗੱਡੀ ਨੰਬਰ ਨੂੰ ਰੋਕ ਕੇ ਚੈਕਿੰਗ ਕੀਤੀ ਗਈ ਤਾਂ ਗੱਡੀ 'ਚ ਬੈਠੇ ਮੰਨੇ ਵਿਅਕਤੀ ਨੇ ਆਪਣਾ ਪਿਸਤੌਲ ਕੱਢ ਕੇ ਐੱਸ ਆਈ 'ਤੇ ਫਾਇਰ ਕਰਨ ਦੀ ਕੋਸ਼ਿਸ਼ ਕੀਤੀ। ਮੁਲਜ਼ਮ ਨੇ 2 ਫਾਇਰ ਕੀਤੇ ਨਾਲ ਦੇ ਥਾਂਵੇ ਦੀ ਕੰਧ 'ਤੇ ਜਾ ਲੱਗੇ। ਪੁਲਸ ਮੁਲਾਜ਼ਮਾਂ ਨੇ ਸੂਝ-ਬੂਝ ਨਾਲ ਦੋਵਾਂ ਨੂੰ ਕਾਬੂ ਕਰ ਲਿਆ। ਫਾਇਰ ਕਰਨ ਵਾਲੇ ਦੀ ਪਛਾਣ ਮਨਪ੍ਰੀਤ ਸਿੰਘ ਉਰਫ਼ ਮਨੀ ਸੰਧਰ ਵਜੋਂ ਹੋਈ। ਮੌਕੇ 'ਤੇ ਹੀ ਮਨਪ੍ਰੀਤ ਅਤੇ ਸਕਾਰਪੀਓ ਡਰਾਈਵਰ ਦਿਲਪ੍ਰੀਤ ਸਿੰਘ ਪੁੱਤਰ ਗੁਰਨੇਕ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਗਲੋਕ ਪਿਸਤੌਲ ਅਤੇ 3 ਜ਼ਿੰਦਾ ਰੌਂਦ ਬਰਾਮਦ ਕੀਤੇ ਗਏ। ਇਸ ਸਬੰਧੀ ਥਾਣਾ ਸਦਰ 'ਚ ਮੁਕੱਦਮਾ ਆਰਮਜ਼ ਐਕਟ ਤਹਿਤ ਦਰਜ ਕੀਤਾ ਗਿਆ। ਮਨਪ੍ਰੀਤ ਸਿੰਘ ਉਰਫ਼ ਮਨੀ ਸੰਧਰ ਤੋਂ ਪੁੱਛਗਿੱਛ ਦੌਰਾਨ 4 ਹੋਰ ਪਿਸਤੌਲ ਅਤੇ 2 ਜ਼ਿੰਦਾ ਰੌਂਦ ਵੀ ਬਰਾਮਦ ਹੋਏ ਹਨ। ਇਸ ਤਰ੍ਹਾਂ ਕੁੱਲ 5 ਪਿਸਤੌਲ ਅਤੇ 5 ਜ਼ਿੰਦਾ ਰੌਂਦ ਬਰਾਮਦ ਹੋਏ ਹਨ। ਤੀਜੇ ਦੋਸ਼ੀ ਸਿਮਰ ਉਰਫ਼ ਪ੍ਰਿੰਸ ਪੁੱਤਰ ਲਖਵਿੰਦਰ ਸਿੰਘ ਵਾਸੀ ਨਿਊ ਆਜ਼ਾਦ ਨਗਰ, ਲੁਧਿਆਣਾ ਨੂੰ ਗ੍ਰਿਫ਼ਤਾਰ ਕੀਤਾ ਗਿਆ।



## ਅੰਡਰ-14 ਸਟੇਟ ਖੇਡ ਕੇ ਪਰਤੀ ਕੋਮਲ ਚੌਧਰੀ ਸਨਮਾਨਤ

**ਪੱਲੇਵਾਲ (ਰਾਮ ਲਾਲ)**- ਸਰਕਾਰੀ ਹਾਈ ਸਕੂਲ ਚਾਂਦਪੁਰ ਰੁੜਕੀ ਦੀ ਹੋਣਹਾਰ ਵਿਦਿਆਰਥਣ ਕੋਮਲ ਚੌਧਰੀ, ਸਪੁੱਤਰੀ ਚਾਨਣ ਰਾਮ ਬਸਤੀ ਉਰਫ਼ ਚੰਨੀ, ਨੇ ਅੰਡਰ-14 ਵਰਗ ਦੀ ਸਟੇਟ ਪੱਧਰੀ ਖੇਡ ਮੁਕਾਬਲੇ ਵਿੱਚ ਭਾਗ ਲੈ ਕੇ ਪਿੰਡ, ਪਰਵਾਰ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਕੋਮਲ ਦੀ ਇਸ ਖੇਡ ਪ੍ਰਾਪਤੀ ਲਈ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮਾਣਮੱਤੀ ਪ੍ਰਾਪਤੀ ਨੂੰ ਉਤਸ਼ਾਹਿਤ ਕਰਨ ਲਈ ਐਸ ਸਰਿਫ ਵਾਲੀਬਾਲ ਲੀਗ ਦੌਰਾਨ ਵਿੱਕੀ ਚੌਧਰੀ ਦੀ ਟੀਮ ਵੱਲੋਂ ਕੋਮਲ ਚੌਧਰੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਟੀਮ ਦੇ ਮੈਂਬਰਾਂ ਵੱਲੋਂ ਕੋਮਲ ਨੂੰ ਸਨਮਾਨਤ ਕਰਦਿਆਂ ਉਸਦੀ ਹੌਸਲਾ-ਅਫ਼ਜ਼ਾਈ ਕੀਤੀ ਗਈ ਅਤੇ ਭਵਿੱਖ ਵਿੱਚ ਹੋਰ ਵੱਡੀਆਂ ਖੇਡ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਕੋਮਲ ਚੌਧਰੀ ਦੀ ਇਹ ਉਪਲਬਧੀ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ। ਪਰਿਵਾਰ ਅਤੇ ਸਕੂਲ ਸਟਾਫ਼ ਨੇ ਆਸ ਪ੍ਰਗਟਾਈ ਕਿ ਕੋਮਲ ਅਗਾਊਂ ਵੀ ਆਪਣੀ ਮਿਹਨਤ ਅਤੇ ਲਗਨ ਨਾਲ ਖੇਡਾਂ ਦੇ ਖੇਤਰ ਵਿੱਚ ਨਵੀਆਂ ਉਚਾਈਆਂ ਹਾਸਲ ਕਰੇਗੀ। ਖੇਡ ਮੈਦਾਨ ਵਿੱਚ ਕੋਮਲ ਦੀ ਇਸ ਪ੍ਰਾਪਤੀ ਨੇ ਚਾਂਦਪੁਰ ਰੁੜਕੀ ਦਾ ਮਾਣ ਵਧਾਇਆ ਹੈ।



## ਚੰਦ ਫ਼ਤਿਹਪੁਰੀ ਦਾ ਸਦੀਵੀ ਵਿਛੋੜਾ ਲੋਕਪੱਖੀ ਪੱਤਰਕਾਰੀ ਲਈ ਵੱਡਾ ਘਾਟਾ

**ਬੰਗਾ (ਅਵਤਾਰ ਕਲੇਰ)** ਓਪਨਿੰਗ ਗ੍ਰੀਨ ਹੋਟ ਵਿਦੇਸ਼ੀ ਜਮਹੂਰੀ ਫਰੰਟ ਦੀ ਸੂਬਾ ਕਮੇਟੀਆਂ ਤੋਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ ਕੇ ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਪ੍ਰੈਸ ਬਿਆਨ ਜਾਰੀ ਕਰਕੇ 'ਨਵਾਂ ਜ਼ਮਾਨਾ' ਦੇ ਸੰਪਾਦਕ ਉੱਘੇ ਪੱਤਰਕਾਰ ਅਤੇ ਲੋਕ ਆਗੂ ਸਾਥੀ ਚੰਦ ਫ਼ਤਿਹਪੁਰੀ ਦੇ ਦੇਹਾਂਤ ਉੱਪਰ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਥੀ ਚੰਦ ਫ਼ਤਹਿਪੁਰੀ ਲੋਕ ਸੰਘਰਸ਼ਾਂ ਦੀ ਉੱਚੇ ਅਜਿਹੇ ਲੋਕਪੱਖੀ ਕਲਮਕਾਰਾਂ ਵਿਚ ਸਿਰਕੱਢ ਨਾਂਅ ਸਨ ਜਿਨ੍ਹਾਂ ਦੀ ਵਚਨਬੱਧਤਾ ਰੋਜ਼ਾਨਾ ਘਟਨਾਵਾਂ ਦੀ ਰਿਪੋਰਟਿੰਗ ਤੋਂ ਅੱਗੇ ਜਾ ਕੇ ਲੋਕਪੱਖੀ ਨਜ਼ਰੀਏ ਤੋਂ ਰਾਜਨੀਤਕ ਵਰਤਾਰਿਆਂ ਦਾ ਵਿਸ਼ਲੇਸ਼ਣ ਕਰਦਿਆਂ ਚੇਤਨਾ ਦਾ ਚਾਨਣ ਵੰਡਣ ਅਤੇ ਲੋਕਾਂ ਦੇ ਹੱਕਾਂ ਤੇ ਹਿਤਾਂ ਦੀ ਧਿਰ ਬਣਕੇ ਆਪਣੀ ਇਤਿਹਾਸਕ ਭੂਮਿਕਾ ਨਿਭਾਉਣ ਨਾਲ ਹੈ। ਉਨ੍ਹਾਂ ਨੇ ਲੋਕਪੱਖੀ ਪੱਤਰਕਾਰੀ ਦੀਆਂ ਰਵਾਇਤਾਂ ਉਪਰ ਦ੍ਰਿੜਤਾ ਨਾਲ ਪਹਿਰਾ ਦਿੱਤਾ। ਡੂੰਘੀ ਸੰਵੇਦਨਸ਼ੀਲਤਾ ਨਾਲ ਸਮਾਜ ਦੇ ਅਸਲ ਸਰੋਕਾਰਾਂ ਨੂੰ ਮੁਖਾਤਬ ਰਹਿਣਾ ਅਤੇ ਲੋਕਾਂ ਦੇ ਮੁੱਦਿਆਂ ਨੂੰ ਬਣੇਲੇ ਨਾਲ ਜ਼ਬਾਨ ਦੇਣਾ ਉਨ੍ਹਾਂ ਦੀ ਲੇਖਣੀ ਦਾ ਮੀਰੀ ਗੁਣ ਸੀ। ਸੰਸਥਾ ਨੇ ਕਿਹਾ ਕਿ ਅਜੋਕੇ ਦੌਰ ਵਿਚ ਜਦੋਂ ਪੱਤਰਕਾਰੀ ਦੀ ਭਰੋਸੇਯੋਗਤਾ ਦੇ ਬੇਹੱਦ ਚੁਣੌਤੀਆਂ ਵਾਲੇ ਹਾਲਾਤ ਵਿੱਚ ਲੋਕ ਹਿਤਾਂ ਅਤੇ ਸਮਾਜਿਕ ਸਰੋਕਾਰਾਂ ਲਈ ਡਟੇ ਰਹਿਣ ਵਾਲੀਆਂ ਅਜਿਹੀਆਂ ਕਲਮਾਂ ਘੁੱਪ ਹਨੇਰੇ ਵਿਚ ਚਾਨਣ ਦੀ ਲੀਕ ਬਣਕੇ ਲੋਕਾਈ ਦਾ ਮਾਰਗ-ਦਰਸ਼ਨ ਕਰਦੀਆਂ ਹਨ। ਅਜਿਹੇ ਬੇਹੱਦ ਚੁਣੌਤੀਆਂ ਵਾਲੇ ਸਮਿਆਂ ਵਿਚ ਚੰਦ ਫ਼ਤਿਹਪੁਰੀ ਦਾ ਤੁਰ ਜਾਣਾ ਬਹੁਤ ਉਦਾਸ ਕਰਨ ਵਾਲਾ ਹੈ। ਫਰੰਟ ਦੀ ਸੂਬਾ ਕਮੇਟੀ ਸਾਥੀ ਚੰਦ ਫ਼ਤਿਹਪੁਰੀ ਦੀ ਸੰਗਰਾਮੀ ਜੀਵਨ ਘਾਲਣਾ ਨੂੰ ਸਲਾਮ ਕਰਦੀ ਹੈ।

# ਸਿਲਵਰ ਓਕ ਸਕੂਲ ਦੇ ਸ਼ੂਟਿੰਗ ਪਲੇਅਰਾਂ ਨੇ ਨੈਸ਼ਨਲ ਖੇਡਾਂ ਲਈ ਕੀਤਾ ਕੁਆਲੀਫਾਈ

**ਟਾਂਡਾ ਉੜਮੁੜ (ਜਸਵਿੰਦਰ ਸਿੰਘ ਪੰਡਿਤ ਮਿਆਣੀ)**- ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਦੇ ਖਿਡਾਰੀਆਂ ਨੇ ਪੰਜਾਬ ਸਕੂਲ ਖੇਡਾਂ ਦੇ ਵਿੱਚ ਚੰਗਾ ਪ੍ਰਦਰਸ਼ਨ ਕਰਕੇ ਨੈਸ਼ਨਲ ਖੇਡਾਂ ਲਈ ਕੁਆਲੀਫਾਈ ਕੀਤਾ ਹੈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੇਠੀ ਨੇ ਦੱਸਿਆ ਕਿ ਸਕੂਲ ਦੀ ਸ਼ੂਟਿੰਗ ਟੀਮ ਦੇ ਖਿਡਾਰੀ ਹਰਜਿੰਦਰ ਸਿੰਘ ਅਤੇ ਏਕਮਨੂਰ ਕੌਰ ਨੇ ਰਾਜ ਪੱਧਰ ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹੋਏ ਨੈਸ਼ਨਲ ਖੇਡਾਂ ਦੇ ਲਈ ਕੁਆਲੀਫਾਈ ਕੀਤਾ। ਉਨ੍ਹਾਂ ਦੱਸਿਆ ਕਿ ਸਕੂਲ ਦੇ ਲਈ ਅਤੇ ਸਾਰੇ ਇਲਾਕੇ ਦੇ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਇਹ ਖਿਡਾਰੀ ਲਗਾਤਾਰ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੇ ਨਾਲ ਖੇਡਾਂ ਦੀਆਂ ਬੁਲੰਦੀਆਂ ਨੂੰ ਛੂਹ ਰਹੇ ਹਨ। ਇਸ ਮੌਕੇ ਤੇ ਸਕੂਲ ਦੇ ਪ੍ਰਬੰਧਕ ਕੋਚ ਪੰਕਜ ਕੁਮਾਰ ਨੇ ਦੱਸਿਆ ਕਿ ਸਕੂਲ ਦੇ ਸ਼ੂਟਿੰਗ ਟੀਮ ਦੇ ਹੋਣਹਾਰ ਖਿਡਾਰੀ ਹਰਜਿੰਦਰ ਸਿੰਘ ਨੇ ਡਾਲ ਪਿਸਟਲ ਦੇ ਵਿੱਚ ਟਾਂਡਾ ਜ਼ੋਨ ਦੀ ਅਗਵਾਈ ਕਰਦੇ ਹੋਏ ਪੈਸਟ ਅੱਪ 5 ਵਿੱਚ ਸ਼ਾਮਿਲ ਹੋਣ ਤੋਂ ਮਾਣ ਹਾਸਲ ਕੀਤਾ। ਉਹਨਾਂ ਦੱਸਿਆ ਕਿ ਹਰਜੋਤ ਸਿੰਘ ਨੇ ਕੁੱਲ 400 ਵਿੱਚੋਂ 382 ਦਾ ਸਕੋਰ ਹਾਸਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਕਿਹਾ ਕਿ ਸਿਲਵਰ ਓਕ ਦੇ ਖਿਡਾਰੀ ਵੱਡੇ ਕਰਦੇ ਹਨ ਦੀ ਕੜੀ ਮਿਹਨਤ ਤੇ ਆਧੁਨਿਕ ਤਕਨੀਕਾਂ ਦੇ ਨਾਲ ਤਿਆਰੀਆਂ ਕਰਕੇ ਲਗਾਤਾਰ ਚੋਟੀ ਦਾ ਪ੍ਰਦਰਸ਼ਨ ਕਰ ਰਹੇ ਹਨ। ਜੋ ਕਿ ਸਕੂਲ ਦੇ ਲਈ ਬੜੀ ਮਾਣ ਵਾਲੀ ਗੱਲ ਹੈ ਉਹਨਾਂ ਕਿਹਾ ਕਿ ਸਾਡਾ ਸੁਪਨਾ ਹੈ ਕਿ ਸਕੂਲ ਦੇ ਵਿੱਚੋਂ ਵੀ ਨਾਮਵਰ ਖਿਡਾਰੀ ਪੈਦਾ ਹੋਣ ਅਤੇ ਸਿਲਵਰ ਓਕ ਦਾ ਇਸ ਟੀਚੇ ਪ੍ਰਤੀ ਅਸੀਂ ਵਚਨਬੱਧ ਹਾਂ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਸੈਨ ਸੇਠੀ, ਬਿਕਰਮਜੀਤ ਸਿੰਘ ਭੋਲਾ, ਅਮਰਜੀਤ ਕੌਰ ਸੇਠੀ ਜਗਬੀਰਨ ਸਿੰਘ, ਬਲਦੇਵ, ਸ਼ੁਸ਼ੀਲ, ਰੁਪਿੰਦਰ, ਕਮਲ, ਰਵਿੰਦਰ, ਮੋਨੀਕਾ, ਰਾਜਵਿੰਦਰ, ਰਿਤਿਕਾ, ਗੁਰਪ੍ਰੀਤ, ਅਰਚਨਾ, ਨੇਹਾ, ਚੇਤਨਾ, ਨੀਨਾ, ਅਨੁਰਾਧਾ, ਮਮਨ, ਅਮਿਤ, ਆਸ਼ਾ, ਪ੍ਰਜਾ, ਮਨਪ੍ਰੀਤ, ਕਮਨ, ਜਸਪ੍ਰੀਤ, ਹਰਮਨ, ਸੁਮਿੰਦਰ, ਪ੍ਰੀਆ ਅਤੇ ਹੋਰ ਸਟਾਫ ਮੌਜੂਦ ਸੀ।



# ਮਿਸਲ ਸਤਲੁਜ ਪਾਰਟੀ ਦੀ ਮਹੀਨਾਵਾਰ ਮੀਟਿੰਗ

**ਨੂਰਮਹਿਲ (ਬਲ ਕ੍ਰਿਸ਼ਨ ਬਾਲੀ)**- ਹਲਕਾ ਨਕੋਦਰ ਵਿਧਾਨ ਸਭਾ ਦੇ ਸ਼ਹਿਰ ਨੂਰਮਹਿਲ ਵਿਖੇ ਮਿਸਲ ਸਤਲੁਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਲੰਧਰ ਤੇ ਉਨ੍ਹਾਂ ਦੀ ਟੀਮ ਵੱਲੋਂ ਹਲਕੇ ਦੀਆਂ ਸੁਝਵਾਨ ਸ਼ਖ਼ਸੀਅਤਾਂ ਨਾਲ ਮਹੀਨਾਵਾਰ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਨਕੋਦਰ ਹਲਕੇ ਨਾਲ ਸਬੰਧਤ ਵੱਖ-ਵੱਖ ਸਥਾਨਕ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਸਾਲ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਵੀ ਵਿਚਾਰ ਸਾਂਝੇ ਕੀਤੇ ਗਏ। ਮੀਟਿੰਗ ਵਿੱਚ ਹਾਜ਼ਰ ਸ਼ਖ਼ਸੀਅਤਾਂ ਵੱਲੋਂ ਹਲਕੇ ਦੇ ਮੁੱਦਿਆਂ, ਲੋਕਾਂ ਦੀਆਂ ਲੋੜਾਂ ਅਤੇ ਭਵਿੱਖ ਦੀਆਂ ਰਾਜਨੀਤਿਕ ਸੰਭਾਵਨਾਵਾਂ ਸਬੰਧੀ ਆਪਣੇ ਸੁਝਾਅ ਪੇਸ਼ ਕੀਤੇ ਗਏ। ਮੀਟਿੰਗ ਦੌਰਾਨ ਹਲਕੇ ਨਾਲ ਜੁੜੇ ਵੱਖ-ਵੱਖ ਮਸਲਿਆਂ ਨੂੰ ਗੰਭੀਰਤਾ ਨਾਲ ਵਿਚਾਰਨ ਅਤੇ ਅੱਗੇ ਦੀ ਰਣਨੀਤੀ ਸਬੰਧੀ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਮਿਸਲ ਸਤਲੁਜ ਪਾਰਟੀ ਤੋਂ ਇਲਾਵਾ ਵੱਖ-ਵੱਖ ਸ਼ਖ਼ਸੀਅਤਾਂ ਦੇ ਅਹੁੱਦੇਦਾਰਾਂ ਨੇ ਹਿੱਸਾ ਲਿਆ ਜਿਸ ਵਿੱਚ ਰਘਬੀਰ ਸਿੰਘ ਸਾਦੀਪੁਰ, ਅਵਤਾਰ ਸਿੰਘ ਉਮਰਪੁਰ, ਪ੍ਰਦੀਪ ਸਿੰਘ ਸਾਦੀਪੁਰ, ਸੁਨੀਲ ਕੁਮਾਰ ਅੰਜਲਾ, ਹਰਜੀਤ ਸਿੰਘ ਚੀਮਾ ਕਲਾਂ, ਜਸਪ੍ਰੀਤ ਸਿੰਘ ਪੰਨੂੰ ਨਕੋਦਰ, ਗੁਰਪ੍ਰੀਤ ਸਿੰਘ ਨਕੋਦਰ, ਵਿਕਰਮਜੀਤ ਸਿੰਘ ਸੰਗੋਵਾਲ, ਨਛੱਤਰਪਾਲ ਜੀ ਬਿਲਗਾ, ਸਰਬਜੀਤ ਸਿੰਘ, ਬਲਵੀਰ ਸਿੰਘ ਕੰਦੋਲਾ ਕਲਾਂ, ਹਰਜਿੰਦਰ ਸਿੰਘ ਤਲਵਣ, ਕੁਲਦੀਪ ਸਿੰਘ ਖਾਲਸਾ ਨਿਗਰਾਨ ਦਸਮੇਸ਼ ਤਰਨਾ ਦਲ ਕੰਦੋਲਾ, ਦਲਜੀਤ ਸਿੰਘ ਬਿਲਗਾ ਆਦਿ ਸ਼ਖ਼ਸੀਅਤਾਂ ਹਾਜ਼ਰ ਸਨ।



## ਗੁਰਬਖਸ਼ ਸਿੰਘ ਭੁੱਲਰ ਝੁਮਣੀ ਨੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ 'ਚ ਕੀਤੀ ਘਰ ਵਾਪਸੀ

**ਮਹਿਤਾ (ਨਿਰਮਲ ਸਿੰਘ ਕਲਸੀ)**- ਗੁਰਬਖਸ਼ ਸਿੰਘ ਭੁੱਲਰ ਝੁਮਣੀ ਨੇ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਘਰ ਵਾਪਸੀ ਕੀਤੀ। ਦੱਸਿਆ ਗਿਆ ਹੈ ਕਿ ਇਸ ਤੋਂ ਪਹਿਲਾਂ ਉਹ ਭਾਜਪਾ ਵਿੱਚ ਚਲੇ ਗਏ ਸਨ। ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਮਰਗਿੰਦਾ ਨੇ ਗੁਰਬਖਸ਼ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਸਾਥੀਆਂ ਦਾ ਪਾਰਟੀ ਵਿੱਚ ਵਾਪਸੀ 'ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ। ਗੁਰਮੀਤ ਸਿੰਘ ਮਰਗਿੰਦਾ ਨੇ ਕਿਹਾ ਕਿ ਗੁਰਬਖਸ਼ ਸਿੰਘ ਭੁੱਲਰ ਇੱਕ ਮਿਹਨਤੀ ਅਤੇ ਇਮਾਨਦਾਰ ਇਨਸਾਨ ਹਨ ਅਤੇ ਉਨ੍ਹਾਂ ਦੇ ਪਾਰਟੀ ਵਿੱਚ ਵਾਪਸ ਆਉਣ ਨਾਲ ਪਾਰਟੀ ਨੂੰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਪੁਰਾਣੇ ਸਾਥੀਆਂ ਅਤੇ ਵਰਕਰਾਂ ਨੂੰ ਨਾਲ ਲੈ ਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰ ਰਿਹਾ ਹੈ। ਇਸ ਮੌਕੇ ਪੰਜਾਬ ਯੂਨ ਸੁਰਜੀਤ ਅਕਾਲੀ ਦਲ ਦੇ ਜਨਰਲ ਸਕੱਤਰ ਹਰਬੰਸ ਸਿੰਘ ਕਾਂਧੋਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਤੋਂ ਇਲਾਵਾ ਸੁਖਵਿੰਦਰ ਸਿੰਘ ਬੰਗੋਆਂ, ਮੀਤ ਪ੍ਰਧਾਨ, ਜਗਵਿੰਦਰ ਸਿੰਘ ਬੰਗੋਆਂ, ਪ੍ਰਧਾਨ ਯੂਥ, ਜਗਜਿੰਦਰ ਸਿੰਘ ਬਾਬਾ ਪ੍ਰਧਾਨ, ਪ੍ਰਿੰਸੀਪਲ ਅਮਰਜੀਤ ਸਿੰਘ ਸ਼ੁਹਰੀ ਪ੍ਰਧਾਨ, ਹਰਜਿੰਦਰ ਸਿੰਘ ਗਿੱਲ ਮਹਿਤਾ ਸਮੇਤ ਪਾਰਟੀ ਦੇ ਆਗੂ ਅਤੇ ਵਰਕਰ ਮੌਜੂਦ ਸਨ। ਇਸ ਮੌਕੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਗੁਰਬਖਸ਼ ਸਿੰਘ ਭੁੱਲਰ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਪਾਰਟੀ ਦੀ ਮਜ਼ਬੂਤੀ ਲਈ ਮਿਲਜੁਲ ਕੇ ਕੰਮ ਕਰਨ ਲਈ ਕਿਹਾ।



# ਕਿਰਤੀ ਕਿਸਾਨ ਯੂਨੀਅਨ ਦੀਆਂ ਦੋਵਾਂ ਜਥੇਬੰਦੀਆਂ ਦੀ ਸਾਂਝੀ ਮੀਟਿੰਗ 'ਚ ਇੱਕ ਜਥੇਬੰਦੀ ਬਣਾਉਣ ਦਾ ਫੈਸਲਾ

**ਜਲੰਧਰ/ਚੰਡੀਗੜ੍ਹ (ਨ ਜ ਸ)**- ਕਿਰਤੀ ਕਿਸਾਨ ਯੂਨੀਅਨ ਪੰਜਾਬ ਅਤੇ ਕਿਰਤੀ ਕਿਸਾਨ ਯੂਨੀਅਨ ਦੀਆਂ ਸੂਬਾ ਕਮੇਟੀਆਂ ਦੀ ਸਾਂਝੀ ਮੀਟਿੰਗ ਹੋਈ। ਮੀਟਿੰਗ ਵਿੱਚ ਪੰਜਾਬ ਅਤੇ ਦੇਸ਼ ਦੇ ਮੌਜੂਦਾ ਹਾਲਾਤ, ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਕਿਸਾਨੀ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਉਪਰੰਤ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਜੂਦਾ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਦੋਵਾਂ ਜਥੇਬੰਦੀਆਂ ਨੇ ਆਪਸੀ ਸਹਿਮਤੀ ਨਾਲ ਇੱਕ ਜਥੇਬੰਦੀ ਵਜੋਂ ਇਕੱਠੇ ਹੋਣ ਦਾ ਫੈਸਲਾ ਕੀਤਾ ਹੈ। ਰਲੇਵੇਂ ਮਗਰੋਂ ਜਥੇਬੰਦੀ ਦੇ ਨਾਂ ਕਿਰਤੀ ਕਿਸਾਨ ਯੂਨੀਅਨ ਰੱਖਿਆ ਜਾਵੇਗਾ। ਇਹ ਰਲੇਵਾਂ ਕਿਸਾਨਾਂ ਦੇ ਹੱਕਾਂ ਲਈ ਚੱਲ ਰਹੇ ਸੰਘਰਸ਼ ਨੂੰ ਹੋਰ ਤਾਕਤਵਰ, ਵਿਸ਼ਾਲ ਅਤੇ ਪ੍ਰਭਾਵਸ਼ਾਲੀ ਬਣਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹੈ। ਆਗੂਆਂ ਨੇ ਕਿਹਾ ਕਿ ਦੋਵਾਂ ਜਥੇਬੰਦੀਆਂ ਦਾ ਮੁੱਢ ਕਿਰਤੀ ਕਿਸਾਨ ਯੂਨੀਅਨ ਦੇ ਰੂਪ ਵਿੱਚ ਹੀ ਬੱਝਾ ਸੀ, ਸਾਡੇ ਸਾਂਝੇ ਵਿਚਾਰ ਸਿਧਾਂਤਕ ਏਕਤਾ ਨਹੀਂ, ਸਗੋਂ ਵਿਚਾਰਧਾਰਕ ਏਕਤਾ ਕਿਸਾਨ ਲਹਿਰ ਨੂੰ ਹੋਰ ਮਜ਼ਬੂਤ ਕਰਨ ਦਾ ਯਤਨ ਹੈ। ਦੋਵਾਂ ਜਥੇਬੰਦੀਆਂ ਦੇ ਵਰਕਰਾਂ ਅਤੇ ਆਗੂਆਂ ਦੇ ਤਜਰਬੇ, ਸਰਬੱਤਬ ਸਮਰੱਥਾ ਅਤੇ ਸੰਘਰਸ਼ਸ਼ੀਲ ਵਿਰਾਸਤ ਨੂੰ ਇੱਕ ਸਾਂਝੇ ਤਾਕਤ ਵਿਚ ਬਦਲਿਆ ਜਾਵੇਗਾ। ਆਗੂਆਂ ਨੇ ਕਿਹਾ ਕਿ ਅੱਜ ਕਿਸਾਨਾਂ ਦੇ ਨਾਲ-ਨਾਲ ਖੇਤ ਮਜ਼ਦੂਰਾਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਸੰਘਰਸ਼ ਕੀਤਾ ਜਾਵੇਗਾ। ਇਸ ਰਲੇਵੇਂ ਦੀ ਖਾਤਰ ਇਕਜੁੱਟ ਜਥੇਬੰਦੀ ਕਿਸਾਨਾਂ ਦੇ ਨਾਲ-ਨਾਲ ਖੇਤ ਮਜ਼ਦੂਰਾਂ ਅਤੇ ਹੋਰ ਗਰੀਬ ਲੋਕਾਂ ਦੇ ਮੁੱਦਿਆਂ ਨੂੰ ਵੀ ਸੰਘਰਸ਼ ਦਾ ਹਿੱਸਾ ਬਣਾਏਗੀ ਅਤੇ ਪੰਜਾਬ ਦੀ ਕਿਸਾਨ ਲਹਿਰ ਵਿੱਚ ਵੱਧ ਤੋਂ ਵੱਧ ਕਿਸਾਨਾਂ ਨੂੰ ਜਥੇਬੰਦ ਕਰਨ ਲਈ ਯਤਨ ਤੇਜ਼ ਕੀਤੇ ਜਾਣਗੇ। ਦੋਵਾਂ ਜਥੇਬੰਦੀਆਂ ਦਾ ਇਹ ਰਲੇਵਾਂ ਪੰਜਾਬ ਦੀ ਕਿਸਾਨ ਲਹਿਰ ਵਿੱਚ ਨਵੀਂ ਏਕਤਾ ਅਤੇ ਨਵੀਂ ਤਾਕਤ ਪੈਦਾ ਕਰੇਗਾ। ਇਸ ਮੌਕੇ ਤੇ ਰਤਨ ਸਿੰਘ ਰੰਧਾਵਾ, ਹਰਮੇਸ਼ ਸਿੰਘ ਢੇਸੀ, ਤਰਸੇਮ ਸਿੰਘ ਮਾਹਲਮ, ਬਲਵਿੰਦਰ ਸਿੰਘ ਭੁੱਲਰ, ਜਸਵਿੰਦਰ ਸਿੰਘ ਬਾਜਵਾ, ਵਿਸ਼ਾ ਸਾਹ ਰਾਮਲਾਲ, ਤਲਵਿੰਦਰ ਸਿੰਘ ਬੱਚਾ, ਮੱਖਣ ਸਿੰਘ ਆਦਿ ਧਾਰੀਵਾਲ, ਜਸਪਾਲ ਸਿੰਘ ਮਸੀਤਾ, ਨਰਿੰਦਰ ਸਿੰਘ ਛੀਨਾ, ਅਵਤਾਰ ਸਿੰਘ ਛੀਨਾ, ਗੁਰਮੀਤ ਸਿੰਘ ਡਲਾਖ਼ਿਆਂ, ਕਾਬਲ ਸਿੰਘ ਛੀਨਾ ਵੀ ਹਾਜ਼ਰ ਸਨ।



# ਮੁਲਾਜ਼ਮ ਆਗੂ ਹੁਰਾ ਬਾਨੋ ਨੂੰ ਮੁਅੱਤਲ ਕਰਨ ਦੀ ਪ ਸ ਸ ਫ ਵੱਲੋਂ ਨਿਖੇਧੀ

**ਜਲੰਧਰ (ਰਜੇਸ਼ ਥਾਪਾ)**- ਪੰਜਾਬ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਬਿਆਨ ਰਾਹੀਂ ਜੰਮੂ ਕਸ਼ਮੀਰ ਦੀ ਸਰਕਾਰ ਵੱਲੋਂ ਜੇ ਐਂਡ ਕੇ ਦੀ ਸਭ ਤੋਂ ਵੱਡੀ ਸੂਬਾ ਆਗੂ ਅਤੇ ਆਲ ਜੰਮੂ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਕੌਮੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਹੁਰਾ ਬਾਨੋ ਨੂੰ ਸਸਪੈਂਡ ਕਰਨ ਦੀ ਕੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਪ ਸ ਸ ਫ ਦੇ ਸੂਬਾ ਪ੍ਰੈਸ ਸਕੱਤਰ ਦਿਦਾਰਸ਼ੇਰ ਵਿਰਦੀ ਨੇ ਕਿਹਾ ਕਿ ਉਕਤ ਮਹਿਲਾ ਮੁਲਾਜ਼ਮ ਆਗੂ ਨੂੰ ਸਿਰਫ਼ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਸੰਘਰਸ਼ ਕਰਨ ਕਰਕੇ ਹੀ ਮੁਅੱਤਲ ਕੀਤਾ ਗਿਆ ਹੈ ਕਿ ਉਹ ਕਸ਼ਮੀਰ ਅੰਦਰ ਐਨ ਐਮ ਮੁਲਾਜ਼ਮਾਂ ਵਲੋਂ ਆਪਣੀਆਂ ਸੇਵਾਵਾਂ ਨੂੰ ਰੈਗੂਲਰ ਕਰਵਾਉਣ ਲਈ ਕੀਤੇ ਜਾ ਰਹੇ ਸੰਘਰਸ਼ ਦੀ ਹਿਮਾਇਤ ਕਰਦੀ ਹੈ ਅਤੇ ਸਰਕਾਰ ਨੂੰ ਇਹਨਾਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਲਲਕਾਰਦੀ ਹੈ। ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀ ਮੀਤ ਪ੍ਰਧਾਨ ਅਤੇ ਸੂਬਾ ਸਕੱਤਰ ਸਿੰਘ ਬਾਸੀ, ਨੌਜਵਾਨ ਕਮੇਟੀ ਮੈਂਬਰ ਕਰਮਜੀਤ ਸਿੰਘ ਬੀਹਲਾ, ਸੁਖਵਿੰਦਰ ਸਿੰਘ ਚਾਹਲ ਅਤੇ ਹਰਮਨਪ੍ਰੀਤ ਕੌਰ ਗਿੱਲ ਨੇ ਕਸ਼ਮੀਰ ਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਹੁਰਾ ਬਾਨੋ ਦੀ ਮੁਅੱਤਲੀ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਪੂਰੇ ਦੇਸ਼ ਅੰਦਰ ਕੰਮ ਕਰਦੇ ਮੁਲਾਜ਼ਮ ਵੀ ਕਸ਼ਮੀਰ ਦੇ ਮੁਲਾਜ਼ਮਾਂ ਦੇ ਨਾਲ ਹਨ ਅਤੇ ਉਨ੍ਹਾਂ ਦੇ ਸੰਘਰਸ਼ ਦੀ ਪੂਰਜ਼ੋਰ ਹਿਮਾਇਤ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਹ ਮੁਅੱਤਲੀ ਨੂੰ ਤੁਰੰਤ ਰੱਦ ਨਾ ਕੀਤਾ ਗਿਆ ਤਾਂ ਪੂਰੇ ਦੇਸ਼ ਅੰਦਰ ਕਸ਼ਮੀਰ ਸਰਕਾਰ ਵਿਰੁੱਧ ਅੰਦੋਲਨ ਚਲਾਇਆ ਜਾਵੇਗਾ ਅਤੇ ਪੂਰੀ ਦੁਨੀਆਂ ਅੰਦਰ ਕਸ਼ਮੀਰ ਸਰਕਾਰ ਦਾ ਮੁਲਾਜ਼ਮ ਅਤੇ ਲੋਕ ਵਿਰੋਧੀ ਚਿਹਰਾ ਬੇਨਕਾਬ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਤਰਸੇਮ ਮਾਧੋਪੁਰੀ, ਨਰਿੰਦਰ ਕੁਮਾਰ, ਬਲਵਿੰਦਰ ਭੁੱਟੋ, ਸਰਬਜੀਤ ਸਿੰਘ ਧੰਨੋ, ਗੁਰਵਿੰਦਰ ਸਿੰਘ ਢਿੱਲੋਂ, ਰਾਜ ਕੁਮਾਰ ਚੌਹਾਨ, ਸੁਖਦੇਵ ਚੰਗਾਲੀਵਾਲਾ, ਗੁਰਪ੍ਰੀਤ ਸਿੰਘ, ਮਨੋਹਰ ਲਾਲ ਸ਼ਰਮਾ, ਚਮਕੌਰ ਸਿੰਘ ਨਾਹਰਾ, ਰਾਣੋ ਖੇੜੀ ਗਿੱਲਾਂ, ਗੁਰਪ੍ਰੀਤ ਕੌਰ, ਰਣਜੀਤ ਕੌਰ, ਰਿਖਲਾ ਰਾਣੀ ਆਦਿ ਆਗੂ ਵੀ ਹਾਜ਼ਰ ਸਨ।



# ਦਰਬਾਰ ਸਾਈਂ ਜੁਮਲੇ ਸ਼ਾਹ ਦਾ ਮੇਲਾ ਅੱਜ ਤੋਂ

**ਆਦਮਪੁਰ (ਪਰਮਜੀਤ ਸਿੰਘ)**- ਪਿੰਡ ਉਦੇਸੀਆਂ ਵਿਖੇ ਸਥਿਤ ਦਰਬਾਰ ਸਾਈਂ ਜੁਮਲੇ ਸ਼ਾਹ ਵਿਖੇ ਕਰਵਾਏ ਜਾ ਰਹੇ 22 ਤੋਂ 24 ਸਤੰਬਰ ਤੱਕ ਸਾਲਾਨਾ ਉਰਸ ਪਿੰਡ ਵਾਸੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਸਾਈਂ ਜੁਮਲੇ ਸ਼ਾਹ ਜੀ ਦਾ 60ਵਾਂ ਸਾਲਾਨਾ ਉਰਸ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਦੌਰਾਨ 22,23, 24 ਸਤੰਬਰ ਨੂੰ ਭਾਰੀ ਮੇਲਾ ਲਗਾਇਆ ਜਾਵੇਗਾ। ਮੇਲੇ ਦੌਰਾਨ ਨਾਮਵਰ ਕਲਾਕਾਰ ਅਤੇ ਕਵਾਲ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ ਅਤੇ ਬਾਬਾ ਸ਼ਾਹ ਕਮਾਲ ਜੀ ਦਾ ਆਸ਼ੀਰਵਾਦ ਹਾਸਲ ਕਰਨਗੇ। ਉਨ੍ਹਾਂ ਕਿਹਾ ਕਿ ਸਾਈਂ ਜੁਮਲੇ ਸ਼ਾਹ ਵੈਲਫੇਅਰ ਸੁਸਾਇਟੀ ਵਲੋਂ ਸੰਗਤਾਂ ਅਤੇ ਨਗਰ ਵਾਸੀਆਂ ਦੇ ਸਹਿਯੋਗ ਨਾਲ ਮੇਲਾ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 22 ਸ਼ਾਮ ਨੂੰ ਚਿਰਾਗ ਰੋਸ਼ਨ ਕੀਤੇ ਜਾਣਗੇ ਤੇ ਉਪਰੰਤ ਕਵਾਲੀਆਂ ਹੋਣਗੀਆਂ, 23 ਨੂੰ ਸਵੇਰੇ ਝੰਡੇ ਅਤੇ ਚਾਦਰ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਦਿਨ ਰਾਤ ਕਵਾਲੀਆਂ ਅਤੇ ਹੋਣਗੀਆਂ। 24 ਨੂੰ ਗਾਇਕ ਸ਼ਖ਼ਸੀਅਤਾਂ ਕਲਾਵਾਂ ਰਾਹੀਂ ਦਰਬਾਰ ਵਿਚ ਹਾਜ਼ਰੀ ਲਗਵਾਉਣਗੇ।

## ਸਾਲਾਨਾ ਜਾਗਰਣ 26 ਨੂੰ

**ਢਿਲਵਾਂ (ਪਲਵਿੰਦਰ ਸਿੰਘ ਜੈ ਰਾਮਪੁਰ)**- ਵੈਸ਼ਨੋ ਮੰਦਰ ਦਾ ਸਾਲਾਨਾ ਜਾਗਰਣ 26 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਕਿਸੇ ਵਾਲਾ ਚੌਕ ਵਿਚ ਬਹੁਤ ਹੀ ਧੂਮ-ਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸ਼ਾਮ ਨੂੰ ਮੰਦਰ ਕਮੇਟੀ ਦੇ ਰਾਜਨ ਸ਼ਰਮਾ, ਸਤਿੰਦਰ ਸ਼ਰਮਾ ਨੇ ਦੱਸਿਆ ਕਿ ਮਹਾਂਮਾਈ ਦੀ ਜੋਤ ਪ੍ਰਚੰਡ ਕਰਕੇ ਲਈ ਜਾਵੇਗੀ ਅਤੇ ਸਾਰੀ ਰਾਤ ਮਾਤਾ ਦਾ ਗੁਣਗਾਨ ਕੀਤਾ ਜਾਵੇਗਾ। ਇਸ ਮੌਕੇ ਮਨਦੀਪ, ਸ਼ਰਨਜੀਤ ਸਿੰਘ, ਮਿੰਟੂ, ਰਣਬੀਰ, ਰਵਿੰਦਰ, ਕਮਲ, ਰਣਜੀਤ, ਸਚਿਨ, ਵਿਕਾਸ, ਜਸਵਿੰਦਰ, ਸਾਜਨ, ਨਰਿੰਦਰ, ਹਰਬੰਸ, ਸ਼ਮਸ਼ੇਰ ਆਦਿ ਹਾਜ਼ਰ ਸਨ।

## ਮੀਰੀ-ਪੀਰੀ ਖ਼ਾਲਸਾ ਮਾਰਚ ਦਾ ਅਲਾਵਲਪੁਰ ਵਿਖੇ ਭਰਵਾਂ ਸਵਾਗਤ

**ਅਲਾਵਲਪੁਰ (ਮਦਨ ਬੰਗੜ)**- ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਵਿੱਤਰ ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਕੱਢੇ ਗਏ ਮੀਰੀ-ਪੀਰੀ ਖ਼ਾਲਸਾ ਮਾਰਚ ਦਾ ਅਲਾਵਲਪੁਰ ਵਿਖੇ ਪਹੁੰਚਣ 'ਤੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਮਾਰਚ ਦੇ ਅਲਾਵਲਪੁਰ ਪਹੁੰਚਣ ਮੌਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਅਤੇ ਸ਼ਰਧਾ ਦੇਖਣ ਨੂੰ ਮਿਲੀ। ਅਲਾਵਲਪੁਰ ਦੇ ਦੁਸ਼ਹਿਰਾ ਗਰਾਊਂਡ ਵਿਖੇ ਮੀਰੀ-ਪੀਰੀ ਖ਼ਾਲਸਾ ਮਾਰਚ ਦਾ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਸੰਗਤਾਂ ਵੱਲੋਂ ਮਾਰਚ ਵਿੱਚ ਸ਼ਾਮਲ ਸ਼ਰਧਾਲੂਆਂ ਲਈ ਠੰਡੇ-ਮਿੱਠੇ ਜਲ, ਲੱਡੂ, ਫਲ-ਫਰੂਟ, ਦੁੱਧ ਅਤੇ ਪਿੰਨੀਆਂ ਦੇ ਲੰਗਰ ਲਗਾਏ ਗਏ। ਸੰਗਤਾਂ ਵੱਲੋਂ ਸ਼ਰਧਾਲੂਆਂ ਦੀ ਸੇਵਾ ਭਾਵਨਾ ਨਾਲ ਸੇਵਾ ਕੀਤੀ ਗਈ। ਇਸ ਖ਼ਾਲਸਾ ਮਾਰਚ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੰਗਤਾਂ ਨੇ ਸੰਬੋਧਨ ਕਰਦਿਆਂ ਐਡਵੋਕੇਟ ਧਾਮੀ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਬਖਸ਼ੇ ਮੀਰੀ-ਪੀਰੀ ਦੇ ਸਿਧਾਂਤ ਬਾਰੇ ਚਾਨਣਾ ਪਾਇਆ। ਇਸ ਮੌਕੇ ਜਥੇਦਾਰ ਰਣਜੀਤ ਸਿੰਘ ਅਲਾਵਲਪੁਰ, ਪਰਵਿੰਦਰ ਸਿੰਘ ਪਿੰਕਾ ਮੁਰਦਪੁਰ, ਪ੍ਰਿਤਪਾਲ ਸਿੰਘ ਸਰਪੰਚ ਸਿਕੰਦਰਪੁਰ, ਰਸ਼ਪਾਲ ਸਿੰਘ ਚੀਮਾ ਸਿਕੰਦਰਪੁਰ, ਗੁਰਦੇਵ ਸਿੰਘ ਅਲਾਵਲਪੁਰ, ਬਾਬਾ ਜਰਨੈਲ ਸਿੰਘ ਅਲਾਵਲਪੁਰ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਧਾਰਮਿਕ ਆਗੂ ਹਾਜ਼ਰ ਸਨ।



# ਪੰਜਾਬ ਸਰਕਾਰ ਨੇ ਸਿਹਤ ਤੇ ਸਿੱਖਿਆ ਖੇਤਰ 'ਚ ਚੁੱਕੇ ਵੱਡੇ ਕਦਮ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਦੇ ਲੋਕਾਂ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਨੇੜਲੇ ਪਿੰਡ ਨਸਰਾਲਾ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਪਿੰਡ ਦੇ ਪਰਵਾਰਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪਰਿਵਾਰਾਂ ਦੇ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਵਾਲੇ ਸਿਹਤ ਬੀਮਾ ਕਾਰਡ ਸੌਂਪਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਯੋਜਨਾ ਹਰੇਕ ਪਰਿਵਾਰ ਨੂੰ ਮਿਆਰੀ ਮੁਫ਼ਤ ਇਲਾਜ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ। ਕੈਬਨਿਟ ਮੰਤਰੀ ਨੇ ਸਿਹਤ ਬੀਮਾ ਯੋਜਨਾ ਤਹਿਤ ਪਿੰਡ ਦੇ ਪਰਿਵਾਰਾਂ ਨੂੰ ਕਾਰਡ ਸੌਂਪਦਿਆਂ ਕਿਹਾ ਕਿ ਇਸ ਸਕੀਮ ਤਹਿਤ ਸੂਬੇ ਦੇ ਸਭ ਵਰਗ ਵਿਚ ਪਰਵਾਰਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਮੁਫ਼ਤ ਕੈਸ਼ਲੈਸ ਇਲਾਜ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਦੇ ਲੋਕਾਂ ਨੂੰ ਮਿਲੀ ਸਿਹਤ ਸੁਵਿਧਾ ਅਤੇ ਸਿਆਣੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਖੇਤਰ ਵਿਚ ਵੱਡੇ ਕਦਮ ਚੁੱਕੇ ਗਏ ਹਨ ਜਿਸ ਨਾਲ ਹਰ ਵਰਗ ਦੇ ਲੋਕਾਂ ਦੇ ਖਰਚੇ ਦਾ ਬੋਝ ਘਟਿਆ ਹੈ ਅਤੇ ਹਰ ਪਰਿਵਾਰ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਕਰੀਬ ਆਮ ਆਦਮੀ ਕਲੀਨਿਕ ਚੱਲ ਰਹੇ ਹਨ ਜਿਨ੍ਹਾਂ ਵਿਚ 600 ਦੇ ਕਰੀਬ ਪੇਂਡੂ ਖੇਤਰਾਂ ਵਿਚ ਖੋਲ੍ਹੇ ਗਏ ਹਨ ਤਾਂ ਜੋ ਲੋਕਾਂ ਨੂੰ ਘਰਾਂ ਨੇੜੇ ਹੀ ਮੁੱਢਲੀਆਂ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਣ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿਚ ਮਰੀਜ਼ਾਂ ਨੂੰ ਲਗਭਗ 110 ਤਰ੍ਹਾਂ ਦੀਆਂ ਵੱਖ-ਵੱਖ ਦਵਾਈਆਂ ਅਤੇ 50 ਦੇ ਕਰੀਬ ਵੱਖ-ਵੱਖ ਤਰ੍ਹਾਂ ਦੇ ਮੈਡੀਕਲ ਟੈਸਟਾਂ ਦੀ ਸਹੂਲਤ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿਚ ਹੁਣ ਤੱਕ ਦੇ ਕਰੋੜ ਦੇ ਕਰੀਬ ਮਰੀਜ਼ਾਂ ਵੱਲੋਂ ਆਪਣਾ ਚੈਕਅਪ ਕਰਵਾ ਕੇ ਸਿਹਤ ਸਹੂਲਤਾਂ ਦਾ ਲਾਭ ਲਿਆ ਜਾ ਚੁੱਕਾ ਹੈ। ਇਸ ਮੌਕੇ ਇਲਾਕਾ ਵਾਸੀਆਂ ਨੇ ਸਿਹਤ ਸੁਵਿਧਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਉਪਰਾਲੇ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੀ ਹੈ ਕਿ ਸਿਹਤ ਕਾਰਡ ਬਣਨ ਨਾਲ ਹੁਣ ਲੋੜ ਪੈਣ 'ਤੇ ਪਰਵਾਰਾਂ ਨੂੰ ਇਲਾਜ ਦੇ ਖਰਚੇ ਸਬੰਧੀ ਵੱਡੀ ਰਾਹਤ ਮਿਲੇਗੀ।



## ਨਸ਼ਾ ਮੁਕਤ ਪੰਜਾਬ ਯਾਤਰਾ ਸਬੰਧੀ ਮੀਟਿੰਗ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਢਿੱਲੋਂ)**- ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਸਿਤੰਬਰ ਨੂੰ ਹੋਣ ਵਾਲੀ ਨਸ਼ਾ ਮੁਕਤ ਪੰਜਾਬ ਯਾਤਰਾ ਸਬੰਧੀ ਅਜਲਾ ਕਲਸਾ ਸ਼ੁਭ ਲੋਕਲ 'ਤੇ ਜਾ ਕੇ ਮੀਟਿੰਗ ਕੀਤੀ ਗਈ ਜਿਸ ਦੀ ਅਗਵਾਈ ਮੰਡਲ ਪ੍ਰਧਾਨ ਰਮਨ ਕੁਮਾਰ ਧਨੋਤਾ ਨੇ ਕੀਤੀ। ਮੀਟਿੰਗ ਦੌਰਾਨ ਯਾਤਰਾ ਦੇ ਸਬੰਧ ਵਿੱਚ ਰਣਨੀਤੀ ਅਤੇ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਜਨਰਲ ਸਕੱਤਰ ਪ੍ਰਦੀਪ ਕੌਂਟਲਾ, ਅੰਮ੍ਰਿਤ ਲਾਲ, ਮਦਨ ਲਾਲ, ਜਸਵਿੰਦਰ ਲਟਾਵਾ, ਸ਼ਾਮ ਸੁੰਦਰ, ਧਰਮਪਾਲ, ਵਿਕਾਸ ਪਾਠਕ ਦਲਵਿੰਦਰ ਬਰੋਲੀ, ਗੁਰਪਾਲ ਸਿੰਘ ਸਰਪੰਚ ਬਰੋਲੀ, ਗੁਰਪਾਲ ਸਿੰਘ ਮਹਿਲਾ ਮੋਰਚਾ ਦੇ ਮੰਡਲ ਪ੍ਰਧਾਨ ਮੀਨਾ ਗਾਂਧੀ, ਕਮਲ ਜੀ,ਅਮਨਤ ਸ਼ਮਨ, ਕਰੀਤ ਕੌਰ,ਦਰਸ਼ਨਾ ਦੇਵੀ ਜੀ ਅਤੇ ਭਾਰੀ ਗਿਣਤੀ ਵਿੱਚ ਭਾਜਪਾ ਵਰਕਰ ਮੌਜੂਦ ਰਹੇ।

# ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਵੱਲੋਂ ਦੂਰਦਰਸ਼ਨ ਕੇਂਦਰ ਦਾ ਦੌਰਾ

**ਜਲੰਧਰ (ਸ਼ੈਲੀ ਐਲਬਰਟ)**- ਡਾ. ਜਗਰੂਪ ਸਿੰਘ, ਪ੍ਰਿੰਸੀਪਲ, ਮੇਹਰ ਚੰਦ ਪੌਲੀਟੈਕਨਿਕ ਕਾਲਜ ਦੀ ਯੋਗ ਅਗਵਾਈ ਅਤੇ ਮਨੀਸ਼ ਸਚਦੇਵਾ, ਇੰਚਾਰਜ, ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ (535) ਵਿਭਾਗ ਦੀ ਪਹਿਲ ਸਦਕਾ, ਈ ਸੀ ਈ ਵਿਭਾਗ ਦੇ ਤੀਜੇ ਅਤੇ ਪੰਜਵੇਂ ਸਮੈਸਟਰ ਦੇ ਵਿਦਿਆਰਥੀਆਂ ਨੇ ਬ੍ਰਾਡਕਾਸਟਿੰਗ ਅਤੇ ਸੰਚਾਰ ਤਕਨਾਲੋਜੀ ਬਾਰੇ ਵਿਹਾਰਕ ਜਾਣਕਾਰੀ ਪ੍ਰਾਪਤ ਕਰਨ ਲਈ ਦੂਰਦਰਸ਼ਨ ਕੇਂਦਰ ਦਾ ਦੌਰਾ ਕੀਤਾ। ਦੌਰੇ ਦੌਰਾਨ ਵਿਦਿਆਰਥੀਆਂ ਨੂੰ ਸਟੂਡੀਓ ਸੈੱਟਅਪ, ਕੰਟਰੋਲ ਰੂਮ, ਲਾਈਵ ਪ੍ਰਸਾਰਣ ਦੀ ਪ੍ਰਕਿਰਿਆ ਅਤੇ ਸਿਗਨਲ ਪ੍ਰਸਾਰਣ ਪ੍ਰਣਾਲੀ ਬਾਰੇ ਜਾਣੂ ਕਰਵਾਇਆ ਗਿਆ। (ਵੀਡੀਓ ਟੇਪ ਰਿਕਾਰਡਿੰਗ) ਵਿਭਾਗ, ਪੀ.ਸੀ.ਆਰ. (ਪ੍ਰੋਡਕਸ਼ਨ ਕੰਟਰੋਲ ਰੂਮ), ਓ.ਬੀ. ਆਉਟਸਾਈਡ ਬ੍ਰਾਡਕਾਸਟ) ਵੈਨ ਅਤੇ ਟੈਲੀਵਿਜ਼ਨ ਸਟੂਡੀਓ ਦਾ ਦੌਰਾ ਕੀਤਾ। ਉਨ੍ਹਾਂ ਨੇ ਆਧੁਨਿਕ ਰਿਕਾਰਡਿੰਗ ਅਤੇ ਪ੍ਰੋਸੈਸਿੰਗ, ਪ੍ਰਸਾਰਣ ਉਤਪਾਦਨ ਅਤੇ ਨਿਯੰਤਰਣ, ਓ.ਬੀ. ਵੈਨ ਰਾਹੀਂ ਲਾਈਵ ਪ੍ਰਸਾਰਣ, ਸਟੂਡੀਓ ਕਾਰਜ-ਪ੍ਰਣਾਲੀ, ਕੈਮਰਾ ਸਿਸਟਮ, ਆਡੀਓ ਉਪਕਰਣ ਅਤੇ ਹੋਰ ਬ੍ਰਾਡਕਾਸਟਿੰਗ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਵਿਦਿਆਰਥੀਆਂ ਨੇ ਪ੍ਰਸਾਰਣ ਸਟੇਸ਼ਨ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੂੰ ਸੈਟੇਲਾਈਟ ਅਪਲਿੰਕ ਅਤੇ ਡਾਊਨਲਿੰਕ, ਸਿਗਨਲ ਦੇ ਸੰਚਾਰ ਅਤੇ ਪ੍ਰਾਪਤੀ ਅਤੇ ਬ੍ਰਾਡਕਾਸਟਿੰਗ ਵਿੱਚ ਐਂਟੀਨਾ ਦੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਉਨ੍ਹਾਂ ਨੇ ਸਟੂਡੀਓ ਤੋਂ ਲਾਈਵ ਪ੍ਰੋਗਰਾਮ ਦੇ ਪ੍ਰਸਾਰਣ ਦੀ ਪ੍ਰਕਿਰਿਆ ਨੂੰ ਦੇਖਣ ਦਾ ਮੌਕਾ ਵੀ ਮਿਲਿਆ। ਸ੍ਰੀ ਰਾਹੁਲ ਕੁਮਾਰ ਅਤੇ ਮਿਸ ਨਵਦੀਪ ਨੇ ਪੂਰੇ ਦੌਰੇ ਦੌਰਾਨ ਵਿਦਿਆਰਥੀਆਂ ਦੀ ਅਗਵਾਈ ਕੀਤੀ ਅਤੇ ਵੱਖ-ਵੱਖ ਬ੍ਰਾਡਕਾਸਟਿੰਗ ਸਿਸਟਮਜ਼ ਅਤੇ ਉਪਕਰਣਾਂ ਦੀ ਕਾਰਜ-ਪ੍ਰਣਾਲੀ ਬਾਰੇ ਸਮਝਾਇਆ। ਇਸ ਦੌਰੇ ਨੇ ਵਿਦਿਆਰਥੀਆਂ ਨੂੰ ਵਿਹਾਰਕ ਗਿਆਨ ਪ੍ਰਦਾਨ ਕਰਦੇ ਹੋਏ ਨਾਲ-ਨਾਲ ਕਲਾਸਰੂਮ ਵਿੱਚ ਸਿੱਖੇ ਸਿਧਾਂਤਾਂ ਨੂੰ ਅਸਲ ਜੀਵਨ ਵਿੱਚ ਲਾਗੂ ਹੋਣ ਦੀ ਸਮਝ ਪ੍ਰਦਾਨ ਕੀਤੀ। ਵਿਦਿਆਰਥੀਆਂ ਅਤੇ ਸਟਾਫ਼ ਨੇ ਡਾ. ਜਗਰੂਪ ਸਿੰਘ ਅਤੇ ਸ੍ਰੀ ਮਨੀਸ਼ ਸਚਦੇਵਾ ਦਾ ਇਸ ਲਾਭਦਾਇਕ ਉਦਯੋਗਿਕ ਦੌਰੇ ਦੇ ਪ੍ਰਬੰਧ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਦੂਰਦਰਸ਼ਨ ਕੇਂਦਰ ਦੇ ਅਧਿਕਾਰੀਆਂ ਅਤੇ ਤਕਨੀਕੀ ਸਟਾਫ਼ ਦਾ ਵੀ ਨਿੱਘੇ ਸਵਾਗਤ, ਕੀਮਤੀ ਮਾਰਗਦਰਸ਼ਨ ਅਤੇ ਸਹਿਯੋਗ ਲਈ ਧੰਨਵਾਦ ਕੀਤਾ।



# ਪੰਚਾਇਤ ਸਕੱਤਰ ਯੂਨੀਅਨ ਵੱਲੋਂ ਧਰਨਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਚਾਇਤ ਸਕੱਤਰ ਯੂਨੀਅਨ ਹੁਸ਼ਿਆਰਪੁਰ ਨੇ 5 ਮਹੀਨਿਆਂ ਤੋਂ ਤਨਖਾਹ ਨਾ ਮਿਲਣ ਦੇ ਵਿਰੋਧ 'ਚ ਬਲਾਕ ਪੰਚਾਇਤ ਦਫ਼ਤਰ 'ਤੇ ਰੋਸ ਧਰਨਾ ਦਿੱਤਾ। ਜ਼ਿਲ੍ਹਾ ਪ੍ਰਧਾਨ ਹਰਮਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ 10 ਬਿਕਾਸ ਤੋਂ ਪੰਚਾਇਤ ਦਫ਼ਤਰਾਂ 'ਚ ਪੰਚਾਇਤ ਸਕੱਤਰਾਂ ਨੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਧਰਨਾ ਦਿੱਤਾ। ਪੰਚਾਇਤ ਸਕੱਤਰਾਂ ਨੂੰ ਪੰਜ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ, ਅੱਤ ਦੀ ਮਹਿੰਗਾਈ 'ਚ ਉਨ੍ਹਾਂ ਲਈ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਔਖਾ ਹੋ ਗਿਆ ਹੈ। ਹੁਣ ਤਾਂ ਦੁਕਾਨਦਾਰਾਂ ਨੇ ਉਧਾਰ ਰਾਸ਼ਨ ਦੇਣਾ ਵੀ ਬੰਦ ਕਰ ਦਿੱਤਾ ਹੈ। ਸਰਕਾਰ ਅਤੇ ਪ੍ਰਸ਼ਾਸਨ ਪੰਚਾਇਤ ਸਕੱਤਰਾਂ ਦੇ ਸਿਰ 'ਤੇ ਕੰਮ ਦਾ ਵਾਧੂ ਬੋਝ ਵਧਾਈ ਜਾ ਰਿਹਾ ਹੈ। ਬਲਾਕ ਤਲਵਾੜਾ ਪ੍ਰਧਾਨ ਮਦਨ ਲਾਲ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਵਿਭਾਗ 'ਚ ਪੰਚਾਇਤ ਸਕੱਤਰਾਂ ਦੀ ਭਰਤੀ ਨਹੀਂ ਹੋਈ। ਮਹਿਕਮੇ 'ਚ ਵੱਡੇ ਪੱਧਰ 'ਤੇ ਪੰਚਾਇਤ ਸਕੱਤਰਾਂ ਦੀ ਘਾਟ ਹੋਣ ਕਾਰਨ ਪਿੰਡਾਂ ਦੇ ਜਰੂਰੀ ਕੰਮ ਪ੍ਰਭਾਵਿਤ ਹੋ ਰਹੇ ਹਨ। ਇੱਕ ਪੰਚਾਇਤ ਸਕੱਤਰ ਕੋਲ 8 ਤੋਂ 10 ਸਰਕਲਾਂ ਦੀ ਜਿੰਮੇਵਾਰੀ ਨਿਭਾਅ ਰਿਹਾ ਹੈ। ਇਸ ਤੋਂ ਇਲਾਵਾ ਯੁੱਧ ਨਸ਼ਿਆਂ ਵਿਰੁੱਧ, ਮੁੱਖ ਮੰਤਰੀ ਸਿਹਤ ਯੋਜਨਾ, ਫਲੱਡ, ਜਲ ਸਪਲਾਈ ਵਿਭਾਗ ਅਤੇ ਬੀਐਲਓ ਆਦਿ ਦੀਆਂ ਵਾਧੂ ਸੇਵਾਵਾਂ ਵੀ ਪੰਚਾਇਤ ਸਕੱਤਰ ਕਰ ਰਹੇ ਹਨ। ਜ਼ਿਲ੍ਹਾ ਪ੍ਰਧਾਨ ਹਰਮਿੰਦਰ ਸਿੰਘ ਮੁਕੇਰੀਆਂ ਨੇ ਸਰਕਾਰ 'ਤੇ ਪੰਚਾਇਤ ਸਕੱਤਰਾਂ ਦੀਆਂ ਰੁਕੀਆਂ ਤਨਖਾਹਾਂ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਹੈ।



## ਚੰਦ ਫਤਿਹਪੁਰੀ ਨੂੰ ਪਲਸ ਮੰਚ ਵੱਲੋਂ ਭਾਵ-ਭਿੰਨੀ ਸ਼ਰਧਾਂਜਲੀ

**ਜਲੰਧਰ** (ਨ ਜ਼ ਸ)- ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ, ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਅੱਜ ਲਿਖਤੀ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਨਵਾਂ ਜ਼ਮਾਨਾ ਅਖ਼ਬਾਰ ਦੇ ਸੰਪਾਦਕ ਚੰਦ ਫਤਿਹਪੁਰੀ ਦਾ ਨਾਮੁਰਾਦ ਬਿਮਾਰੀ ਨਾਲ ਲੰਮਾ ਅਰਸਾ ਜੂਝਣ ਉਪਰੰਤ ਹੋਇਆ ਵਿਛੋੜਾ ਪੰਜਾਬ ਦੀ ਅਗਾਂਹਵਧੂ, ਲੋਕ ਪੱਖੀ, ਤਰਕਸ਼ੀਲ ਜਮਹੂਰੀ ਪੱਤਰਕਾਰਤਾ ਲਈ ਗਹਿਰਾ ਸੱਲ ਹੈ।ਪਲਸ ਮੰਚ ਦੇ ਆਗੂਆਂ ਨੇ ਕਿਹਾ ਕਿ ਚੰਦ ਫਤਿਹਪੁਰੀ ਸੰਪਾਦਕ ਹੀ ਨਹੀਂ ਸਨ ਉਹ ਸਮਾਜ ਅੰਦਰ ਵਾਪਰਦੇ ਬਹੁ ਪੱਖੀ ਵਰਤਾਰਿਆਂ ਦੇ ਵਿਗਿਆਨਕ ਵਿਸ਼ਲੇਸ਼ਕ ਅਤੇ ਮਾਰਕਸੀ ਦ੍ਰਿਸ਼ਟੀ ਤੋਂ ਉਨ੍ਹਾਂ ਵਰਤਾਰਿਆਂ ਦਾ ਗਹਿਰਾ ਅਧਿਐਨ ਕਰਦਿਆਂ ਲੋਕਾਂ ਸਾਹਮਣੇ ਸਿਰਜਣਾਤਮਕ ਨਜ਼ਰੀਆ ਵੀ ਉਘਾੜਨ ਵਾਲੇ ਸਨ। ਉਹਨਾਂ ਕਿਹਾ ਕਿ ਇਸ ਗਹਿਰ ਗੰਭੀਰ ਸੰਪਾਦਕ ਕੋਲ ਸਹਿਜਤਾ ਅਤੇ ਕਈ ਮਨ ਹੋਣਾ ਉਹਨਾਂ ਦੀਆਂ ਸੰਪਾਦਕੀਆਂ, ਲਿਖਤਾਂ ਅਤੇ ਸੰਪਾਦਨਾ ਕਾਰਜ ਨੂੰ ਉਚੇਰੀ ਪੱਧਰ ਪ੍ਰਦਾਨ ਕਰਦਾ ਸੀ ਇਹ ਉਸ ਬਹੁਪੱਖੀ ਗੁਣਵੰਤੀ ਸ਼ਖ਼ਸੀਅਤ ਦਾ ਵਿਛੋੜਾ ਕਈ ਮੁਹਾਜ਼ ਲਈ ਵਡੇਰਾ ਘਾਟਾ ਹੈ।

## ਛਿੰਝਾਂ ਦਾ ਛਿੰਝ ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ

**ਬੰਗਾ** (ਅਵਤਾਰ ਕਲੇਰ) ਗੁਰਦੁਆਰਾ ਦੁਖ ਨਿਵਾਰਨ ਸ੍ਰੀ ਨਾਰ ਕੰਵਲ ਰਾਜਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਦੋ ਦਿਨਾ ਸਾਲਾਨਾ ਛਿੰਝ ਮੇਲਾ ਕਰਵਾਇਆ ਗਿਆ। ਕੁਸ਼ਤੀਆਂ ਦੀ ਸ਼ੁਰੂਆਤ ਨੰਬਰਦਾਰ ਜਥੇਦਾਰ ਰਣਜੀਤ ਸਿੰਘ ਝਿੰਗੜ, ਪ੍ਰਬੰਧਕ ਬਲਵਿੰਦਰ ਸਿੰਘ ਝਿੰਗੜ, ਅਧਿਕਾਰਤ ਪੰਚ ਤਰਸੇਮ ਲਾਲ ਮਹਿਮੀ, ਬਾਬਾ ਸੁਖਵਿੰਦਰ ਸਿੰਘ ਮੰਗਾ, ਸਰਬਜੀਤ ਸਿੰਘ ਸ਼ੇਰਗਿੱਲ



ਕੈਨੇਡਾ, ਸੰਦੀਪ ਸਿੰਘ ਸ਼ੇਰਗਿੱਲ, ਠੇਕੇਦਾਰ ਪਰਸ ਰਾਮ, ਨਿਰਮਲ ਸਿੰਘ ਢੰਡਾ, ਕਮਲਜੀਤ ਸਿੰਘ ਕੈਂਡੋ, ਹਰਜਿੰਦਰ ਦੀਪ ਸਿੰਘ ਸ਼ੇਰਗਿੱਲ, ਜਗੀਰ ਸਿੰਘ ਯੂ. ਕੇ, ਨਿਰਮਲ ਸਿੰਘ ਮਹਿਮੀ, ਗੁਰਨਾਮ ਸਿੰਘ ਸ਼ੇਰਗਿੱਲ ਯੂ. ਕੇ., ਅਮਰਜੀਤ ਸਿੰਘ ਲੱਲ ਯੂ.ਐਸ. ਏ., ਸਤਨਾਮ ਸਿੰਘ ਹੇਤੀਆਂ ਯੂ. ਕੇ. ਨੰਬਰਦਾਰ ਗੁਰਮੀਤ ਸਿੰਘ ਤੇ ਸਰਬਣ ਸਿੰਘ, ਅਵਤਾਰ ਸਿੰਘ ਸ਼ੇਰਗਿੱਲ ਆਦਿ ਪਤਵੰਤੇ ਸੱਜਣਾਂ ਵਲੋਂ ਸ਼ੁਰੂ ਕਰਵਾਈ ਗਈ। ਪਹਿਲੀ ਕੁਸ਼ਤੀ ਅਕਾਸ਼ ਦੀਪ ਮਾਹਿਲ ਗਹਿਲਾਂ, ਗੁਲਸ਼ਨ ਮਾਹਿਲ ਗਹਿਲਾਂ ਨੇ ਆਪਣੇ ਸਾਥੀ ਪਹਿਲਵਾਨਾਂ ਨੂੰ ਹਰਾ ਕੇ ਕੀਤੀ। ਪਟਕੇ ਦੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਤੇ ਗਗਨ ਤਰਨ ਤਾਰਨ ਵਿਚਕਾਰ ਹੋਈ। ਜਿਸ ਵਿਚ ਤਾਲਿਬ ਬਾਬਾ ਫਲਾਹੀ ਨੇ ਗਗਨ ਤਰਨ ਤਾਰਨ ਨੂੰ ਚਿੱਤ ਕਰਕੇ ਪਟਕੇ ਦੀ ਕੁਸ਼ਤੀ ਦੇ ਪਹਿਲੇ ਇਨਾਮ 'ਤੇ ਕਬਜ਼ਾ ਕੀਤਾ। ਦੋ ਨੰਬਰ ਕੁਸ਼ਤੀ 'ਚ ਹਮੀਦੀ ਇਰਾਨ ਨੇ ਨਰਿੰਦਰ ਖੰਨਾ ਨੂੰ ਪੁਆਇੰਟ 'ਤੇ ਹਰਾਇਆ। ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਕੁਲਜੀਤ ਸਿੰਘ ਸਰਹਾਲ, ਸੋਹਣ ਲਾਲ ਢੰਡਾ ਜ਼ਿਲਾ ਪ੍ਰੀਸ਼ਦ ਮੈਂਬਰ, 'ਆਪ' ਆਗੂ ਪਵਨਜੀਤ ਸਿੰਘ ਸਿੱਧੂ ਗੁਣਾਚੌਰ ਵਿਸ਼ੇਸ਼ ਤੌਰ ਤੇ ਪਹੁੰਚੇ। ਜੇਤੂ ਅਤੇ ਉੱਪ ਜੇਤੂ ਪਹਿਲਵਾਨਾਂ ਨੂੰ ਨਗਦ ਇਨਾਮ ਦਿੱਤੇ ਗਏ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਨੰਬਰਦਾਰ ਜਥੇਦਾਰ ਰਣਜੀਤ ਸਿੰਘ ਝਿੰਗੜ ਨੇ ਛਿੰਝ ਮੇਲੇ ਵਿਚ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੇ ਦਾਨੀ ਸੇਵਾਦਾਰਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਮੰਗਾ, ਅਧਿਕਾਰਤ ਪੰਚ ਤਰਸੇਮ ਲਾਲ ਮਹਿਮੀ, ਪਰਮਜੀਤ ਸਿੰਘ ਗਰੇਵਾਲ ਪੰਚ, ਹੈਡ ਗ੍ਰੰਥੀ ਬੂੰਧ ਸਿੰਘ, ਸੰਦੀਪ ਸਿੰਘ ਸ਼ੇਰਗਿੱਲ, ਸਰਬਜੀਤ ਸਿੰਘ ਸ਼ੇਰਗਿੱਲ ਕੈਨੇਡਾ, ਕਮਲਜੀਤ ਸਿੰਘ ਕੈਂਡੋ, ਠੇਕੇਦਾਰ ਪਰਸ ਰਾਮ, ਨਿਰਮਲ ਸਿੰਘ ਢੰਡਾ, ਹਰਜਿੰਦਰ ਸਿੰਘ ਸੰਘੀ, ਅਮਰਜੀਤ ਸਿੰਘ ਲੱਲ ਯੂਐੱਸ ਏ ਗੁਰਨਾਮ ਸਿੰਘ ਸ਼ੇਰਗਿੱਲ ਯੂ ਕੇ, ਜਗੀਰ ਸਿੰਘ ਸ਼ੇਰਗਿੱਲ ਯੂ ਕੇ, ਬਹਾਦਰ ਸਿੰਘ ਮਹਿਮੀ ਯੂ ਕੇ, ਜਸਵਿੰਦਰ ਸਿੰਘ ਢੰਡਾ, ਜਸਬੀਰ ਸਿੰਘ ਜੇਕਮਨ, ਨਿਰਮਲ ਸਿੰਘ ਮਹਿਮੀ, ਕ੍ਰਿਸ਼ਨ ਕੁਮਾਰ, ਦਵਿੰਦਰ ਪਾਲ, ਬਲਵਿੰਦਰ ਸਿੰਘ ਸ਼ੇਰਗਿੱਲ, ਨੰਬਰਦਾਰ ਗੁਰਮੀਤ ਸਿੰਘ ਮੁਕੰਦਪੁਰ, ਪ੍ਰਿੰਸੀਪਲ ਤਰਜੀਵਨ ਸਿੰਘ ਗਰਚਾ, ਮਾ. ਪਰਮਜੀਤ ਸਿੰਘ ਲਖਵੀਰ ਸਿੰਘ ਸ਼ੇਰਗਿੱਲ, ਜੋਗਾ ਸਿੰਘ ਸ਼ੇਰਗਿੱਲ, ਡਾ. ਸੰਤੋਖ ਸਿੰਘ, ਜਸਕਰਨ ਸਿੰਘ, ਲਾਲ ਚੰਦ, ਜੋਗਿੰਦਰ ਸਿੰਘ ਗੋਸਲ ਆਦਿ ਹਾਜ਼ਰ ਸਨ।

## ਚੰਦ ਫਤਿਹਪੁਰੀ ਦੇ ਵਿਛੋੜੇ 'ਤੇ ਫੁਲਵਾੜੀ ਸਕੂਲ ਲੋਹੀਆਂ 'ਚ ਦੋ ਮਿੰਟ ਦਾ ਮੌਨ

**ਲੋਹੀਆਂ ਖਾਸ** (ਜੋਗੇਸ਼ਵਰ)- ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੇ ਨਵਾਂ ਜ਼ਮਾਨਾ ਦੇ



ਸੰਪਾਦਕ ਸ੍ਰੀ ਚੰਦ ਫਤਿਹਪੁਰੀ ਜੀ ਦੇ ਅਕਾਲ ਚਲਾਣੇ 'ਤੇ ਫੁਲਵਾੜੀ ਪਬਲਿਕ ਸਕੂਲ ਲੋਹੀਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਕੂਲ ਦੀ ਸਵੇਰ ਦੀ ਸਭਾ ਦੌਰਾਨ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ੍ਰੀ ਚੰਦ ਫਤਿਹਪੁਰੀ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸਕੂਲ ਦੇ ਡੀ ਪੀ ਈ ਰਣਜੀਤ ਸਿੰਘ ਨੇ ਕਿਹਾ ਕਿ ਸ੍ਰੀ ਚੰਦ ਫਤਿਹਪੁਰੀ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਨੇਜਰ ਜਗੀਰ ਜੋਸਣ ਦੇ ਗੂੜ੍ਹੇ ਮਿੱਤਰ ਸਨ ਅਤੇ ਉਨ੍ਹਾਂ ਦਾ ਵਿਛੋੜਾ ਪੱਤਰਕਾਰੀ ਦੇ ਨਾਲ-ਨਾਲ ਸਮਾਜ ਲਈ ਵੀ ਇੱਕ ਵੱਡਾ ਘਾਟਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਚੰਦ ਫਤਿਹਪੁਰੀ ਦੀ ਸਾਦਗੀ, ਮਿਲਨਸਾਰਤਾ ਅਤੇ ਨਿਰਪੱਖ ਲਿਖਣੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਜਗੀਰ ਜੋਸਣ ਨੇ ਇਸ ਦੁੱਖਦਾਈ ਮੌਕੇ 'ਤੇ ਕਿਹਾ ਕਿ ਚੰਦ ਫਤਿਹਪੁਰੀ ਦਾ ਵਿਛੋੜਾ ਉਨ੍ਹਾਂ ਲਈ ਨਿੱਜੀ ਘਾਟਾ ਹੈ ਅਤੇ ਉਨ੍ਹਾਂ ਨੇ ਇੱਕ ਮਾਰਗਦਰਸ਼ਕ ਦੋਸਤ ਨੂੰ ਗੁਆ ਦਿੱਤਾ ਹੈ। ਇਸ ਮੌਕੇ ਸੀਨੀਅਰ ਪ੍ਰਿੰਸੀਪਲ ਸ. ਲਖਬੀਰ ਸਿੰਘ, ਪ੍ਰਿੰਸੀਪਲ ਹਰਪ੍ਰੀਤ ਕੌਰ, ਐੱਚ ਓ ਡੀ ਰਮਿੰਦਰ ਕੌਰ, ਰਮੇਸ਼ ਸ਼ਰਮਾ, ਰਣਜੀਤ ਸਿੰਘ, ਨਿਸ਼ਾਨ ਸਿੰਘ, ਅਮਰਜੀਤ ਸਿੰਘ ਖੋਸਾ, ਇੰਦੂ ਬਾਲਾ, ਗੀਟਾ ਵਿੱਜ, ਅਮਨਦੀਪ ਕੌਰ, ਹਰਵਿੰਦਰ ਕੌਰ, ਗੀਟਾ ਸ਼ਰਮਾ ਅਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

## 125.54 ਕਰੋੜ ਦੇ ਪ੍ਰੋਜੈਕਟ ਨਾਲ ਫਗਵਾੜਾ-ਜਲੰਧਰ ਹਾਈਵੇਅ ਦੇ ਨਵੀਨੀਕਰਨ ਦਾ ਰਸਤਾ ਸਾਫ਼ : ਚੱਬੇਵਾਲ

**ਫਗਵਾੜਾ** (ਡਾ. ਰਮਨ, ਜਸਵਿੰਦਰ ਢੱਡਾ)- 125.54 ਕਰੋੜ ਰੁਪਏ ਦੇ ਕੰਮਾਂ ਲਈ ਟੈਂਡਰ ਅਵਾਰਡ ਜਾਰੀ ਹੋਣ ਨਾਲ ਫਗਵਾੜਾ-ਜਲੰਧਰ ਹਾਈਵੇਅ ਦੇ ਵੱਡੇ ਪੱਧਰ 'ਤੇ ਨਵੀਨੀਕਰਨ ਦਾ ਰਸਤਾ ਸਾਫ਼ ਹੋ ਗਿਆ ਹੈ।ਇਹ ਜਾਣਕਾਰੀ ਦਿੰਦਿਆਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਦੱਸਿਆ ਕਿ ਇਹ ਪ੍ਰੋਜੈਕਟ ਫਗਵਾੜਾ ਤੇ ਜਲੰਧਰ ਵਿਚਕਾਰ ਸੜਕੀ ਢਾਂਚੇ ਅਤੇ ਕਨੈਕਟੀਵਿਟੀ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਵਿੱਚ ਗੁਰਾਇਆ ਵਾਲੇ ਪਾਸੇ ਤੋਂ ਫਗਵਾੜਾ ਦੇ ਦਾਖਲੇ ਤੋਂ ਲੈ ਕੇ ਜਲੰਧਰ ਵਾਲੇ ਪਾਸੇ ਹਵੇਲੀ ਤੱਕ ਸਰਵਿਸ ਰੋਡ ਸਮੇਤ ਲਗਭਗ 34.37 ਕਿਲੋਮੀਟਰ ਦਾ ਹਿੱਸਾ ਕਵਰ ਕੀਤਾ ਜਾਵੇਗਾ।ਡਾ. ਚੱਬੇਵਾਲ ਨੇ ਕਿਹਾ ਕਿ ਪ੍ਰੋਜੈਕਟ ਵਿੱਚ ਡੈਂਸ ਬਿਟੂਮਿਨਸ ਮੈਕਡਮ ਅਤੇ ਬਿਟੂਮਿਨਸ ਕੰਕਰੀਟ ਪਾ ਕੇ ਮੁੱਖ ਮਾਰਗ ਅਤੇ ਸਰਵਿਸ ਰੋਡ ਦਾ ਸੁਧਾਰ ਕਰਨਾ ਸ਼ਾਮਲ ਹੋਵੇਗਾ। ਪਾਣੀ ਭਰਨ ਵਾਲੀਆਂ ਥਾਵਾਂ 'ਤੇ ਪੇਵਮੈਂਟ ਕੁਆਲਿਟੀ ਕੰਕਰੀਟ ਵੀ ਪਾਇਆ ਜਾਵੇਗਾ। ਹਾਈਵੇਅ ਦੀ ਬਿਹਤਰ ਸਾਂਭ-ਸੰਭਾਲ ਲਈ ਕੰਮ ਵਿੱਚ ਨਿਯਮਤ ਰੱਖ-ਰਖਾਅ ਅਤੇ ਘਟਨਾ ਪ੍ਰਬੰਧਨ ਵੀ ਸ਼ਾਮਲ ਹੋਵੇਗਾ। ਉਨ੍ਹਾਂ ਕਿਹਾ ਕਿ ਪਾਣੀ ਭਰਨ ਅਤੇ ਹੋਰ ਨਿਯਮਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਸੜਕ ਦੇ ਹਿੱਸਿਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਹ ਕੰਮ ਸੜਕ ਦੀ ਹਾਲਤ ਸੁਧਾਰਨ ਅਤੇ ਯਾਤਰੀਆਂ ਤੇ ਹਾਈਵੇਅ ਦੇ ਹੋਰ ਵਰਤੋਂਕਾਰਾਂ ਲਈ ਸਫ਼ਰ ਨੂੰ ਸੁਖਾਲਾ ਅਤੇ



ਸੁਰੱਖਿਅਤ ਬਣਾਉਣ ਵਿੱਚ ਮਦਦ ਕਰਨਗੇ।ਡਾ. ਚੱਬੇਵਾਲ ਨੇ ਕਿਹਾ ਕਿ ਉਹ ਸਬੰਧਤ ਅਧਿਕਾਰੀਆਂ ਕੋਲ ਇਸ ਮਾਮਲੇ ਦੀ ਹਾਲਤ ਦਾ ਮੁੱਦਾ ਲਗਾਤਾਰ ਉਠਾਉਂਦੇ ਆ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਨਾਲ ਸੜਕ ਸੰਬੰਧੀ ਸਮੱਸਿਆਵਾਂ ਦੇ ਹੱਲ ਅਤੇ ਹਾਈਵੇਅ ਨੂੰ ਬਿਹਤਰ ਬਣਾਉਣ ਵੱਲ ਇੱਕ ਅਹਿਮ ਕਦਮ ਹੈ। ਉਨ੍ਹਾਂ ਕਿਹਾ ਕਿ ਇਸ ਸੁਧਰੇ ਹੋਏ ਹਿੱਸੇ ਨਾਲ ਫਗਵਾੜਾ ਅਤੇ ਜਲੰਧਰ ਵਿਚਕਾਰ ਸੜਕੀ ਸੰਪਰਕ ਮਜ਼ਬੂਤ ਹੋਵੇਗਾ ਅਤੇ ਟਰੈਫਿਕ ਦੀ ਆਵਾਜਾਈ ਸੁਚਾਰੂ ਹੋਵੇਗੀ।

## ਮੁਫਤ ਸਿਹਤ ਸੇਵਾਵਾਂ ਦਾ ਕੈਂਪ ਲਗਾਇਆ

**ਜਲੰਧਰ** (ਨ ਜ਼ ਸ)- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਵੱਲੋਂ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਦਲਬੀਰ ਸਿੰਘ ਪੰਜੂ ਦੀ ਅਗਵਾਈ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਦੋ ਕਿਸਾਨ ਜਥੇਬੰਦੀਆਂ ਦੇ ਰਲੇਵੇਂ ਅਤੇ ਕੁਲਹਿੰਦ ਕਿਸਾਨ ਸਭਾ ਦੇ ਡੈਲੀਗੇਟ ਸੰਮੇਲਨ ਮੌਕੇ ਮੁਫਤ ਸਿਹਤ ਸੇਵਾਵਾਂ ਦਾ ਰੋਗ ਕੈਂਪ ਲਗਾਇਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਸੂਬਾ ਸਕੱਤਰ ਗੁਰਮੇਲ ਸਿੰਘ ਮਾਛੀਕੇ, ਲੀਗਲ ਅਡਵਾਈਜ਼ਰ ਜਸਵਿੰਦਰ ਸਿੰਘ ਭੋਗਲ, ਸੀਨੀਅਰ ਵਾਇਸ ਪ੍ਰਧਾਨ ਅਵਤਾਰ ਸਿੰਘ ਬਟਾਲਾ ਅਤੇ ਵਾਇਸ ਪ੍ਰਧਾਨ ਪ੍ਰਦੀਪ ਦਿਲਦਾਰ ਚਾਹਲ ਨੇ ਕੈਂਪ 'ਚ ਵਿਸ਼ੇਸ਼ ਤੌਰ ਤੇ ਹਾਜ਼ਰੀ ਦਿੱਤੀ। ਸਾਡੇ ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਸੂਬਾਈ ਪ੍ਰਧਾਨ ਗੋਇਲ ਨੇ ਦੱਸਿਆ ਕਿ ਸਮਾਗਮ 'ਚ ਦੇਸ਼ ਦੇ ਵੱਖ ਵੱਖ ਰਾਜਾਂ ਤੋਂ ਪਹੁੰਚੇ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਵੱਖ ਵੱਖ ਵਰਗਾਂ ਦੇ ਸਗੰਠਨ ਅਤੇ ਵੱਡੀ ਗਿਣਤੀ 'ਚ ਦੂਰੋਂ ਨੇੜਿਉਂ ਪਹੁੰਚੇ ਕਿਰਤੀ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਇਹ ਕੈਂਪ ਲਗਾਇਆ ਹੈ। ਧੰਨਾ ਮੱਲ ਗੋਇਲ ਨੇ ਕਿਹਾ ਕਿ ਦੋਵਾਂ ਕਿਸਾਨ ਜੱਥੇਬੰਦੀਆਂ ਦਾ ਰਲੇਵਾਂ ਕਿਸਾਨੀ ਸੰਘਰਸ਼ ਲਈ ਇੱਕ ਸ਼ੁਭ ਸੰਕੇਤ ਹੈ। ਉਹਨਾਂ ਏਕਤਾ ਲਈ ਦੋਵੇਂ ਕਿਸਾਨ ਜੱਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਨੂੰ ਸੰਗਰਾਮੀ ਮੁਬਾਰਕਾਂ ਵੀ ਦਿੱਤੀਆਂ। ਐਸੋਸੀਏਸ਼ਨ



ਦੇ ਆਗੂਆਂ ਨੇ ਕਿਹਾ ਕਿ ਵਿਸ਼ਾਲ ਏਕਤਾ ਅਤੇ ਬੱਝਵੇਂ ਘੋਲ ਹੀ ਸਾਡੀ ਮੁਕਤੀ ਦਾ ਇੱਕੋ ਇੱਕ ਹੱਲ ਹਨ। ਕਿਉਂਕਿ ਅੱਜ ਜਾਤਾਂ, ਧਰਮਾਂ ਦੇ ਨਾਂ ਤੇ ਹੋਰ ਵੰਡੀਆਂ ਪਾਉਣ ਜਾ ਰਹੀਆਂ ਹਨ ਅਤੇ ਸਾਮਰਾਜੀ ਮੁਲਕਾਂ ਵੱਲੋਂ ਆਪਣੇ ਮੁਨਾਫ਼ੇ ਨੂੰ ਮੁੱਖ ਰੱਖਦਿਆਂ ਗਰੀਬ ਮੁਲਕਾਂ ਦੀ ਲੁੱਟ ਨੂੰ ਹੋਰ ਤੇਜ਼ ਕਰਨ ਲਈ ਕਾਰਪੋਰੇਟ ਪੱਖੀ ਨੀਤੀਆਂ ਮੜ੍ਹੀਆਂ ਜਾ ਰਹੀਆਂ ਹਨ ਜਿਸ ਦੀ ਮਿਸਾਲ ਭਾਰਤ ਉਪਰ ਅਮਰੀਕਾ ਵਰਗੇ ਸਾਮਰਾਜੀ ਮੁਲਕ ਵੱਲੋਂ ਜਬਰੀ ਮੁਕਤ ਵਪਾਰ ਸਮਝੌਤਾ ਥੋਪਿਆ ਜਾ ਰਿਹਾ ਹੈ ਜਿਸ ਤਹਿਤ ਖੇਤੀ, ਡੇਅਰੀ ਵਪਾਰ ਅਤੇ ਪੋਲਟਰੀ ਫਾਰਮਿੰਗ ਵਰਗੇ ਸਹਾਇਕ ਧੰਦੇ ਸਦਾ ਲਈ ਤਬਾਹ ਹੋ ਜਾਣਗੇ। ਉਨ੍ਹਾਂ ਬੀਜ ਬਿੱਲ, ਬਿਜਲੀ ਸੋਧ ਬਿੱਲ ਅਤੇ ਲੇਬਰ ਕੋਡ ਰੱਦ ਕਰਾਉਣ ਅਤੇ ਜੀ ਰਾਮ ਜੀ ਵਰਗੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਦਿਆਂ ਸਮੂਹ ਕਿਸਾਨ ਮਜ਼ਦੂਰ ਮੁਲਾਜ਼ਮ ਦੁਕਾਨਦਾਰ ਅਤੇ ਹਰ ਵਰਗ ਦੇ ਕਿਰਤੀ ਲੋਕਾਂ ਨੂੰ ਇਕੱਠੇ ਹੋ ਕੇ ਵਿਸ਼ਾਲ ਸੰਘਰਸ਼ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਐਸੋਸੀਏਸ਼ਨ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਅਤੇ ਆਮ ਲੋਕਾਂ ਦੇ ਸੰਘਰਸ਼ਾਂ 'ਚ ਪਹਿਲਾਂ ਵੀ ਸਮਰਥਨ ਅਨੁਸਾਰ ਸਹਿਯੋਗ ਦਿੰਦੀ ਰਹੀ ਹੈ ਤੇ ਭਵਿੱਖ 'ਚ ਵੀ ਇਹ ਵਰਤਾਰਾ ਬਾਦਸਤੂਰ ਜਾਰੀ ਰਹੇਗਾ। ਉਹਨਾਂ ਜ਼ਿਲ੍ਹਾ ਜਲੰਧਰ ਦੀ ਸਮੁੱਚੀ ਟੀਮ ਵੱਲੋਂ ਤਨਦੇਹੀ ਨਾਲ ਨਿਭਾਈਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਧੰਨਵਾਦ ਵੀ ਕੀਤਾ। ਕੈਂਪ ਦੀ ਜ਼ਿੰਮੇਵਾਰੀ ਸੁਰਿੰਦਰ ਕੁਮਾਰ ਸਾਂਗਵਾਲ, ਦਲਜੀਤ ਸਿੰਘ ਕਰਤਾਰਪੁਰ, ਮੁਨੀਸ਼ ਗੌਤਮ ਕਰਤਾਰਪੁਰ, ਸਾਹਿਦ ਆਲਮ ਜਲੰਧਰ ਆਦਿ ਵੱਲੋਂ ਬਾਖੂਬੀ ਅਤੇ ਤਨਦੇਹੀ ਨਾਲ ਨਿਭਾਈ ਜਾ ਰਹੀ ਹੈ।

## ਆਰ ਬੀ ਯੂ ਵਿਖੇ ਪ੍ਰੀਖਿਆ ਪ੍ਰਣਾਲੀ 'ਚ ਸੁਧਾਰਾਂ 'ਤੇ ਮਾਹਰਾਂ ਨੇ ਕੀਤੀ ਚਰਚਾ

**ਮੁਹਾਲੀ** (ਗੁਰਜੀਤ ਬਿੱਲਾ)- ਰਿਆਤ ਬਾਹਰਾ ਯੂਨੀਵਰਸਿਟੀ ਵਿਖੇ 'ਜਨ ਪਰੀਕਸ਼ਾ ਸੰਵਾਦ' ਤਹਿਤ ਉੱਚ ਪੱਧਰੀ ਅਕਾਦਮਿਕ ਸੰਵਾਦ ਕਰਵਾਇਆ ਗਿਆ, ਜਿਸ ਦੌਰਾਨ ਪ੍ਰੀਖਿਆ ਸੁਧਾਰਾਂ, ਪਾਰਦਰਸ਼ਤਾ, ਸਮਾਵੇਸ਼ਤਾ, ਤਕਨਾਲੋਜੀ ਅਤੇ ਵਿਦਿਆਰਥੀ ਭਲਾਈ ਨਾਲ ਸੰਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਹ ਪ੍ਰੋਗਰਾਮ ਭਾਰਤੀ ਸਿੱਖਿਆ ਮੰਡਲ, ਪੰਜਾਬ ਅਤੇ ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਗਿਆ।ਰਿਆਤ ਬਾਹਰਾ ਯੂਨੀਵਰਸਿਟੀ ਦੇ ਈ-ਸੈੱਲ ਦੀ ਡਾਇਰੈਕਟਰ ਡਾ. ਸਿੰਮੀ ਪ੍ਰਕਾਸ਼ ਨੇ ਦੱਸਿਆ ਕਿ ਸੰਵਾਦ ਵਿੱਚ ਵਾਈਸ-ਚਾਂਸਲਰ, ਡਾਇਰੈਕਟਰ, ਪ੍ਰਿੰਸੀਪਲ, ਫੈਕਲਟੀ ਮੈਂਬਰ, ਸਿੱਖਿਆ ਸ਼ਾਸਤਰੀ, ਮਾਪੇ, ਵਿਦਿਆਰਥੀ ਅਤੇ ਹੋਰ ਹਿੱਤਧਾਰਕਾਂ ਨੇ ਪ੍ਰੀਖਿਆ ਪ੍ਰਣਾਲੀ ਨਾਲ ਜੁੜੀਆਂ ਉਭਰਦੀਆਂ ਚੁਣੌਤੀਆਂ 'ਤੇ ਚਰਚਾ ਕੀਤੀ ਅਤੇ ਇਸ ਨੂੰ ਹੋਰ ਮਜ਼ਬੂਤ ਬਣਾਉਣ ਦੇ ਤਰੀਕਿਆਂ ਬਾਰੇ ਵਿਚਾਰ ਸਾਂਝੇ ਕੀਤੇ।ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਸਵਾਗਤੀ ਭਾਸ਼ਣ ਦੌਰਾਨ ਪਾਰਦਰਸ਼ੀ, ਸਮਾਵੇਸ਼ੀ ਅਤੇ ਵਿਦਿਆਰਥੀ-ਕੇਂਦ੍ਰਿਤ ਪ੍ਰੀਖਿਆ ਪ੍ਰਣਾਲੀ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖਿਆ ਖੇਤਰ ਦੇ ਆਗੂਆਂ ਅਤੇ ਹਿੱਤਧਾਰਕਾਂ ਵਿਚਕਾਰ ਸਾਰਥਕ ਅਕਾਦਮਿਕ ਸੰਵਾਦ ਮੁਲਾਂਕਣ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਉਸਾਰੂ ਤਰੀਕੇ ਵਿਕਸਿਤ ਕਰਨ ਵਿੱਚ ਮਦਦਗਾਰ ਹੋ ਸਕਦਾ ਹੈ।ਵਿਚਾਰ-ਵਟਾਂਦਰਾ ਪੰਜ ਸੈਸ਼ਨਾਂ ਵਿੱਚ ਹੋਇਆ, ਜਿਨ੍ਹਾਂ ਵਿੱਚ ਪ੍ਰੀਖਿਆ ਡਿਜ਼ਾਈਨ ਅਤੇ ਮੁਲਾਂਕਣ, ਪ੍ਰੀਖਿਆ ਸੁਰੱਖਿਆ ਤੇ ਭਰੋਸੇਯੋਗਤਾ, ਤਕਨਾਲੋਜੀ-ਅਧਾਰਤ ਪ੍ਰੀਖਿਆਵਾਂ, ਸਮਾਵੇਸ਼ੀ ਪ੍ਰੀਖਿਆਵਾਂ ਅਤੇ ਵਿਦਿਆਰਥੀ ਅਨੁਭਵ ਤੇ ਭਲਾਈ ਵਰਗੇ ਵਿਸ਼ਿਆਂ 'ਤੇ ਚਰਚਾ ਕੀਤੀ ਗਈ।ਆਈ ਆਈ ਟੀ ਰੋਪੜ ਦੇ ਡਾਇਰੈਕਟਰ ਪ੍ਰੋ. ਡਾ. ਰਾਜੀਵ ਆਹੂਜਾ ਨੇ ਕਿਹਾ ਕਿ ਤਕਨਾਲੋਜੀ ਅਕਾਦਮਿਕ ਇਕਸਾਰਤਾ, ਡਾਟਾ ਸੁਰੱਖਿਆ ਤੇ ਸਮਾਵੇਸ਼ਤਾ ਨੂੰ ਯਕੀਨੀ ਬਣਾਉਂਦੇ ਹੋਏ ਪ੍ਰੀਖਿਆ ਪ੍ਰਣਾਲੀ ਵਿੱਚ ਵੱਡੇ ਬਦਲਾਅ ਲਿਆਉਣ ਦੀ ਸਮਰੱਥਾ ਰੱਖਦੀ ਹੈ।ਹੋਰ ਬੁਲਾਰਿਆਂ ਵਿੱਚ ਗੁਰੂਗ੍ਰਾਮ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਡਾ. ਸੰਜੇ ਕੌਸ਼ਿਕ,





ਨਾਈਟਰ ਦੇ ਡਾਇਰੈਕਟਰ ਪ੍ਰੋ. ਡਾ. ਭੋਲਾ ਰਾਮ ਗੁਰਜਰ, ਸਲਾਈਟ ਯੂਨੀਵਰਸਿਟੀ ਦੇ ਡਾਇਰੈਕਟਰ ਪ੍ਰੋ. ਡਾ. ਮਣੀਕਾਂਤ ਪਾਸਵਾਨ ਅਤੇ ਨਿਪਰ ਮੋਹਾਲੀ ਦੇ ਡਾਇਰੈਕਟਰ ਪ੍ਰੋ. ਦੁਲਾਲ ਪਾਂਡੇ, ਪ੍ਰੋ.ਮੰਜੂ ਗੋਇਲ, ਖੇਤਰੀ ਨਿਰਦੇਸ਼ਕ, ਇਗਨੂ ਖੰਨਾ, ਅਤੇ ਭਾਰਤੀ ਸਿੱਖਿਆ ਮੰਡਲ ਦੇ ਗਣਪਤੀ ਜੀ ਸੰਗਠਨ ਮੰਤਰੀ ਸ਼ਾਮਲ ਸਨ। ਉਨ੍ਹਾਂ ਨੇ ਪ੍ਰੀਖਿਆ ਸੁਧਾਰਾਂ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ।ਖੁੱਲ੍ਹੇ ਵਿਚਾਰ-ਵਟਾਂਦਰੇ ਦੌਰਾਨ ਭਾਗੀਦਾਰਾਂ ਨੂੰ ਪ੍ਰੀਖਿਆ ਸੁਧਾਰਾਂ ਅਤੇ ਵਿਦਿਆਰਥੀ ਭਲਾਈ ਨਾਲ ਸਬੰਧਤ ਆਪਣੀਆਂ ਚਿੰਤਾਵਾਂ ਤੇ ਸੁਝਾਅ ਸਾਂਝੇ ਕਰਨ ਦਾ ਮੌਕਾ ਮਿਲਿਆ।ਪ੍ਰੋਗਰਾਮ ਦੀ ਸਮਾਪਤੀ ਡੀਏਵੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਡਾ. ਮਨੋਜ ਕੁਮਾਰ ਦੇ ਸੰਬੋਧਨ ਨਾਲ ਹੋਈ, ਜਿਸ ਤੋਂ ਬਾਅਦ ਪ੍ਰੋ. ਡਾ. ਰਾਜੀਵ ਆਹੂਜਾ ਨੇ ਸਮਾਪਤੀ ਭਾਸ਼ਣ ਦਿੱਤਾ।

## ਬਾਬਾ ਇੱਛਾਧਾਰੀ ਦਰਬਾਰ 'ਤੇ ਸਲਾਨਾ ਮੇਲਾ ਸ਼ਰਧਾ ਭਾਵਨਾ ਨਾਲ ਮਨਾਇਆ

**ਕਪੂਰਥਲਾ** (ਮਨਜੀਤ ਮਾਨ) ਦਰਬਾਰ ਦੇ ਸੇਵਾਦਾਰ ਲਵ ਇਟਲੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਧੰਨ ਧੰਨ ਬਾਬਾ ਇੱਛਾਧਾਰੀ ਜੀ ਸ਼ਿਵ ਮੰਦਰ ਮੇਲਾ ਪ੍ਰਬੰਧਕ



ਕਮੇਟੀ ਪਿੰਡ ਅਠੌਲਾ, ਜ਼ਿਲ੍ਹਾ ਜਲੰਧਰ ਦੇ ਗੱਦੀ ਨਸ਼ੀਨ ਬਾਬਾ ਜਸਪਾਲ ਕੌਰ ਦੀ ਰਹਿਨੁਮਾਈ ਹੇਠ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਗਿਆ। ਮੇਲੇ ਵਿੱਚ ਬਾਬਾ ਜੀ ਦੇ ਗੁਣਗਾਨ ਕਰਨ ਲਈ ਪੰਜਾਬ ਦੇ ਵਰਲਡ ਫੇਮਸ ਪੰਜਾਬੀ ਲੋਕ ਗਾਇਕ ਗਾਇਕ ਬੂਟਾ ਮੁਹੰਮਦ , ਅਮਰੀਕ ਮਾਈਕਲ, ਪਰਵੇਜ਼ ਆਲਮ, ਗੁਰਪ੍ਰੀਤ ਗੋਪੀ, ਬੰਟੀ ਕਵਾਲ, ਕੁਲਵਿੰਦਰ ਕਿੰਦਾ, ਪਾਲੀ ਦੇਤਵਾਲੀਆ, ਰਾਣਾ ਲਹਿਰੀ, ਮੰਤਰੀ ਸਾਹਿਬ, ਗੋਪੀ ਸਰਪੰਚ, ਨੂਰ ਸਿੱਧੂ, ਨਿਮਰ ਗਿੱਲ ਨੇ ਦਰਬਾਰ ਤੇ ਖੂਬ ਰੰਗ ਬੰਨ੍ਹਿਆਂ।

## ਸਾਬਕਾ ਵਿਧਾਇਕ ਦੀ ਪਤਨੀ ਨੇ ਲਾਲੜੂ 'ਚ ਚਲਾਈ ਜਨ ਸੰਪਰਕ ਮੁਹਿੰਮ

**ਲਾਲੜੂ** (ਵਿਨੈ ਕੁਮਾਰ ਜੈਨ)- ਡੇਰਾਬੱਸੀ ਵਿਧਾਨ ਸਭਾ ਹਲਕੇ ਤੋਂ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਦੀ ਪਤਨੀ ਅਤੇ ਮਹਿਲਾ ਅਕਾਲੀ ਆਗੂ ਬਬੀਤਾ ਸ਼ਰਮਾ ਨੇ ਲਾਲੜੂ ਤੋਂ ਮਹਿਲਾ ਜਨ ਸੰਪਰਕ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਲਾਲੜੂ ਵਿੱਚ ਔਰਤਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਅਕਾਲੀ ਦਲ ਦੀਆਂ ਮਹਿਲਾ-ਪੱਖੀ ਨੀਤੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਡੇਰਾਬੱਸੀ ਹਲਕੇ



ਵਿੱਚ ਹਰ ਰੋਜ਼ ਔਰਤਾਂ ਨਾਲ ਝਪਟਮਾਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਔਰਤਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਹੈ। ਬਹੁਤ ਜਲਦ ਪਾਰਟੀ ਦੀ ਸੀਨੀਅਰ ਆਗੂ ਹਰਸਿਮਰਤ ਕੌਰ ਬਾਦਲ ਡੇਰਾਬੱਸੀ ਹਲਕੇ ਦਾ ਦੌਰਾ ਕਰਕੇ ਉੱਥੋਂ ਦੀਆਂ ਔਰਤਾਂ ਦੀਆਂ ਸਮੱਸਿਆਵਾਂ ਸੁਣਨਗੇ। ਬਬੀਤਾ ਸ਼ਰਮਾ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਔਰਤਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਸ਼ਹਿਰੀ ਪ੍ਰਧਾਨ ਗੁਰਵਿੰਦਰ ਸਿੰਘ, ਸਾਬਕਾ ਕੌਂਸਲਰ ਮਨਜੀਤ ਕੌਰ, ਸਵਰਨਜੀਤ ਕੌਰ, ਕੁਲਜੀਤ ਕੌਰ, ਕੁਲਦੀਪ ਕੌਰ, ਬਲਵਿੰਦਰ ਕੌਰ, ਗੁਰਮੇਲ ਕੌਰ, ਬਲਵੀਰ ਕੌਰ, ਸੁਰਿੰਦਰ ਕੌਰ, ਜਸਵੀਰ ਕੌਰ, ਪਿਆਰੀ ਦੇਵੀ, ਪਿੰਕੀ ਰਾਣੀ, ਮਨਜੀਤ ਕੌਰ, ਕਿਰਨਾ ਦੇਵੀ, ਗੁਰਮੀਤ ਕੌਰ, ਜਸਵੀਰ ਕੌਰ, ਸੁਰਜੀਤੋ, ਸਿਮਰਨਜੀਤ ਕੌਰ ਸਮੇਤ ਕਈ ਮਹਿਲਾ ਵਰਕਰ ਹਾਜ਼ਰ ਸਨ।

## ਕਕਰਾਲੀ ਤੇ ਆਸ-ਪਾਸ ਦੇ ਖੇਤਰ 'ਚ ਨਾਜਾਇਜ਼ ਮਾਈਨਿੰਗ, ਲੋਕਾਂ 'ਚ ਰੋਸ

**ਡੇਰਾਬੱਸੀ** (ਵਿਨੈ ਕੁਮਾਰ ਜੈਨ)- ਡੇਰਾਬੱਸੀ ਹਲਕੇ ਦੇ ਪਿੰਡ ਕਕਰਾਲੀ ਅਤੇ ਆਸ-ਪਾਸ ਦੇ ਖੇਤਰ ਵਿੱਚ ਨਾਜਾਇਜ਼ ਮਾਈਨਿੰਗ ਦਾ ਮਾਮਲਾ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ਹੈ। ਪਿੰਡ ਵਾਸੀਆਂ ਨੇ ਦੋਸ਼ ਲਾਇਆ ਹੈ ਕਿ ਐਤਵਾਰ ਨੂੰ ਛੁੱਟੀ ਵਾਲੇ ਦਿਨ ਵੀ ਚਿੱਟੇ ਦਿਨ ਮਾਈਨਿੰਗ ਕੀਤੀ ਜਾ ਰਹੀ ਹੈ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਦਿਨ-ਦਿਹਾੜੇ ਭਾਰੀ ਮਸ਼ੀਨਰੀ ਅਤੇ ਵਾਹਨਾਂ ਰਾਹੀਂ ਮਿੱਟੀ/ਮਾਈਨਿੰਗ ਸਮੱਗਰੀ ਦੀ ਢੋਆ-ਢੁਆਈ ਹੋ ਰਹੀ ਹੈ ਤਾਂ ਸੰਬੰਧਤ ਵਿਭਾਗਾਂ ਦੀ ਨਜ਼ਰ ਇਸ ਵੱਲ ਨਾ ਪੈਣਾ ਆਪਣੇ ਆਪ ਵਿੱਚ ਕਈ ਸਵਾਲ ਖੜ੍ਹੇ ਕਰਦਾ ਹੈ।ਇਲਾਕਾ ਵਾਸੀਆਂ ਮੁਤਾਬਕ ਕਕਰਾਲੀ ਅਤੇ ਨੇੜਲੇ ਖੇਤਰ ਵਿੱਚ ਮਾਈਨਿੰਗ ਨੂੰ ਲੈ ਕੇ ਪਹਿਲਾਂ ਵੀ ਸਵਾਲ ਉੱਠਦੇ ਰਹੇ ਹਨ। ਇਸ ਦੇ ਬਾਵਜੂਦ ਜੇਕਰ ਬਿਨਾਂ ਲੋੜੀਂਦੀ ਮਨਜ਼ੂਰੀ ਜਾਂ ਨਿਯਮਾਂ ਦੀ ਉਲੰਘਣਾ ਕਰਕੇ ਖੁਦਾਈ ਕੀਤੀ ਜਾ ਰਹੀ ਹੈ ਤਾਂ ਇਸ ਦੀ ਤੁਰੰਤ ਜਾਂਚ ਹੋਣੀ ਚਾਹੀਦੀ ਹੈ। ਲੋਕਾਂ ਨੇ ਖਦਸ਼ਾ ਜਤਾਇਆ ਕਿ ਲਗਾਤਾਰ ਡੂੰਘੀ ਖੁਦਾਈ ਨਾਲ ਜ਼ਮੀਨ ਦਾ ਸਰੂਪ ਵਿਗੜਨ ਦੇ ਨਾਲ-ਨਾਲ ਆਲੇ-ਦੁਆਲੇ ਦੀਆਂ ਸੜਕਾਂ ਅਤੇ ਵਾਤਾਵਰਨ ਉੱਤੇ ਵੀ ਮਾੜਾ ਅਸਰ ਪੈ ਸਕਦਾ ਹੈ।ਪਿੰਡ ਵਾਸੀਆਂ ਨੇ ਕਿਹਾ ਕਿ ਮਾਈਨਿੰਗ ਨੂੰ ਰੋਕਣ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਸੰਬੰਧਤ ਵਿਭਾਗਾਂ ਦੀ ਜ਼ਿੰਮੇਵਾਰੀ ਤੈਅ ਹੈ। ਅਜਿਹੇ ਵਿੱਚ ਐਤਵਾਰ ਨੂੰ ਦਿਨ ਵੇਲੇ ਮਾਈਨਿੰਗ ਹੋਣ ਦੇ ਦੋਸ਼ਾਂ ਨੇ ਮਾਈਨਿੰਗ ਵਿਭਾਗ ਅਤੇ ਪੁਲਸ ਦੀ ਨਿਗਰਾਨੀ ਉੱਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਮੰਗ ਕੀਤੀ ਕਿ ਪ੍ਰਸ਼ਾਸਨ ਮੌਕੇ ਦੀ ਜਾਂਚ ਕਰਵਾ ਕੇ ਇਹ ਸਪੱਸ਼ਟ ਕਰੇ ਕਿ ਖੁਦਾਈ ਲਈ ਕੋਈ ਕਾਨੂੰਨੀ ਮਨਜ਼ੂਰੀ ਲਈ ਗਈ ਹੈ ਜਾਂ ਨਹੀਂ ਅਤੇ ਮਨਜ਼ੂਰੀ ਹੋਣ ਦੀ ਸੂਰਤ ਵਿੱਚ ਕੀ ਮਾਈਨਿੰਗ ਨਿਰਧਾਰਤ ਹੱਦਾਂ ਅਤੇ ਸ਼ਰਤਾਂ ਅਨੁਸਾਰ ਹੀ ਕੀਤੀ ਜਾ ਰਹੀ ਹੈ।

ਪਿੰਡ ਵਾਸੀਆਂ ਨੇ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਮਾਈਨਿੰਗ ਵਿਭਾਗ ਤੋਂ ਮੰਗ ਕੀਤੀ ਹੈ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਜਾਂਚ ਕਰਵਾਈ ਜਾਵੇ।

ਜੇਕਰ ਮਾਈਨਿੰਗ ਗੈਰ-ਕਾਨੂੰਨੀ ਪਾਈ ਜਾਂਦੀ ਹੈ ਤਾਂ ਇਸ ਨੂੰ ਤੁਰੰਤ ਬੰਦ ਕਰਵਾ ਕੇ ਮਸ਼ੀਨਰੀ ਅਤੇ ਵਾਹਨਾਂ ਸਬੰਧੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ ਅਤੇ ਇਸ ਪਿੱਛੇ ਜ਼ਿੰਮੇਵਾਰ ਲੋਕਾਂ ਦੀ ਭੂਮਿਕਾ ਵੀ ਜਾਂਚੀ ਜਾਵੇ।ਇਸ ਮਾਮਲੇ ਵਿੱਚ ਮਾਈਨਿੰਗ ਵਿਭਾਗ ਦੇ ਐਕਸੀਅਨ ਗੁਰਤੇਜ ਸਿੰਘ ਗਰਚਾ ਨੇ ਆਖਿਆ ਕਿ ਹੁਣੇ ਉਹ ਟੀਮ ਭੇਜ ਕੇ ਕਾਰਵਾਈ ਕਰਾਉਂਦੇ ਹਨ।

## ਇੰਡੀਅਨ ਸਕੂਲ ਆਫ ਬਿਜ਼ਨਸ ਲੀਡਰਸ਼ਿਪ ਸਮਿਟ 2026 ਕਰਵਾਇਆ

**ਮੋਹਾਲੀ** (ਗੁਰਜੀਤ ਬਿੱਲਾ)- ਸਾਬਕਾ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਤੇ ਚੰਡੀਗੜ੍ਹ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਮੋਹਾਲੀ ਸਥਿਤ ਇੰਡੀਅਨ ਸਕੂਲ ਆਫ ਬਿਜ਼ਨਸ (ਆਈ ਐੱਸ ਬੀ) ਕੈਂਪਸ ਵਿਖੇ ਕਰਵਾਏ ਗਏ ਆਈ ਐੱਸ ਬੀ ਲੀਡਰਸ਼ਿਪ ਸਮਿਟ 2026 ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਤੇਜ਼ੀ ਨਾਲ ਬਦਲ ਰਹੀ ਵਿਸ਼ਵ ਵਿਵਸਥਾ, ਬਦਲਦੇ ਭੂ-ਰਾਜਨੀਤਿਕ ਸਮੀਕਰਨਾਂ ਅਤੇ ਦੁਨੀਆ ਸਾਹਮਣੇ ਮੌਜੂਦ ਰਣਨੀਤਕ ਅਨਿਸ਼ਚਿਤਤਾਵਾਂ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਮੁੱਖ ਬੁਲਾਰੇ ਵਜੋਂ





ਸੰਬੋਧਨ ਕਰਦਿਆਂ ਤਿਵਾੜੀ ਨੇ ਰਾਜ-ਪ੍ਰਬੰਧਨ, ਵਿਸ਼ਵ ਸ਼ਕਤੀ ਅਤੇ ਵਧੇਰੇ ਗੁੰਝਲਦਾਰ ਤੇ ਬਦਲਦੇ ਅੰਤਰਰਾਸ਼ਟਰੀ ਮਾਹੌਲ ਵਿੱਚ ਭਾਰਤ ਦੀ ਸਥਿਤੀ ਨਾਲ ਜੁੜੇ ਵੱਡੇ ਸਵਾਲਾਂ 'ਤੇ ਆਪਣੇ ਵਿਚਾਰ ਰੱਖੇ। ਉਨ੍ਹਾਂ ਨੇ ਇਨ੍ਹਾਂ ਤਬਦੀਲੀਆਂ ਨਾਲ ਪੈਦਾ ਹੋਣ ਵਾਲੀਆਂ ਚੁਣੌਤੀਆਂ ਅਤੇ ਮੌਕਿਆਂ ਦੇ ਨਾਲ-ਨਾਲ ਭਾਰਤ ਦੀ ਰਣਨੀਤਕ ਦਿਸ਼ਾ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵੀ ਚਰਚਾ ਕੀਤੀ।ਇਸ ਮੌਕੇ ਆਪਣੇ ਸੰਬੋਧਨ ਵਿੱਚ ਤਿਵਾੜੀ ਨੇ ਕਿਹਾ ਕਿ 2019 ਤੋਂ 2026 ਦੇ ਦਰਮਿਆਨ ਦੁਨੀਆ ਵਿੱਚ ਬੇਹੱਦ ਵੱਡੀ ਤਬਦੀਲੀ ਆਈ ਹੈ। ਬਿਜ਼ਨਸ ਦੇ ਵਿਦਿਆਰਥੀ ਹੋਣ ਦੇ ਨਾਤੇ ਤੁਸੀਂ ਆਪਣੇ ਆਪ ਨੂੰ ਉਸ ਵੱਡੇ ਭੂ-ਰਾਜਨੀਤਿਕ ਢਾਂਚੇ ਤੋਂ ਵੱਖ ਨਹੀਂ ਕਰ ਸਕਦੇ, ਜੋ ਨਾ ਸਿਰਫ਼ ਸਾਡੀ ਰੋਜ਼ਾਨਾ ਦੀ ਕੰਮਕਾਜੀ ਜ਼ਿੰਦਗੀ, ਸਗੋਂ ਇਸ ਤੋਂ ਵੀ ਵੱਧ ਸਾਡੀ ਸਭਿਅਤਾ ਵਜੋਂ ਹੋਂਦ ਨੂੰ ਪ੍ਰਭਾਵਿਤ ਕਰਦਾ ਹੈ। ਲੇਕਿਨ ਬਦਕਿਸਮਤੀ ਨਾਲ ਚੌਥੀ ਉਦਯੋਗਿਕ ਕ੍ਰਾਂਤੀ ਦੀਆਂ ਤਕਨੀਕਾਂ ਦੇ ਖੇਤਰ ਵਿੱਚ ਅਸੀਂ ਅਜੇ ਤੱਕ ਆਪਣੀ ਪਕੜ ਨਹੀਂ ਬਣਾ ਸਕੇ। ਇਸ ਦਾ ਕਾਰਨ ਇਹ ਨਹੀਂ ਕਿ ਸਾਡੇ ਕੋਲ ਪ੍ਰਤਿਭਾ ਨਹੀਂ ਹੈ, ਜਾਂ ਸਾਡੇ ਕੋਲ ਸਮਰੱਥਾ ਵਿਕਸਤ ਕਰਨ ਦੀ ਯੋਗਤਾ ਨਹੀਂ ਹੈ, ਸਗੋਂ ਕਾਰਨ ਇਹ ਹੈ ਕਿ ਅਸੀਂ ਇਸ ਖੇਤਰ ਦੇ ਪਿੱਛੇ ਲੋੜੀਂਦੀ ਪੂੰਜੀ ਨਹੀਂ ਲਗਾ ਰਹੇ ਹਾਂ।

ਤਿਵਾੜੀ ਨੇ ਕਿਹਾ ਕਿ ਅਮਰੀਕਾ ਵਿੱਚ ਇਸ ਸਮੇਂ ਹੋ ਰਿਹਾ ਏ ਆਈ ਬੁਨਿਆਦੀ ਢਾਂਚੇ ਦਾ ਵਿਸਥਾਰ ਸ਼ਾਇਦ ਅਮਰੀਕਾ ਦੇ 'ਗਿਲਡਡ ਏਜ' ਦੌਰ ਵਿੱਚ ਰੇਲਵੇ ਦੇ ਨਿਰਮਾਣ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਬੁਨਿਆਦੀ ਢਾਂਚਾ ਪ੍ਰੋਜੈਕਟ ਹੈ। ਉਨ੍ਹਾਂ ਨੇ ਕਿਹਾ ਕਿ ਇਸੇ ਤਰ੍ਹਾਂ ਚੀਨ ਵਿੱਚ ਵੀ ਸੈਮੀਕੰਡਕਟਰ, ਡਾਟਾ ਸੈਂਟਰ ਅਤੇ ਸਮਰੱਥਾ ਨਿਰਮਾਣ ਦੇ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਕੰਮ ਹੋ ਰਿਹਾ ਹੈ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਜੇ ਭਾਰਤ ਨੂੰ ਉਹ ਉਭਰਦੀ ਵੱਡੀ ਤਾਕਤ ਬਣਨਾ ਹੈ, ਜਿਸਦੀ ਅਸੀਂ ਸਾਰੇ ਆਪਣੇ ਦੇਸ਼ ਲਈ ਕਾਮਨਾ ਕਰਦੇ ਹਾਂ, ਤਾਂ ਭਾਰਤ ਨੂੰ ਆਪਣੀ ਸਮਰੱਥਾ ਅਨੁਸਾਰ ਪੂਰਾ ਜ਼ੋਰ ਲਗਾਉਣਾ ਹੋਵੇਗਾ।

## ਪੰਜਾਬੀ ਸ਼ਾਰਟਹੈਂਡ ਦੀ ਸਿਖਲਾਈ ਲਈ ਦਾਖਲਾ 5 ਅਕਤੂਬਰ ਤੱਕ

**ਮੁਹਾਲੀ** (ਗੁਰਜੀਤ ਬਿੱਲਾ)- ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪੰਜਾਬੀ ਸੈੱਲ ਚੰਡੀਗੜ੍ਹ ਜੋ ਕਿ ਸਰਕਾਰੀ ਕਾਲਜ ਫੇਜ਼-06 ਮੋਹਾਲੀ ਵਿਖੇ ਚੱਲ ਰਿਹਾ ਹੈ, ਵੱਲੋਂ ਸੈਸ਼ਨ 2026-27 ਦੇ ਲਈ ਪੰਜਾਬੀ ਸ਼ਾਰਟਹੈਂਡ ਦੀ ਮੁਫਤੀ ਸਿਖਲਾਈ ਦੀਆਂ ਕਲਾਸਾਂ ਲਈ ਨਵਾਂ ਦਾਖਲਾ ਕੀਤਾ ਗਿਆ ਹੈ। ਪ੍ਰੰਤੂ ਇਨ੍ਹਾਂ ਕਲਾਸਾਂ ਲਈ ਕੁਝ ਸੀਟਾਂ ਖਾਲੀ ਰਹਿ ਗਈਆਂ ਹਨ।

ਇਸ ਲਈ ਪੰਜਾਬੀ ਸ਼ਾਰਟਹੈਂਡ ਸਿੱਖਣ ਦੇ ਚਾਹਵਾਨ ਚੰਡੀਗੜ੍ਹ ਅਤੇ ਚੰਡੀਗੜ੍ਹ ਦੇ ਨੇੜਲੇ ਇਲਾਕਿਆਂ ਦੇ ਉਮੀਦਵਾਰ ਜੋ ਇਨ੍ਹਾਂ ਕਲਾਸਾਂ ਵਿਚ ਦਾਖਲਾ ਲੈਣਾ ਚਾਹੁੰਦੇ ਹਨ, ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਦਾਖਲੇ ਲਈ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਰੱਖੀ ਗਈ ਹੈ। ਇਨ੍ਹਾਂ ਕਲਾਸਾਂ ਲਈ ਫਾਰਮ ਭਰਨ ਦੀ ਆਖਰੀ 5 ਅਕਤੂਬਰ, 2026 ਹੋਵੇਗੀ।

ਖਾਲੀ ਸੀਟਾਂ ਭਰਨ ਲਈ ਉਮੀਦਵਾਰਾਂ ਦੀ ਚੋਣ ਮੈਰਿਟ ਦੇ ਆਧਾਰ ਤੇ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਉਮੀਦਵਾਰ 5 ਅਕਤੂਬਰ 2026 ਤੱਕ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫਤਰੀ ਸਮੇਂ (ਸੋਮਵਾਰ ਤੋਂ ਸ਼ੁੱਕਰਵਾਰ) ਦਫਤਰ ਸਹਾਇਕ ਡਾਇਰੈਕਟਰ, ਪੰਜਾਬੀ ਸੈੱਲ, ਸਰਕਾਰੀ ਕਾਲਜ, ਫੇਜ਼-6 (ਸਾਹਮਣੇ ਸਰਕਾਰੀ ਹਸਪਤਾਲ) ਮੋਹਾਲੀ ਵਿਖੇ ਸੰਪਰਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ 7740077401 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਯੂਥ ਸਪੋਰਟਸ ਕਲੱਬ ਮਿੱਠਾਪੁਰ ਵੱਲੋਂ ਜੂਨੀਅਰ ਏਸ਼ੀਆ ਕੱਪ ਜੇਤੂ ਖਿਡਾਰੀਆਂ ਦਾ ਸਨਮਾਨ

**ਜਲੰਧਰ** (ਸ਼ੈਲੀ ਐਲਬਰਟ)- ਚੀਨ ਵਿੱਚ ਏਸ਼ੀਆ ਕੱਪ ਜੇਤੂ ਭਾਰਤੀ ਜੂਨੀਅਰ ਪੁਰਸ਼ ਹਾਕੀ ਟੀਮ ਦੇ ਜਲੰਧਰ ਨਾਲ ਸੰਬੰਧਤ ਤਿੰਨ ਖਿਡਾਰੀਆਂ ਦਾ ਯੂਥ ਸਪੋਰਟਸ ਕਲੱਬ ਮਿੱਠਾਪਰ ਵੱਲੋਂ



ਮਿੱਠਾਪੁਰ ਦੇ ਦਰਸ਼ਨ ਸਿੰਘ ਕੇਪੀ ਹਾਕੀ ਸਟੇਡੀਅਮ ਵਿਖੇ ਸਨਮਾਨ ਕੀਤਾ ਗਿਆ। ਸਨਮਾਨਤ ਖਿਡਾਰੀਆਂ ਵਿੱਚ ਮਿੱਠਾਪੁਰ ਨਿਵਾਸੀ ਪ੍ਰਭਦੀਪ ਸਿੰਘ, ਖੁਸਰੋਪੁਰ ਨਿਵਾਸੀ ਮਨਮੀਤ ਸਿੰਘ ਰਾਏ, ਪੀ ਏ ਪੀ ਜਲੰਧਰ ਨਿਵਾਸੀ ਲਵਨੂਰ ਸਿੰਘ ਸ਼ਾਮਲ ਹਨ। ਜਿਥੇ ਯੂਥ ਸਪੋਰਟਸ ਕਲੱਬ ਵੱਲੋਂ ਇਨ੍ਹਾਂ ਖਿਡਾਰੀਆਂ ਦਾ ਸਨਮਾਨ ਕੀਤੇ ਜਾਣ ਸਮੇਂ ਹਾਕੀ ਪੰਜਾਬ ਦੇ ਮੁੱਖ ਸਲਾਹਕਾਰ ਪਦਮ ਸ੍ਰੀ ਪਰਗਟ ਸਿੰਘ ਵਿਧਾਇਕ ਜਲੰਧਰ ਕੈਂਟ, ਹਾਕੀ ਪੰਜਾਬ ਦੇ ਸਕੱਤਰ ਜਨਰਲ ਅਤੇ ਯੂਥ ਸਪੋਰਟਸ ਕਲੱਬ ਦੇ ਪ੍ਰਧਾਨ ਅਮਰੀਕ ਸਿੰਘ ਪੁਆਰ, ਹਾਕੀ ਪੰਜਾਬ ਦੇ ਨਵੇਂ ਨਿਯੁਕਤ ਹੋਏ ਸੀ ਈ ਓ ਕੁਲਬੀਰ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਇਨ੍ਹਾਂ ਖਿਡਾਰੀਆਂ ਨੇ ਦੇਸ਼ ਦੇ ਨਾਲ ਨਾਲ ਪੰਜਾਬ ਦਾ ਨਾਂਅ ਉੱਚਾ ਕੀਤਾ ਹੈ।

## ਸ਼ਿਵ ਮੰਦਰ ਬਾਬਾ ਇੱਛਾਧਾਰੀ ਦਰਬਾਰ 'ਤੇ ਸਾਲਾਨਾ ਮੇਲਾ ਮਨਾਇਆ

**ਕਪੂਰਥਲਾ** (ਮਨਜੀਤ ਮਾਨ)- ਦਰਬਾਰ ਦੇ ਸੇਵਾਦਾਰ ਲਵ ਇਟਲੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਧੰਨ ਧੰਨ ਬਾਬਾ ਇੱਛਾਧਾਰੀ ਸ਼ਿਵ ਮੰਦਿਰ ਮੇਲਾ ਪ੍ਰਬੰਧਕ ਕਮੇਟੀ ਪਿੰਡ ਅਠੌਲਾ ਜ਼ਿਲ੍ਹਾ ਜਲੰਧਰ ਦੇ ਗੱਦੀ ਨਸ਼ੀਨ ਬਾਬਾ ਜਸਪਾਲ ਕੌਰ ਦੀ ਰਹਿਨੁਮਾਈ ਹੇਠ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਗਿਆ। ਇਸ ਮੌਕੇ ਦਰਬਾਰ ਤੇ ਗੁਰੂ ਜੀ ਦੇ ਅੱਟੁਟ ਲੰਗਰ ਸੰਗਤਾਂ ਨੂੰ ਛਕਾਏ ਗਏ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਵਾਈਆਂ ਗਈਆਂ।ਮੇਲੇ ਵਿੱਚ ਬਾਬਾ ਜੀ ਦੇ ਗੁਣਗਾਨ ਕਰਨ ਲਈ ਪੰਜਾਬ ਦੇ ਵਿਸ਼ਵ ਪ੍ਰਸਿੱਧ ਪੰਜਾਬੀ ਲੋਕ ਗਾਇਕ ਬੂਟਾ ਮੁਹੰਮਦ, ਅਮਰੀਕ ਮਾਈਕਲ, ਪਰਵੇਜ਼ ਆਲਮ, ਗੁਰਪ੍ਰੀਤ ਗੋਪੀ, ਬੰਟੀ ਕਵਾਲ, ਕੁਲਵਿੰਦਰ ਕਿੰਦਾ, ਪਾਲੀ ਦੇਤਵਾਲੀਆ, ਰਾਣਾ ਲਹਿਰੀ, ਮੰਤਰੀ ਸਾਹਿਬ, ਗੋਪੀ ਸਰਪੰਚ, ਨੂਰ ਸਿੱਧੂ, ਨਿਮਰ ਗਿੱਲ ਨੇ ਦਰਬਾਰ ਤੇ ਖੂਬ ਰੰਗ ਬੰਨ੍ਹਿਆ। ਇਸ ਤੋਂ ਇਲਾਵਾ ਮਨਜੀਤ ਨੂਰਪੁਰੀ ਅਤੇ ਪਾਰਟੀ ਵਲੋਂ ਧੰਨ ਧੰਨ ਬਾਬਾ ਗੁੱਗਾ ਜਾਹਰ ਪੀਰ ਦੇ ਸੋਹਲੇ ਗਾਏ ਗਏ । ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ ਨੇ ਸ਼ਿਰਕਤ ਕੀਤੀ। ਪਿੰਡ ਅਠੌਲਾ ਦੀ ਨਗਰ ਪੰਚਾਇਤ ਅਤੇ ਬਹੁਤ ਸਾਰੇ ਐਨ ਆਰ ਆਈ ਪਰਵਾਰ ਵੀ ਮੇਲੇ ਵਿੱਚ ਆਪਣਾ ਯੋਗਦਾਨ ਪਾਇਆ । ਮੇਲੇ ਵਿੱਚ ਪਹੁੰਚੇ ਸੰਤਾ ਮਹਾਂਪੁਰਸ਼ ਅਤੇ ਕਲਾਕਾਰਾਂ ਦਾ ਬਾਬਾ ਜਸਪਾਲ ਕੌਰ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ।

## ਜੂਨੀਅਰ ਏਸ਼ੀਆ ਕੱਪ ਜੇਤੂ ਖਿਡਾਰਨ ਸੁਪਰੀਆ ਨੂੰ ਸਪਾਂਸਰਸ਼ਿਪ ਪ੍ਰਦਾਨ

**ਜਲੰਧਰ** (ਸ਼ੈਲੀ ਐਲਬਰਟ)- ਜਲੰਧਰ ਦੀ ਪ੍ਰਸਿੱਧ ਖੇਡਾਂ ਦਾ ਸਮਾਨ ਬਣਾਉਣ ਵਾਲੀ ਕੰਪਨੀ ਜੇ ਜੇ ਜੋਨੈਕਸ ਨੇ ਚੀਨ ਵਿੱਚ ਸੰਪੰਨ ਹੋਏ ਜੂਨੀਅਰ ਏਸ਼ੀਆ ਕੱਪ ਦੀ ਜੇਤੂ ਭਾਰਤੀ ਮਹਿਲਾ ਹਾਕੀ ਟੀਮ ਦੀ



ਡਰੈਕ ਫਲਿਕਰ ਸੁਪਰਿਆ ਜੋ ਕਿ ਹਰਿਆਣਾ ਦੇ ਸ਼ਹਿਰ ਹਿਸਾਰ ਦੀ ਰਹਿਣ ਵਾਲੀ ਹੈ, ਨੂੰ ਸਪਾਂਸਰਸ਼ਿਪ ਪ੍ਰਦਾਨ ਕੀਤੀ ਹੈ। ਹਾਕੀ ਖਿਡਾਰਣ ਜੋ ਕਿ ਆਪਣੇ ਮਾਤਾ, ਪਿਤਾ, ਭਰਾ ਅਤੇ ਚਾਚਾ ਦੇ ਨਾਲ ਜਲੰਧਰ ਵਿਖੇ ਜੇ ਜੇ ਜੌਨੈਕਸ ਕੰਪਨੀ ਪਹੁੰਚੀ, ਦਾ ਸਵਾਗਤ ਜੇ ਜੇ ਜੌਨੈਕਸ ਪਰਵਾਰ ਵਲੋਂ ਕੀਤਾ ਗਿਆ।ਇਸ ਖਿਡਾਰਣ ਨੂੰ ਸਪਾਂਸਰਸ਼ਿਪ ਪ੍ਰਦਾਨ ਕਰਨ ਵਾਲਿਆਂ ਵਿੱਚ ਜਨਕ ਰਾਜ ਮਹਾਜਨ, ਰਾਜਿੰਦਰ ਪ੍ਰਸਾਦ ਮਹਾਜਨ,ਦੀਪਕ ਮਹਾਜਨ, ਗੌਰਵ ਮਹਾਜਨ, ਅਮਿਤ ਮਹਾਜਨ, ਨਵਿਆ, ਸੋਮਲ ਅਤੇ ਕੇਸ਼ਵ ਵਿਸ਼ੇਸ਼ ਤੌਰ ਤੇ ਸ਼ਾਮਲ ਸਨ। ਇਸ ਮੌਕੇ ਤੇ ਭਾਰਤੀ ਮਹਿਲਾ ਹਾਕੀ ਟੀਮ ਦੀ ਜਿੱਤ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ।ਸੁਪਰੀਆ ਨੇ ਏਸ਼ੀਆ ਕੱਪ ਦੇ ਦੌਰਾਨ ਬੇਹਤਰੀਨ ਪ੍ਰਦਰਸ਼ਨ ਕੀਤਾ।ਉਸ ਨੇ ਪਾਕਿਸਤਾਨ ਖਿਲਾਫ ਡਰੈਕ ਫਲਿਕ ਦੇ ਰਾਹੀਂ ਦੋ ਗੋਲ ਕੀਤੇ ਤੇ ਸੈਮੀਫਾਇਨਲ ਵਿੱਚ ਡਰੈਕ ਫਲਿਕ ਰਾਹੀਂ ਹੈਟ੍ਰਿਕ ਕੀਤੀ। ਇਸ ਮੌਕੇ ਤੇ ਸੁਪਰੀਆ ਨੇ ਜੇ ਜੇ ਜੌਨੈਕਸ ਕੰਪਨੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੇਕਰ ਹੋਰ ਵੀ ਕੰਪਨੀਆਂ ਖਿਡਾਰੀਆਂ ਦੀ ਮਦਦ ਲਈ ਅੱਗੇ ਆਉਣਗੀਆਂ ਤਾਂ ਖਿਡਾਰੀ ਹੋਰ ਵੀ ਬੇਹਤਰ ਪ੍ਰਦਰਸ਼ਨ ਕਰਕੇ ਦੇਸ਼ ਦਾ ਨਾਂਅ ਰੋਸ਼ਨ ਕਰ ਸਕਣਗੇ।

## ਨੈਸ਼ਨਲ ਓਰਲ ਹੈਲਥ ਪ੍ਰੋਗਰਾਮ ਤਹਿਤ ਸਕੂਲ 'ਚ ਡੈਂਟਲ ਹੈਲਥ ਚੈੱਕਅੱਪ ਕੈਂਪ ਲਗਾਇਆ

**ਮੇਹਟੀਆਣਾ** (ਜਗਤਾਰ ਸਿੰਘ ਭੁੰਗਰਨੀ)- ਸਿਹਤ ਅਤੇ ਪਰਵਾਰ ਭਲਾਈ ਵਿਭਾਗ ਵੱਲੋਂ ਚਲਾਏ ਜਾ ਰਹੇ 'ਰਾਸ਼ਟਰੀ ਓਰਲ ਹੈਲਥ ਪ੍ਰੋਗਰਾਮ' ਅਧੀਨ ਸਿਵਲ ਸਰਜਨ ਡਾ. ਮਨਦੀਪ ਕਮਲ ਅਤੇ ਜ਼ਿਲ੍ਹਾ ਡੈਂਟਲ ਹੈਲਥ ਅਫਸਰ ਡਾ. ਕਪਿਲ ਡੋਗਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਸਿੰਘ ਬੈਂਸ ਦੀ ਅਗਵਾਈ ਹੇਠ ਸੀਨੀਅਰ ਸੈਕੰਡਰੀ ਸਕੂਲ ਬਸੀ ਕਲਾਂ ਵਿਖੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਅਤੇ ਸੰਭਾਲ ਸੰਬੰਧੀ ਡੈਂਟਲ ਹੈਲਥ ਚੈੱਕਅੱਪ ਕੈਂਪ ਲਗਾਇਆ ਗਿਆ। ਕੈਂਪ ਦਾ ਮੁੱਖ ਉਦੇਸ਼ ਬੱਚਿਆਂ ਨੂੰ ਮੂੰਹ ਅਤੇ ਦੰਦਾਂ ਦੀਆਂ ਬਿਮਾਰੀਆਂ ਤੋਂ ਬਚਾਅ, ਸਮੇਂ ਸਿਰ ਜਾਂਚ ਅਤੇ ਸਹੀ ਇਲਾਜ ਬਾਰੇ ਜਾਗਰੂਕ ਕਰਨਾ ਹੈ।ਇਸ ਮੌਕੇ ਹਾਜ਼ਰ ਦੰਦਾਂ ਦੇ ਡਾਕਟਰ ਸੰਦੀਪ ਡਮਾਣਾ ਨੇ ਵਿਦਿਆਰਥੀਆਂ ਨੂੰ ਦੰਦਾਂ ਦੀ ਸਿਹਤ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੂੰਹ ਅਤੇ ਦੰਦਾਂ ਦੀ ਸਫ਼ਾਈ ਸਿਹਤਮੰਦ ਜੀਵਨ ਦਾ ਇੱਕ ਅਹਿਮ ਹਿੱਸਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਦਿਨ ਵਿੱਚ ਘੱਟੋ-ਘੱਟ ਦੋ ਵਾਰ (ਸਵੇਰੇ ਉੱਠਣ ਤੋਂ ਬਾਅਦ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ) ਸਹੀ ਢੰਗ ਨਾਲ ਬੁਰਸ਼ ਕਰਨ, ਖਾਣਾ ਖਾਣ ਤੋਂ ਬਾਅਦ ਮੂੰਹ ਦੀ ਸਫ਼ਾਈ ਕਰਨ ਅਤੇ ਬਹੁਤ ਜ਼ਿਆਦਾ ਮਿੱਠੀਆਂ ਚੀਜ਼ਾਂ, ਟੌਫੀਆਂ, ਚਾਕਲੇਟ ਅਤੇ ਕੋਲਡ ਡ੍ਰਿੰਕਸ ਦੀ ਵਰਤੋਂ ਤੋਂ ਪਰਹੇਜ਼ ਰੱਖਣ ਅਤੇ ਹਰੀਆਂ ਸਬਜ਼ੀਆਂ,



ਫਲ ਤੇ ਦੁੱਧ ਵਰਗੀਆਂ ਪੌਸ਼ਟਿਕ ਚੀਜ਼ਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਬੱਚਿਆਂ ਵਿੱਚ ਦੰਦਾਂ ਦੀਆਂ ਸਮੱਸਿਆਵਾਂ ਨੂੰ ਸ਼ੁਰੂਆਤੀ ਪੜਾਅ 'ਤੇ ਪਛਾਣ ਲੈਣਾ ਬਹੁਤ ਜ਼ਰੂਰੀ ਹੈ। ਜੇਕਰ ਦੰਦਾਂ ਵਿੱਚ ਦਰਦ, ਕੀੜਾ ਲੱਗਣਾ, ਮਸੂੜਿਆਂ ਵਿੱਚ ਸੋਜ ਜਾਂ ਖੂਨ ਆਉਣਾ ਵਰਗੀ ਕੋਈ ਸਮੱਸਿਆ ਹੋਵੇ ਤਾਂ ਤੁਰੰਤ ਦੰਦਾਂ ਦੇ ਮਾਹਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਇਹ ਵੀ ਸਮਝਾਇਆ ਕਿ ਨਿਯਮਿਤ ਦੰਦਾਂ ਦੀ ਜਾਂਚ ਕਰਵਾਉਣ ਨਾਲ ਦੰਦਾਂ ਅਤੇ ਮਸੂੜਿਆਂ ਨਾਲ ਸਬੰਧਤ ਕਈ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ। ਇਸ ਮੌਕੇ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਓਰਲ ਹਾਈਜੀਨ ਅਤੇ ਮੂੰਹ ਦੀਆਂ ਬਿਮਾਰੀਆਂ ਤੋਂ ਬਚਾਅ ਸੰਬੰਧੀ ਜਾਣਕਾਰੀ ਵੀ ਦਿੱਤੀ ਗਈ।ਡਾਕਟਰ ਸੰਦੀਪ ਡਮਾਣਾ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਅਤੇ ਖਾਸ ਕਰਕੇ ਸਕੂਲੀ ਬੱਚਿਆਂ ਨੂੰ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ ਲਈ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਅਧੀਨ ਬਲਾਕ ਦੇ ਹਰ ਸਰਕਾਰੀ ਸਕੂਲ ਵਿੱਚ ਅਜਿਹੇ ਕੈਂਪ ਲਗਾ ਕੇ ਬੱਚਿਆਂ ਦੇ ਦੰਦਾਂ ਦੀ ਸਿਹਤ ਸੰਭਾਲ ਨੂੰ ਯਕੀਨੀ ਬਣਾਉਣ ਲਈ ਅਜਿਹੀਆਂ ਗਤੀਵਿਧੀਆਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਜਤਿੰਦਰ ਸਿੰਘ, ਅਧਿਆਪਕ ਜਸਵਿੰਦਰ ਕੌਰ , ਗੀਤੂ ਜਰੇਵਾਲ, ਸੀਮਾ ਰਾਣੀ, ਰੁਪਿੰਦਰ ਕੌਰ, ਪਰਮਜੀਤ ਕੌਰ, ਅੰਜਲੀ ਸ਼ਰਮਾਂ, ਮੁਹੰਮਦ ਲਤੀਫ ਤੇ ਕੈਪਟਨ ਬਲਵੀਰ ਸਿੰਘ ਤੋਂ ਇਲਾਵਾ ਆਸ਼ਾ ਵਰਕਰ ਰੇਸ਼ਮ ਕੌਰ ਅਤੇ ਅਮਿਤਾ ਰਾਣੀ ਹਾਜ਼ਰ ਸਨ।

## ਐੱਲ ਪੀ ਯੂ ਵਿਖੇ 'ਇੰਟੈਲੀਜੈਂਟ ਸਰਕਟ ਤੇ ਸਿਸਟਮ' 'ਤੇ 8ਵਾਂ ਅੰਤਰਰਾਸ਼ਟਰੀ ਸੰਮੇਲਨ

**ਜਲੰਧਰ** (ਸ਼ੈਲੀ ਐਲਬਰਟ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਵਿਖੇ 'ਇੰਟੈਲੀਜੈਂਟ ਸਰਕਟ ਅਤੇ ਸਿਸਟਮ' 'ਤੇ 8ਵੇਂ ਅੰਤਰਰਾਸ਼ਟਰੀ ਸੰਮੇਲਨ ਵਿੱਚ ਉਦਯੋਗ ਅਤੇ ਅਕਾਦਮਿਕ ਵਿਚਕਾਰ ਇੱਕ ਵੱਡਾ ਸਹਿਯੋਗ ਦੇਖਿਆ ਗਿਆ, ਜਿਸ ਦੇ ਵਿਦਿਆਰਥੀਆਂ ਦੇ ਕਰੀਅਰ ਲਈ ਮਹੱਤਵਪੂਰਨ ਨਤੀਜੇ ਆਏ। ਯੂਨੀਵਰਸਿਟੀ ਨੇ ਔਰੇਂਜਵੁੱਡ ਨਾਲ ਇੱਕ ਸਮਝੌਤਾ ਪੱਤਰ (ਐੱਮ ਓ ਯੂ) 'ਤੇ ਹਸਤਾਖਰ ਕੀਤੇ ਤੇ 51 ਐੱਲ ਪੀ ਯੂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦਾਖਲੇ ਦੇ ਪਹਿਲੇ ਦਿਨ ਟਰੂਚਿਪ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ ਤੋਂ





ਨੌਕਰੀ ਦੀ ਪੇਸ਼ਕਸ਼ ਪੱਤਰ ਪ੍ਰਾਪਤ ਹੋਏ। ਐੱਲ ਪੀ ਯੂ ਦੇ ਸਕੂਲ ਆਫ਼ ਇਲੈਕਟ੍ਰਾਨਿਕਸ ਐਂਡ ਇਲੈਕਟ੍ਰੀਕਲ ਇੰਜੀਨੀਅਰਿੰਗ (ਐੱਸ ਈ ਈ ਈ) ਦੁਆਰਾ ਆਯੋਜਿਤ ਇਸ ਅੰਤਰਰਾਸ਼ਟਰੀ ਕਾਨਫਰੰਸ ਨੇ ਖੋਜਕਰਤਾਵਾਂ, ਸਿੱਖਿਆ ਸ਼ਾਸਤਰੀਆਂ, ਤਕਨਾਲੋਜੀ ਮਾਹਿਰਾਂ, ਉਦਯੋਗ ਪੇਸ਼ੇਵਰਾਂ, ਨਵੀਨਤਾਕਾਰਾਂ ਅਤੇ ਵਿਦਿਆਰਥੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ, ਇੰਟੈਲੀਜੈਂਟ ਸਰਕਟਾਂ ਅਤੇ ਸਿਸਟਮਾਂ, ਇਲੈਕਟ੍ਰਾਨਿਕਸ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਬਾਰੇ ਸਿੱਖਣ ਲਈ ਇਕੱਠਾ ਕੀਤਾ।ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚੇ 4 ਗੁਣਵੱਤਾ ਸਿੱਖਿਆ ਦੇ ਅਨੁਸਾਰ ਇਹ ਕਾਨਫਰੰਸ ਐੱਲ ਪੀ ਯੂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਕਾਦਮਿਕ ਅਧਿਐਨ ਦੇ ਨਾਲ-ਨਾਲ ਅਤਿ ਆਧੁਨਿਕ ਤਕਨਾਲੋਜੀ, ਖੋਜ ਅਤੇ ਉਦਯੋਗ ਅਭਿਆਸਾਂ ਨਾਲ ਜਾਣੂ ਕਰਵਾਉਣ 'ਤੇ ਕੇਂਦ੍ਰਿਤ ਹੈ। ਇਸ ਪ੍ਰੋਗਰਾਮ ਵਿੱਚ ਮਲੇਸ਼ੀਆ ਦੀ ਯੂਨੀਵਰਸਿਟੀ ਟੁੰਕੂ ਅਬਦੁਲ ਰਹਿਮਾਨ ਦੇ ਸੀਨੀਅਰ ਪ੍ਰੋਫੈਸਰ ਡਾ. ਕੇ. ਕੇ. ਚੌਂਗ ਦੀ ਅੰਤਰਰਾਸ਼ਟਰੀ ਭਾਗੀਦਾਰੀ ਵੀ ਸ਼ਾਮਲ ਸੀ, ਜੋ ਵਰਚੁਅਲੀ ਸ਼ਾਮਲ ਹੋਏ ਅਤੇ 'ਸਨ-ਟਰੈਕਿੰਗ ਸਿਸਟਮ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਏਕੀਕਰਨ: ਡਿਜ਼ਾਈਨ ਅਤੇ ਵਿਕਾਸ' ਵਿਸ਼ੇ 'ਤੇ ਭਾਗੀਦਾਰਾਂ ਨੂੰ ਸੰਬੋਧਨ ਕੀਤਾ।

ਉਨ੍ਹਾਂ ਦੇ ਸੈਸ਼ਨ ਨੇ ਕਾਨਫਰੰਸ ਵਿੱਚ ਇੱਕ ਅੰਤਰਰਾਸ਼ਟਰੀ ਖੋਜ ਦ੍ਰਿਸ਼ਟੀਕੋਣ ਲਿਆਂਦਾ ਅਤੇ ਬੁੱਧੀਮਾਨ ਅਤੇ ਟਿਕਾਊ ਇੰਜੀਨੀਅਰਿੰਗ ਪ੍ਰਣਾਲੀਆਂ ਨੂੰ ਵਿਕਸਤ ਕਰਨ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਨੂੰ ਪ੍ਰਦਰਸ਼ਿਤ ਕੀਤਾ।ਇਸ ਮੌਕੇ 'ਤੇ ਬੋਲਦੇ ਹੋਏ, ਐੱਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਯੂਨੀਵਰਸਿਟੀ ਅਤੇ ਉਦਯੋਗ ਵਿਚਕਾਰ ਲਗਾਤਾਰ ਸਾਂਝੇਦਾਰੀ ਬਣਾਉਣ ਦੇ ਮਹੱਤਵ 'ਤੇ ਜ਼ੋਰ ਦਿੱਤਾ, ਤੇਜ਼ੀ ਨਾਲ ਬਦਲ ਰਹੇ ਤਕਨਾਲੋਜੀ ਖੇਤਰ ਦੀਆਂ ਜ਼ਰੂਰਤਾਂ ਦੇ ਨਾਲ ਨੇੜਿਓਂ ਜੁੜੇ ਰਹਿਣ ਲਈ ਅਕਾਦਮਿਕ ਅਧਿਐਨਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

## ਫੂਡ ਸੇਫਟੀ ਵਿੰਗ ਵੱਲੋਂ ਸਵੀਟ ਸ਼ਾਪ ਤੇ ਬੇਕਰੀਆਂ ਦੀ ਵਿਸ਼ੇਸ਼ ਜਾਂਚ ਮੁਹਿੰਮ

**ਕਪੂਰਥਲਾ** (ਮਨਜੀਤ ਮਾਨ)- ਕਮਲਪ੍ਰੀਤ ਕੌਰ ਬਰਾੜ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਆਕਾਸ਼ ਬਾਂਸਲ ਡਿਪਟੀ ਕਮਿਸ਼ਨਰ ਕਪੂਰਥਲਾ ਤੇ ਡਾ. ਰਾਜੀਵ ਪਰਾਸ਼ਰ ਸਿਵਲ ਸਰਜਨ ਕਪੂਰਥਲਾ ਦੇ ਦਿਸ਼ਾ-



ਨਿਰਦੇਸ਼ਾਂ ਅਨੁਸਾਰ ਫੂਡ ਸੇਫਟੀ ਵਿੰਗ, ਕਪੂਰਥਲਾ ਵੱਲੋਂ ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਸਹਾਇਕ ਕਮਿਸ਼ਨਰ (ਫੂਡ) ਹਰਜੋਤ ਪਾਲ ਸਿੰਘ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਫਗਵਾੜਾ ਖੇਤਰ ਵਿੱਚ ਕੁਲ 5 ਫੂਡ ਕਾਰੋਬਾਰੀ ਅਦਾਰਿਆਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚ 3 ਮਠਿਆਈਆਂ ਦੀਆਂ ਦੁਕਾਨਾਂ ਅਤੇ 2 ਬੇਕਰੀ ਯੂਨਿਟ ਸ਼ਾਮਲ ਸਨ। ਜਾਂਚ ਦੌਰਾਨ ਫੂਡ ਕਾਰੋਬਾਰੀ ਅਦਾਰਿਆਂ ਵਿੱਚ ਸਫ਼ਾਈ-ਸਫ਼ਾਈ, ਖਾਧ ਪਦਾਰਥਾਂ ਦੀ ਸਟੋਰੇਜ, ਕੱਚੇ ਮਾਲ ਦੀ ਵਰਤੋਂ ਅਤੇ ਹੋਰ ਫੂਡ ਸੇਫਟੀ ਮਾਪਦੰਡਾਂ ਦੀ ਵਿਸਥਾਰਪੂਰਵਕ ਜਾਂਚ ਕੀਤੀ ਗਈ। ਜਾਂਚ ਦੌਰਾਨ ਅਣਸਵੱਛ ਹਾਲਾਤ ਪਾਏ ਜਾਣ 'ਤੇ 1 ਚਲਾਨ ਜਾਰੀ ਕੀਤਾ ਗਿਆ, ਜਦਕਿ ਨਿਯਮਾਂ ਦੀ ਪਾਲਣਾ ਵਿੱਚ ਪਾਈਆਂ ਗਈਆਂ ਕਮੀਆਂ ਸੰਬੰਧੀ 2 ਇੰਪਰੂਵਮੈਂਟ ਨੋਟਿਸ ਜਾਰੀ ਕੀਤੇ ਗਏ। ਇਸ ਤੋਂ ਇਲਾਵਾ ਮੁਹਿੰਮ ਦੌਰਾਨ ਹਲਵਾਈਆਂ ਅਤੇ ਬੇਕਰੀ ਯੂਨਿਟਾਂ ਨੂੰ ਖਾਧ ਸੁਰੱਖਿਆ ਅਤੇ ਸਫ਼ਾਈ ਸਬੰਧੀ ਲਾਜ਼ਮੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਉਨ੍ਹਾਂ ਨੂੰ ਅਦਾਰਿਆਂ ਨੂੰ ਹਰ ਸਮੇਂ ਸਾਫ਼-ਸੁਥਰਾ ਰੱਖਣ, ਢੱਕਣ ਵਾਲੇ ਡਸਟਬਿਨ ਦੀ ਵਰਤੋਂ ਕਰਨ, ਕੂੜਾ-ਕਰਕਟ ਖੁੱਲ੍ਹੇ ਵਿੱਚ ਜਾਂ ਸੜਕ 'ਤੇ ਨਾ ਸੁੱਟਣ ਅਤੇ ਕੰਮ ਦੌਰਾਨ ਯਥਾਸੰਭਵ ਦਸਤਾਨੇ, ਹੈੱਡ ਕੈਪ ਅਤੇ ਸਾਫ਼ ਕੱਪੜਿਆਂ ਦੀ ਵਰਤੋਂ ਕਰਨ ਲਈ ਕਿਹਾ ਗਿਆ।

## ਮੀਰੀ ਪੀਰੀ ਖਾਲਸਾ ਮਾਰਚ ਦਾ ਡਰੋਲੀ, ਕਾਲਰਾ ਪਹੁੰਚਣ 'ਤੇ ਭਰਵਾਂ ਸਵਾਗਤ

**ਆਦਮਪੁਰ** (ਪਰਮਜੀਤ ਸਿੰਘ)- ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ ਪੀਰੀ ਦਿਵਸ ਨੂੰ ਸਮਰਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੱਢੇ ਜਾ ਰਹੇ ਮੀਰੀ ਪੀਰੀ ਖ਼ਾਲਸਾ ਮਾਰਚ ਦਾ ਆਦਮਪੁਰ ਵਿਖੇ ਪਹੁੰਚਣ ਤੋਂ ਪਹਿਲਾਂ ਆਦਮਪੁਰ ਦੇ ਨਜ਼ਦੀਕੀ ਪਿੰਡ ਡਰੋਲੀ ਕਲਾਂ ਵਿਖੇ ਧੰਨ-ਧੰਨ ਸ਼ਹੀਦ ਬਾਬਾ ਮਤੀ ਜੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਦੀ ਦੇਖ-ਰੇਖ ਹੇਠ ਇਲਾਕੇ ਦੀਆਂ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਕੌਮ 'ਤੇ ਕਈ ਵਾਰ ਬਿਖੜੇ ਸਮੇਂ ਆਏ, ਘਲੂਘਾਰਿਆਂ ਦੌਰਾਨ ਹਜ਼ਾਰਾਂ ਸ਼ਹਾਦਤਾਂ ਹੋਈਆਂ ਪਰ ਗੁਰੂ ਨੇ ਕਦੀ ਵੀ ਸਿੱਖ ਦੀ ਪਿੱਠ ਨਹੀਂ ਲੱਗਣ ਦਿੱਤੀ। ਇਨ੍ਹਾਂ ਸਖ਼ਤ ਇਮਤਿਹਾਨਾਂ ਦੇ ਬਾਵਜੂਦ ਸਿੱਖ ਕੌਮ ਨੇ ਕਦੇ ਹੌਸਲਾ ਨਹੀਂ ਹਾਰਿਆ। ਉਨ੍ਹਾਂ ਕਿਹਾ ਕਿ ਦੁਆਬੇ ਦੀ ਧਰਤੀ 'ਤੇ ਜਿੱਥੇ ਗੁਰੂ ਸਾਹਿਬ ਨੇ ਚਰਨ ਪਾਏ ਹਨ, ਉੱਥੇ ਬੱਬਰ ਅਕਾਲੀ ਯੋਧਿਆਂ ਦਾ ਇਤਿਹਾਸ ਵੀ ਇਸ ਦੀ ਵਿਰਾਸਤ ਹੈ। ਉਨ੍ਹਾਂ ਪੰਜਾਬੀਆਂ ਨੂੰ ਆਪਣੀ ਜਾਇਦਾਦ ਨੂੰ ਨਾ ਵੇਚਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ



ਕਿ ਅੱਜ ਵੀ ਦਰਪੇਸ਼ ਚੁਣੌਤੀਆਂ ਦੇ ਟਾਕਰੇ ਲਈ ਆਪਣੀ ਪੁਰਾਤਨ ਵਿਰਾਸਤ ਤੋਂ ਸੇਧ ਲੈ ਗੁਰੂ 'ਤੇ ਭਰੋਸਾ ਰੱਖਦਿਆਂ ਇਕਜੁੱਟ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੀਰੀ ਪੀਰੀ ਖਾਲਸਾ ਮਾਰਚ ਦਾ ਮਕਸਦ ਹੀ ਕੌਮ ਦੀ ਇਕਜੁੱਟਤਾ ਦਾ ਸੁਨੇਹਾ ਦੇਣ ਦੇ ਨਾਲ-ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਗ਼ੈਰ ਕਾਨੂੰਨੀ ਹੈ, ਜਿਸ ਦੀ ਸ਼ਰੇਆਮ ਹੋ ਰਹੀ ਵਿਕਰੀ ਸਰਕਾਰ ਲਈ ਵੱਡਾ ਸਵਾਲ ਹੈ। ਖਾਲਸਾ ਮਾਰਚ ਦੌਰਾਨ ਕਈ ਪਰਵਾਰ ਮਿਲੇ, ਜਿਨ੍ਹਾਂ ਦੇ ਨੌਜਵਾਨ ਨਸ਼ੇ ਦੀ ਭੇਟ ਚੜ੍ਹ ਗਏ। ਇਹ ਪੰਜਾਬ ਦਾ ਦੁਖਾਂਤ ਹੈ, ਜਿਸ ਲਈ ਸਰਕਾਰ ਜਵਾਬਦੇਹ ਹੈ।ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਬੱਚਿਆਂ ਨੂੰ ਗੁਰਬਾਣੀ ਅਤੇ ਗੁਰਮਤਿ ਨਾਲ ਜੋੜ ਕੇ ਅਜਿਹੀਆਂ ਅਲਾਮਤਾਂ ਤੋਂ ਦੂਰ ਰੱਖੀਏ। ਇਸ ਮੌਕੇ ਧੰਨ ਧੰਨ ਸ਼ਹੀਦ ਬਾਬਾ ਮਤੀ ਜੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਪੰਜ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਹਰਮਿੰਦਰ ਸਿੰਘ ਬਿੱਲੂ, ਸਰਪੰਚ ਕਾਲਲਾ, ਜਰਨੈਲ ਸਿੰਘ ਨਡਾਲੋਂ, ਬਾਬਾ ਕਰਮਜੀਤ ਸਿੰਘ, ਬਲਜੀਤ ਸਿੰਘ ਪਧਿਆਣਾ ਨੰਬਰਦਾਰ, ਸੁੱਖਵਿੰਦਰ ਸਿੰਘ ਕੋਟਲੀ ਐਮ ਐਲ ਏ ਹਲਕਾ ਆਦਮਪੁਰ, ਡਾ. ਰਣਵੀਰ ਸਿੰਘ, ਗੁਰਦਿਆਲ ਸਿੰਘ ਨਿੱਝਰ, ਦਲਵੀਰ ਸਿੰਘ ਖੋਜਕੀਪੁਰ, ਧਰਮਪਾਲ ਲੇਸੜੀਵਾਲ, ਡਰੋਲੀ ਕਲਾਂ, ਪਧਿਆਣਾ ਤੇ ਕਾਲਰੇ ਦੀ ਸਮੂਹ ਸੰਗਤ ਹਾਜ਼ਰ ਰਹੀ।

## 'ਫੈਸ਼ਨ ਇੱਕ ਸਮਾਜਿਕ ਤੇ ਵਾਤਾਵਰਣਕ ਸੰਕਟ' ਵਿਸ਼ੇ 'ਤੇ ਵਰਕਸ਼ਾਪ

**ਦਸੂਹਾ** (ਕਰਨੈਲ ਮਾਂਗਟ)- ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਦੇ ਅਧੀਨ ਬੀਬੀ ਅਮਰ ਕੌਰ ਐਜੂਕੇਸ਼ਨਲ ਸੁਸਾਇਟੀ ਵੱਲੋਂ ਸਥਾਪਿਤ ਕੇ





ਐੱਮ ਐੱਸ ਕਾਲਜ ਆਫ ਆਈ ਟੀ ਐਂਡ ਮੈਨੇਜਮੈਂਟ, ਚੌ. ਬੰਤਾ ਸਿੰਘ ਕਲੋਨੀ, ਦਸੂਹਾ ਵਿਖੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਫੈਸ਼ਨ ਉਦਯੋਗ ਦੇ ਸਮਾਜਿਕ ਅਤੇ ਵਾਤਾਵਰਣਕ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ 'ਫੈਸ਼ਨ ਇੱਕ ਸਮਾਜਿਕ ਅਤੇ ਵਾਤਾਵਰਣਕ ਸੰਕਟ' ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕਾਲਜ ਦੇ ਡੀਨ ਅਕਾਦਮਿਕਸ ਡਾ. ਰਾਜੇਸ਼ ਕੁਮਾਰ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਅੱਜ ਦੇ ਸਮੇਂ ਵਿੱਚ ਵੱਡੀ ਮਾਤਰਾ ਵਿੱਚ ਵਰਤੇ ਜਾ ਰਹੇ ਸਸਤੇ ਸਿੰਥੈਟਿਕ ਅਤੇ ਬਣਾਵਟੀ ਰੇਸ਼ੇ ਵਾਲੇ ਕੱਪੜਿਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਡੀਨ ਅਕਾਦਮਿਕ ਡਾ. ਰਾਜੇਸ਼ ਕੁਮਾਰ ਨੇ ਦੱਸਿਆ ਗਿਆ ਕਿ ਅਜਿਹੇ ਕੱਪੜਿਆਂ ਦੇ ਉਤਪਾਦਨ ਦੌਰਾਨ ਵੱਖ-ਵੱਖ ਕਿਸਮ ਦੇ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਕੱਪੜਿਆਂ ਦੀ ਵਰਤੋਂ ਨਾਲ ਜਿੱਥੇ ਮਨੁੱਖੀ ਸਿਹਤ ਅਤੇ ਚਮੜੀ 'ਤੇ ਮਾੜੇ ਪ੍ਰਭਾਵ ਪੈਣ ਦੀ ਸੰਭਾਵਨਾ ਰਹਿੰਦੀ ਹੈ, ਉੱਥੇ ਇਨ੍ਹਾਂ ਦੇ ਉਤਪਾਦਨ ਅਤੇ ਵਰਤੋਂ ਨਾਲ ਵਾਤਾਵਰਣ 'ਤੇ ਵੀ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਵਰਕਸ਼ਾਪ ਵਿੱਚ ਖ਼ਾਸ ਤੌਰ 'ਤੇ ਕੱਪੜਿਆਂ ਦੀ ਵਰਤੋਂ ਤੋਂ ਬਾਅਦ ਪੈਦਾ ਹੋਣ ਵਾਲੇ ਟੈਕਸਟਾਈਲ ਵੇਸਟ ਬਾਰੇ ਵੀ ਚਰਚਾ ਕੀਤੀ ਗਈ। ਡਾ. ਰਾਜੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਈ ਕਿਸਮ ਦੇ ਸਿੰਥੈਟਿਕ ਕੱਪੜੇ ਆਸਾਨੀ ਨਾਲ ਕੁਦਰਤੀ ਤੌਰ 'ਤੇ ਨਸ਼ਟ ਨਹੀਂ ਹੁੰਦੇ ਅਤੇ ਇਨ੍ਹਾਂ ਦੀ ਰੀਸਾਈਕਲਿੰਗ ਵੀ ਇੱਕ ਵੱਡੀ ਚੁਣੌਤੀ ਹੈ। ਵਰਕਸ਼ਾਪ ਦੌਰਾਨ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ ਗਿਆ, ਜਿਸ ਰਾਹੀਂ ਉਨ੍ਹਾਂ ਨੂੰ ਟਿਕਾਊ ਫੈਸ਼ਨ ਅਤੇ ਵਾਤਾਵਰਣ-ਅਨੁਕੂਲ ਜੀਵਨ-ਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਇਨਾਇਤ ਕੌਰ, ਲਖਵਿੰਦਰ ਕੌਰ, ਅਮਨਪ੍ਰੀਤ ਕੌਰ, ਮਨਪ੍ਰੀਤ ਕੌਰ, ਜਸਵਿੰਦਰ ਕੌਰ, ਨੇਹਾ, ਕੁਸਮ ਲਤਾ, ਰੇਨੂੰ, ਹਰਦੀਪ ਕੌਰ, ਮਧੂ ਬਾਲਾ, ਜਗਰੂਪ ਕੌਰ, ਡਾ. ਨੀਲਮ, ਨਿਕਿਤਾ ਠਾਕੁਰ, ਮੁਸਕਾਨ, ਮਨਜੀਤ, ਕਿਰਨਜੀਤ ਕੌਰ, ਸੰਦੀਪ ਕਲੇਰ, ਜਸਪ੍ਰੀਤ ਕੌਰ, ਨੀਤੂ, ਸੋਨਮ ਸਲਾਰੀਆ, ਨਵਨੀਤ ਕੌਰ, ਕਾਜਲ, ਮਨਪ੍ਰੀਤ ਕੌਰ, ਪਰਦੀਪ ਕੁਮਾਰ, ਸਾਹਿਲ ਕੁਮਾਰ, ਸੰਦੀਪ ਕੌਰ, ਪ੍ਰੀਤੀ ਅਤੇ ਸਾਰੇ ਵਿਭਾਗਾਂ ਦੇ ਵਿਦਿਆਰਥੀ ਹਾਜ਼ਰ ਸਨ।

## ਭੁਪਿੰਦਰ ਸਿੰਘ ਰਾਣਾ ਭਵਾਨੀਗੜ੍ਹ ਦਿਹਾਤੀ ਮੰਡਲ ਭਾਜਪਾ ਦੇ ਪ੍ਰਧਾਨ ਨਿਯੁਕਤ



**ਭਵਾਨੀਗੜ੍ਹ (ਰਾਜ ਖੁਰਮੀ)**-ਸਾਲ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਰਤੀ ਜਨਤਾ ਪਾਰਟੀ ਵੱਲੋਂ ਜਥੇਬੰਦਕ ਪੱਧਰ 'ਤੇ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ।ਇਸੇ ਤਹਿਤ ਭਾਜਪਾ ਦੇ ਨੌਜਵਾਨ ਆਗੂ ਭੁਪਿੰਦਰ ਸਿੰਘ ਰਾਣਾ ਵੱਲੋਂ ਪਾਰਟੀ ਲਈ ਕੀਤੀਆਂ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਨੂੰ ਭਾਜਪਾ ਦੇ ਭਵਾਨੀਗੜ੍ਹ ਦਿਹਾਤੀ ਮੰਡਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਨਵੀਂ ਜ਼ਿੰਮੇਵਾਰੀ ਮਿਲਣ ਉਪਰੰਤ ਭੁਪਿੰਦਰ ਸਿੰਘ ਰਾਣਾ ਨੇ ਪਾਰਟੀ ਹਾਈਕਮਾਨ ਤੇ ਜ਼ਿਲ੍ਹਾ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਤਰੱਕੀ ਦੀ ਰਾਹ 'ਤੇ ਅੱਗੇ ਵਧ ਰਿਹਾ ਹੈ ਤੇ ਇਸ ਕਾਰਨ ਨੌਜਵਾਨਾਂ ਵਿੱਚ ਭਾਜਪਾ ਪ੍ਰਤੀ ਰੁਝਾਨ ਵਧ ਰਿਹਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਦੇ ਨਾਲ-ਨਾਲ ਪਿੰਡ ਪੱਧਰ 'ਤੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਉਹ ਵਰਕਰਾਂ ਨਾਲ ਮਿਲ ਕੇ ਕੰਮ ਕਰਨਗੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਰਜੀਵਨ ਜਿੰਦਲ, ਗੁਰਤੇਜ ਸਿੰਘ ਝਨੇੜੀ ਟਰਾਂਸਪੋਰਟ ਕੋਆਰਡੀਨੇਟਰ, ਪੁਰਸ਼ੋਤਮ ਕਾਂਸਲ ਸਮੇਤ ਭਾਜਪਾ ਦੇ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਜਮਹੂਰੀ ਅਧਿਕਾਰ ਸਭਾ ਵੱਲੋਂ ਵਿਸ਼ੇਸ਼ ਵਿਚਾਰ ਚਰਚਾ



**ਸੰਗਰੂਰ (ਪ੍ਰਵੀਨ ਸਿੰਘ)**-ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਵੱਲੋਂ ਅਗਰਵਾਲ ਧਰਮਸ਼ਾਲਾ ਵੱਡਾ ਚੌਕ ਸੰਗਰੂਰ ਵਿਖੇ ਇੱਕ ਵਿਸ਼ੇਸ਼ ਵਿਚਾਰ ਚਰਚਾ ਕਰਵਾਈ ਗਈ।ਇਸ ਵਿਚਾਰ ਚਰਚਾ ਵਿੱਚ ਵੱਡੀ ਗਿਣਤੀ 'ਚ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁਨਾਂ ਅਤੇ ਇਨਸਾਫ਼ ਪਸੰਦ ਵਿਅਕਤੀਆਂ ਭਾਗ ਲਿਆ। ਵਿਚਾਰ ਚਰਚਾ ਨੂੰ ਸ਼ੁਰੂ ਕਰਦਿਆਂ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਨੇ ਬੁਲਾਰੇ, ਮੈਂਬਰਾਂ, ਜਥੇਬੰਦੀਆ ਤੇ ਇਨਸਾਫ ਪਸੰਦ ਹਾਜ਼ਰੀਨ ਨੂੰ ਜੀ ਆਇਆਂ ਕਿਹਾ।ਵਿਚਾਰ ਚਰਚਾ ਲਈ ਰੱਖੇ ਵਿਸ਼ਿਆਂ ਦੀ ਅਹਿਮੀਅਤ ਬਾਰੇ ਚਾਨਣਾ ਪਾਇਆ।

'ਮੌਜੂਦਾ ਫਾਸ਼ੀਵਾਦੀ ਦੌਰ ਵਿੱਚ ਜਮਹੂਰੀ ਅਧਿਕਾਰਾਂ ਨੂੰ ਚੁਣੌਤੀਆਂ' ਵਿਸ਼ੇ 'ਤੇ ਸੰਬੋਧਨ ਕਰਦਿਆਂ ਪ੍ਰਸਿੱਧ ਚਿੰਤਕ ਤੇ ਸਭਾ ਦੇ ਸੂਬਾ ਆਗੂ ਸ੍ਰੀ ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਬੋਲਣ ਦੀ ਆਜ਼ਾਦੀ, ਵਿਰੋਧ ਕਰਨ ਦੇ ਹੱਕ ਤੇ ਜਮਹੂਰੀ ਕਦਰਾਂ-ਕੀਮਤਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ।ਸਤਾ ਵੱਲੋਂ ਸਮਾਜਿਕ ਧਰੁਵੀਕਰਨ, ਘੱਟ ਗਿਣਤੀਆਂ ਨੂੰ ਦੁਸ਼ਮਣਾਂ ਦੇ ਕਟਹਿਰੇ ਵਿੱਚ ਖੜਾ ਕੇ ਕੀਤੇ ਜਾ ਰਹੇ ਹਮਲਿਆਂ, ਦੇਸ਼ ਦੇ ਮਾਲ ਖਜ਼ਾਨਿਆਂ ਦੀ ਕਾਰਪੋਰੇਟ ਕੰਪਨੀਆਂ ਤੇ ਧਨ ਕੁਬੇਰਾਂ ਦੇ ਹਵਾਲੇ ਕਰਨ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਇਸ ਦਾ ਵਿਰੋਧ ਕਰਨ ਵਾਲਿਆਂ ਜਨਤਕ ਜਮਹੂਰੀ ਜਥੇਬੰਦੀਆਂ, ਲੇਖਕਾਂ, ਪੱਤਰਕਾਰਾਂ, ਵਿਦਿਆਰਥੀਆਂ ਤੇ ਬੁੱਧੀਜੀਵੀਆਂ ਨੂੰ ਕਲਮ ਵਾਲੇ ਨਕਸਲੀ, ਸ਼ਹਿਰੀ ਨਕਸਲੀ ਜਾਂ ਦਿਮਾਗੀ ਨਕਸਲੀ ਗ਼ਦਾਰਨ ਕੇ ਸਿੱਧੇ ਹਕੂਮਤੀ ਹਮਲੇ ਹੇਠ ਲਿਆ ਹੋਇਆ ਹੈ।'ਭਾਰਤ ਵਿੱਚ ਨਾਗਰਿਕਤਾ ਦਾ ਸਵਾਲ ਤੇ ਜਮਹੂਰੀ ਅਧਿਕਾਰ' 'ਤੇ ਸੰਬੋਧਨ ਕਰਦਿਆਂ ਸਭਾ ਦੇ ਸੂਬਾ ਕਮੇਟੀ ਦੇ ਮੈਂਬਰ ਸਵਰਨਜੀਤ ਸਿੰਘ ਸੰਗਰੂਰ ਨੇ ਕਿਹਾ ਕਿ ਨਾਗਰਿਕਤਾ ਦਾ ਮੁੱਦਾ ਸਿਰਫ ਕਾਗਜ਼ਾਂ ਦਾ ਮੁੱਦਾ ਨਹੀਂ, ਸਗੋਂ ਇਹ ਹਰ ਵਿਅਕਤੀ ਦੇ ਜਿਉਣ, ਬਰਾਬਰੀ, ਇਨਸਾਫ਼, ਅਧਿਕਾਰਾਂ ਨੂੰ ਮਾਨਣ ਤੇ ਸਨਮਾਨ ਨਾਲ ਜੁੜਿਆ ਹੋਇਆ ਹੈ।ਸੀ ਸੀ ਏ/ਐੱਨ ਆਰ ਸੀ ਦੇ ਵਿਰੋਧ ਵਿੱਚ ਸਮੁੱਚੇ ਦੇਸ਼ ਦੇ ਲੋਕਾਂ ਦੇ ਇਕ ਜੁੱਟ ਵਿਰੋਧ ਕਾਰਨ ਪਿਛੇ ਹਟੇ ਹਾਕਮਾਂ ਨੇ ਸਾਜ਼ਿਸ਼ ਅਧੀਨ ਚੋਣ ਕਮਿਸ਼ਨ ਰਾਹੀਂ ਐੱਸ ਆਈ ਆਰ ਮੜ੍ਹ ਕੇ ਗਰੀਬ ਲੋਕਾਂ ਘੱਟ ਗਿਣਤੀਆਂ, ਦਲਿਤਾਂ ਔਰਤਾਂ ਦੀਆਂ ਵੋਟਾਂ ਨੂੰ ਦੀ ਸੁਧਾਈ ਦੇ ਨਾਂਅ 'ਤੇ ਕੱਟ ਕੇ ਲੋਕਾਂ ਦੀ ਨਾਗਰਿਕਤਾ ਉੱਪਰ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ।ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਵਿੱਤ ਸਕੱਤਰ ਤਰਸੇਮ ਧੂਰੀ ਨੇ ਵੀ ਇਨ੍ਹਾਂ ਵਿਸ਼ਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਕੁਲਵਿੰਦਰ ਸਿੰਘ ਬੰਟੀ ਵੱਲੋਂ ਪੇਸ਼ ਕੀਤੇ ਐੱਸ ਆਈ ਆਰ ਨੂੰ ਬੰਦ ਕਰਨ, ਅਮਰੀਕਾ ਭਾਰਤ ਬੇਮੇਚਾ ਵਪਾਰ ਸਮਝੌਤੇ ਦੀ ਪ੍ਰਕਿਰਿਆ ਬੰਦ ਕਰਨ, ਉਮਰ ਖਾਲਿਦ, ਸਰਜੀਲ ਇਮਾਮ ਸਮੇਤ ਝੂਠੇ ਕੇਸਾਂ ਵਿੱਚ ਬੰਦ ਆਗੂਆਂ, ਬੁੱਧੀਜੀਵੀਆਂ, ਕਾਰਕੁਨਾਂ ਨੂੰ ਰਿਹਾਅ ਕਰਨ, ਜਹਾਂਗੀਰ ਇਥਨੋਲ ਫੈਕਟਰੀ ਬੰਦ ਕਰਨ, ਪੁਲਸ ਦੀਆਂ ਗੱਡੀਆਂ ਤੋਂ ਪਸਤੌਲ ਦੀ ਤਸਵੀਰ ਹਟਾਉਣ, ਲੇਬਰ ਕੋਡ ਰੱਦ ਕਰਨ, ਵੀਬੀ ਜੀ ਰਾਮ ਜੀ ਰੱਦ ਕਰਕੇ ਮਨਰੇਗਾ ਕਾਨੂੰਨ ਬਹਾਲ ਕਰਨ, ਦਿੜ੍ਹਬਾ ਖੁਦਕੁਸ਼ੀ ਕੇਸ ਵਿੱਚ ਵਿੱਤ ਮੰਤਰੀ ਨੂੰ ਨਾਮਜ਼ਦ ਕਰਨ ਤੇ ਸ਼ੇਰੋਂ ਕੇਸ ਵਿੱਚ ਦੋਸ਼ੀ ਪੁਲਸ ਅਫਸਰਾਂ ਖਿਲਾਫ ਕੇਸ ਦਰਜ ਕਰਨ, ਲੈਂਡ ਪੂਲਿੰਗ ਨੀਤੀ ਵਾਪਸ ਲੈਣ ਦੇ ਮਤਿਆਂ ਨੂੰ ਹਾਊਸ ਨੇ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ।ਕੁਲਦੀਪ ਸਿੰਘ ਸਕੱਤਰ ਨੇ ਸਟੇਜ ਸੰਚਾਲਨ ਬਾਖੂਬੀ ਨਿਭਾਈ।ਅੰਤ ਵਿੱਚ ਜਥੇਬੰਦੀ ਦੇ ਮੀਤ ਬਸੇਸਰ ਰਾਮ ਨੇ ਆਏ ਹੋਏ ਸਾਰੇ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ 'ਜਮਹੂਰੀ ਹੱਕਾਂ ਦੀ ਰੱਖਿਆ ਸਭ ਦੀ ਜ਼ਿੰਮੇਵਾਰੀ ਹੈ' ਦੇ ਨਾਅਰੇ ਤਹਿਤ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਕੀਤੇ ਜਾਣਗੇ।

## ਰਿੰਕਾ ਬਾਹਮਣੀਆਂ ਦੇ ਨਿਸ਼ਾਨੇ 'ਤੇ ਵਿਧਾਇਕ ਪੰਡੋਰੀ, ਵਾਅਦਿਆਂ 'ਤੇ ਜਤਾਈ ਨਰਾਜ਼ਗੀ

### ਉਹ ਆਪਣੀ ਮਰਜ਼ੀ ਨਾਲ ਪਾਰਟੀ 'ਚ ਸ਼ਾਮਲ ਹੋਏ : ਵਿਧਾਇਕ ਪੰਡੋਰੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਆਮ ਆਦਮੀ ਪਾਰਟੀ ਦੇ ਆਗੂ ਰਿੰਕਾ ਬਾਹਮਣੀਆਂ ਨੇ ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਖ਼ਿਲਾਫ਼ ਸਿਆਸੀ ਅਣਦੇਖੀ ਤੇ ਪਿੰਡ ਦੇ ਵਿਕਾਸ ਕਾਰਜਾਂ ਸੰਬੰਧੀ ਕਥਿਤ ਤੌਰ 'ਤੇ ਵਾਅਦੇ ਪੂਰੇ ਨਾ ਕਰਨ ਦੇ ਦੋਸ਼ ਲਾਏ ਹਨ।ਮਹਿਲ ਕਲਾਂ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਰਿੰਕਾ ਬਾਹਮਣੀਆਂ ਨੇ ਕਿਹਾ ਕਿ ਉਨ੍ਹਾਂ ਦੀ ਨਰਾਜ਼ਗੀ ਪਾਰਟੀ ਨਾਲ ਨਹੀਂ, ਸਗੋਂ ਉਨ੍ਹਾਂ ਨਾਲ ਹੋਈ ਕਥਿਤ ਸਿਆਸੀ ਬੇਇਨਸਾਫ਼ੀ ਤੇ ਪਿੰਡ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਹੈ।ਰਿੰਕਾ ਬਾਹਮਣੀਆਂ ਨੇ ਕਿਹਾ ਕਿ ਉਹ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵਿੱਚ ਸਰਗਰਮ ਰਹੇ ਹਨ ਤੇ ਵਿਧਾਨ ਸਭਾ ਚੋਣ ਲਈ ਦਾਅਵੇਦਾਰ ਵੀ ਰਹੇ।ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਵਿੱਚ ਸ਼ਾਮਲ ਹੋਣ ਸਮੇਂ ਉਨ੍ਹਾਂ ਨੂੰ ਸਰਕਾਰ ਵਿੱਚ ਢੁੱਕਵਾਂ ਅਹੁਦਾ ਦਿਵਾਉਣ ਤੇ ਪਿੰਡ ਦੇ ਵਿਕਾਸ ਕਾਰਜ ਕਰਵਾਉਣ ਦਾ ਭਰੋਸਾ ਦਿੱਤਾ ਗਿਆ ਸੀ, ਜੋ ਅਜੇ ਤੱਕ ਪੂਰਾ ਨਹੀਂ ਹੋਇਆ।ਉਨ੍ਹਾਂ ਕਿਹਾ ਕਿ ਪਿੰਡ ਦੀ ਪੰਚਾਇਤ ਨੂੰ ਵਿਕਾਸ ਲਈ ਉਮੀਦ ਮੁਤਾਬਕ ਗ੍ਰਾਂਟਾਂ ਨਹੀਂ ਮਿਲੀਆਂ ਤੇ ਕਰੀਬ ਤਿੰਨ ਮਹੀਨੇ ਪਹਿਲਾਂ 20 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਭਰੋਸਾ ਵੀ ਪੂਰਾ ਨਹੀਂ ਹੋਇਆ।ਉਨ੍ਹਾਂ ਦੋਸ਼ ਲਾਇਆ ਕਿ ਪਿੰਡ ਵਿੱਚ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ।ਰਿੰਕਾ ਬਾਹਮਣੀਆਂ ਨੇ ਕਿਹਾ ਕਿ ਉਹ ਪਾਰਟੀ ਨਾਲ ਜੁੜੇ ਹੋਏ ਹਨ ਤੇ ਸੀਨੀਅਰ ਲੀਡਰਸ਼ਿਪ ਅੱਗੇ ਵੀ ਆਪਣਾ ਪੱਖ ਰੱਖਣਗੇ।ਉਨ੍ਹਾਂ ਪਹਿਲੀ ਅਕਤੂਬਰ ਨੂੰ ਨਸ਼ਿਆਂ ਵਿਰੁੱਧ ਲਲਕਾਰ ਰੈਲੀ ਕਰਨ ਦਾ ਐਲਾਨ ਵੀ ਕੀਤਾ।ਇਸ ਸੰਬਧੀ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਰਿੰਕਾ ਬਾਹਮਣੀਆਂ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਨੇ ਰਿੰਕਾ ਬਾਹਮਣੀਆਂ ਨੂੰ 'ਆਪ' ਵਿੱਚ ਸ਼ਾਮਲ ਨਹੀਂ ਕਰਵਾਇਆ, ਸਗੋਂ ਉਹ ਆਪਣੀ ਮਰਜ਼ੀ ਨਾਲ ਪਾਰਟੀ ਵਿੱਚ ਸ਼ਾਮਲ ਹੋਏ ਸਨ।

## ਮਸਤੂਆਣਾ ਸਾਹਿਬ ਵਿਖੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਸ਼ੁਰੂ



**ਸੰਗਰੂਰ (ਪ੍ਰਵੀਨ ਸਿੰਘ)**-ਮਹਾਨ ਤਪੱਸਵੀ ਸੰਤ ਬਾਬਾ ਅਤਰ ਸਿੰਘ ਜੀ ਦੀ 100 ਸਾਲਾ ਬਰਸੀ ਸ਼ਤਾਬਦੀ ਨੂੰ ਸਮਰਪਤ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਪਵਿੱਤਰ ਸਰੋਵਰ ਵਿੱਚੋਂ ਗਾਰ ਕੱਢਣ ਦੀ ਮਹਾਨ ਕਾਰ-ਸੇਵਾ ਐਤਵਾਰ ਪੂਰਨ ਸ਼ਰਧਾ, ਭਾਵਨਾ ਤੇ ਭਾਰੀ ਉਤਸ਼ਾਹ ਨਾਲ ਸ਼ੁਰੂ ਹੋਈ।ਸਵੇਰੇ 9.00 ਵਜੇ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਪੰਜ ਪਿਆਰਿਆਂ ਵੱਲੋਂ ਟੱਕ ਲਗਾ ਕੇ ਕੀਤੀ ਗਈ।ਕਾਰ ਸੇਵਾ ਲਈ ਇਲਾਕੇ ਤੇ ਦੂਰ-ਦੁਰਾਡੇ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਵੱਡੇ ਪੱਧਰ 'ਤੇ ਟਰੈਕਟਰ-ਟਰਾਲੀਆਂ, ਕਹੀਆਂ, ਬੱਠਲ ਤੇ ਲੋੜੀਂਦਾ ਸਾਮਾਨ ਨਾਲ ਲੈ ਕੇ ਸ਼ਾਮਲ ਹੋਈਆਂ।ਸਮੁੱਚੀ ਸੰਗਤ ਸੇਵਾ ਪ੍ਰਤੀ ਅਥਾਹ ਸ਼ਰਧਾ ਤੇ ਧਾਰਮਿਕ ਰੰਗ ਵਿੱਚ ਰੰਗੀ ਹੋਈ ਸੀ ਅਤੇ ਪੂਰਾ ਮਾਹੌਲ 'ਸਤਿਨਾਮ ਵਾਹਿਗੁਰੂ' ਦੇ ਜਾਪਾਂ ਤੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਗੂੰਜ ਰਿਹਾ ਸੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਗੁਰਸਾਗਰ ਟਰੱਸਟ ਦੇ ਪ੍ਰਧਾਨ ਸ੍ਰ. ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੰਗਤਾਂ ਵਿੱਚ ਸਰੋਵਰ ਦੀ ਕਾਰ-ਸੇਵਾ ਲਈ ਭਾਰੀ ਉਤਸ਼ਾਹ ਹੈ।ਗੁਰੂ ਘਰ ਦੀ ਸੇਵਾ ਨਾਲ ਮਨ ਨੂੰ ਅਲੌਕਿਕ ਸ਼ਾਂਤੀ ਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ।ਉਨ੍ਹਾਂ ਸਮੂਹ ਸੰਗਤਾਂ ਤੇ ਆਏ ਮਹਾਂਪੁਰਖਾਂ ਦਾ ਇਸ ਮਹਾਨ ਕਾਰਜ ਵਿੱਚ ਹਿੱਸਾ ਪਾਉਣ ਲਈ ਧੰਨਵਾਦ ਕੀਤਾ।ਇਸ ਮੌਕੇ ਅਕਾਲ ਕਾਲਜ ਕੌਂਸਲ ਦੇ ਪ੍ਰਧਾਨ ਬਾਬਾ ਕਾਕਾ ਸਿੰਘ ਜੀ, ਸਕੱਤਰ ਸ. ਜਸਵੰਤ ਸਿੰਘ ਖਹਿਰਾ, ਅਕਾਲ ਕਾਲਜ ਕੌਂਸਲ ਵੱਲੋਂ ਸਮੂਹ ਸੰਪਰਦਾਵਾਂ, ਸੰਤ ਮਹਾਂਪੁਰਖਾਂ, ਸਿੱਖ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤ ਸਮੇਤ ਵੱਡੀ ਗਿਣਤੀ ਵਿੱਚ ਧਾਰਮਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਹਾਜ਼ਰ ਸਨ।

## 'ਮਾਨ ਦੇ ਮੁਨਾਫ਼ੇ' ਮੁਹਿੰਮ ਨਾਲ ਆਮ ਲੋਕਾਂ ਨੂੰ ਸਰਕਾਰੀ ਸਹੂਲਤਾਂ ਦਾ ਲਾਭ ਮਿਲੇਗਾ : ਢਿੱਲੋਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲੁਧਿਆਣਾ ਦੇ ਇੰਡੋਰ ਸਟੇਡੀਅਮ ਵਿਖੇ ਸਮਾਗਮ ਵਿੱਚ 'ਮਾਨ ਦੇ ਮੁਨਾਫ਼ੇ' ਵਾਲੀ ਸ਼ੁਰੂ ਕੀਤੀ ਮੁਹਿੰਮ ਪੰਜਾਬੀਆਂ ਲਈ ਇਕ ਸ਼ਲਾਘਾਯੋਗ ਉਪਰਾਲਾ ਹੈ। ਇਸ ਗੱਲ ਦਾ ਪ੍ਰਗਟਾਵਾ ਚੇਅਰਮੈਨ ਤੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਨੇ ਕੀਤਾ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਸੂਬੇ ਆਮ ਲੋਕਾਂ ਨੂੰ ਘਰ-ਘਰ ਜਾ ਕੇ ਸਰਕਾਰੀ ਯੋਜਨਾਵਾਂ ਤੇ ਸਹੂਲਤਾਂ ਬਾਰੇ ਦਸਣਗੇ ਤਾਂ ਕਿ ਵੱਧ ਤੋਂ ਵੱਧ ਲੋਕ ਲਾਭ ਲੈ ਸਕਣ। ਮੁੱਖ ਮੰਤਰੀ ਭਗਵੰਤ ਮਾਨ ਨੇ ਆਉਣ ਵਾਲੀਆਂ 2027 ਚੋਣਾਂ ਦਾ ਬਿਗੁਲ ਵਜਾ ਦਿੱਤਾ ਹੈ ਅਤੇ ਦੱਸਿਆ ਕਿ ਰਿਪੋਰਟ ਅਨੁਸਾਰ 2.68 ਲੱਖ ਤੋਂ ਵੱਧ ਬੂਥ ਕਮੇਟੀਆਂ ਦੇ ਮੈਂਬਰਾਂ ਦੀ ਸ਼ਮੂਲੀਅਤ ਹੋਵੇਗੀ। ਇਸ ਮੌਕੇ ਲੋਕ ਸਭਾ ਇੰਚਾਰਜ ਤੇ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੀਆਂ ਕਿਹਾ ਕਿ ਮਿਸ਼ਨ-2027 ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਤੇ ਪਾਰਟੀ ਦੀਆਂ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਪੰਜਾਬ ਸਮੇਤ ਪਟਿਆਲਾ ਜ਼ਿਲ੍ਹੇ ਵਿੱਚ ਇਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਮੁਹਿੰਮ ਵਿੱਚ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਤੇ ਵਲੰਟੀਅਰ ਵੀ ਭਾਗ ਲੈਣਗੇ।

## ਚੇਅਰਮੈਨ ਬਰਸਟ ਵੱਲੋਂ ਸੜਕ ਨਵੀਨੀਕਰਨ ਕਾਰਜਾਂ ਦੀ ਸ਼ੁਰੂਆਤ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਦੇ ਪਿੰਡ ਖੇੜੀ ਗੁੱਜਰਾਂ ਵਿਖੇ ਕਰੀਬ 1.01 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਸੜਕੀ ਵਿਕਾਸ ਕਾਰਜ ਦੀ ਰਿਬਨ ਕੱਟ ਕੇ ਰਸਮੀ ਤੌਰ 'ਤੇ ਸ਼ੁਰੂਆਤ ਕਰਵਾਈ ਗਈ।ਇਸ ਪ੍ਰੋਜੈਕਟ ਤਹਿਤ ਪਟਿਆਲਾ ਮੇਨ ਰੋਡ ਤੋਂ ਖੇੜੀ ਗੁੱਜਰਾਂ ਤੱਕ ਲਗਭਗ 2 ਕਿਲੋਮੀਟਰ ਲੰਬੀ ਸੜਕ ਦੀ ਮੁਰੰਮਤ ਕੀਤੀ ਜਾਵੇਗੀ।ਇਸ ਸੜਕ ਦੇ ਨਿਰਮਾਣ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਣ ਨਾਲ ਪਿੰਡ ਵਾਸੀਆਂ ਤੇ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਨੂੰ ਤਰਜੀਹ ਦੇ ਰਹੀ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਸ਼ਹਿਰਾਂ ਤੇ ਮੁੱਖ ਸੜਕੀ ਮਾਰਗਾਂ ਨਾਲ ਜੋੜਨ ਵਾਲੀਆਂ ਸੜਕਾਂ ਦਾ ਮਜ਼ਬੂਤ ਤੇ ਸੁਚਾਰੂ ਨੈੱਟਵਰਕ ਲੋਕਾਂ ਦੀ ਰੋਜ਼ਾਨਾ ਆਵਾਜਾਈ ਦੇ ਨਾਲ-ਨਾਲ ਇਲਾਕੇ ਦੇ ਆਰਥਿਕ ਤੇ ਸਮਾਜਿਕ ਵਿਕਾਸ ਲਈ ਵੀ ਮਹੱਤਵਪੂਰਨ ਹੈ।ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਤੇ ਸਾਰੇ ਕੰਮ ਪਾਰਦਰਸ਼ੀ ਢੰਗ ਨਾਲ ਮੁਕੰਮਲ ਕਰਵਾਏ ਜਾਣਗੇ।ਇਸ ਦੌਰਾਨ ਇਲਾਕਾ ਨਿਵਾਸੀਆਂ ਵੱਲੋਂ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਸੜਕ ਦੀ ਮੁਰੰਮਤ ਦਾ ਕੰਮ ਸ਼ੁਰੂ ਹੋਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਤੇ ਪੰਜਾਬ ਸਰਕਾਰ ਤੇ ਸ੍ਰ. ਹਰਚੰਦ ਸਿੰਘ ਬਰਸਟ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਸ਼ੀਸ਼ਪਾਲ ਸਿੰਘ ਸਰਪੰਚ ਖੇੜੀ ਗੁੱਜਰਾਂ, ਤਰਲੋਚਨ ਸਿੰਘ ਸਰਪੰਚ ਰੱਖੜਾ, ਗਗਨਦੀਪ ਕੌਰ ਸਰਪੰਚ ਬੀਰ ਖੇੜੀ, ਨਰਿੰਦਰ ਸਿੰਘ ਸਰਪੰਚ ਬਰਸਟ, ਰਾਮ ਸਿੰਘ ਸਰਪੰਚ ਫਤਿਹਪੁਰ, ਗਿੰਨੀ ਖੰਗੂੜਾ ਹਲਕਾ ਵਾਇਸ ਕੁਆਰਡੀਨੇਟਰ ਯੁੱਧ ਨਸ਼ਿਆ ਵਿਰੁੱਧ, ਜੱਸੀ ਫਤਿਹਪੁਰ ਬਲਾਕ ਪ੍ਰਧਾਨ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਰਹੇ।

## ਛਪਾਰ ਕਾਨਫ਼ਰੰਸ 'ਚ ਜਗਰਾਉਂ ਤੋਂ ਵੱਡਾ ਕਾਫ਼ਲਾ ਪੁੱਜੇਗਾ : ਕਲੇਰ, ਗਰੇਵਾਲ, ਡੱਲਾ



**ਜਗਰਾਉਂ (ਨਛੱਤਰ ਸੰਧੂ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਛਪਾਰ ਮੇਲੇ ਮੌਕੇ ਕਰਵਾਈ ਜਾ ਰਹੀ ਕਾਨਫ਼ਰੰਸ ਵਿੱਚ ਹਲਕਾ ਜਗਰਾਉਂ ਤੋਂ ਵੱਡੀ ਗਿਣਤੀ ਵਿੱਚ ਵਰਕਰ ਸ਼ਮੂਲੀਅਤ ਕਰਨਗੇ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ, ਸਾਬਕਾ ਵਿਧਾਇਕ ਐੱਸ. ਆਰ. ਕਲੇਰ ਨੇ ਸਰਕਲ ਹਠੂਰ ਤੇ ਮੱਲ੍ਹਾ ਦੇ ਪਿੰਡ ਚੱਕਰ, ਬੁਰਜ ਕੁਲਾਰਾ, ਲੱਖਾ, ਮੱਲ੍ਹਾ, ਰਸੂਲਪੁਰ ਪਿੰਡਾਂ ਦੇ ਦੌਰੇ ਦੌਰਾਨ ਪਿੰਡ ਹਠੂਰ ਵਿਖੇ ਕੀਤੀ ਭਰਵੀਂ ਮੀਟਿੰਗ ਨੂੰ ਸੰਬੋਧਨ ਕੀਤਾ।ਕਲੇਰ ਨੇ ਕਿਹਾ ਕਿ 26 ਸਤੰਬਰ ਨੂੰ ਛਪਾਰ ਕਾਨਫ਼ਰੰਸ ਵਿੱਚ ਸ਼ਮੂਲੀਅਤ ਲਈ ਹਲਕਾ ਜਗਰਾਉਂ ਤੋਂ ਵੱਡਾ ਕਾਫ਼ਲਾ ਪਿੰਡ ਰੂਮੀ ਦੀ ਦਾਣਾ ਮੰਡੀ ਤੋਂ ਰਵਾਨਾ ਹੋਵੇਗਾ।ਉਨ੍ਹਾਂ ਕਿਹਾ ਕਿ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਪਾਰਟੀ ਆਗੂਆਂ, ਅਹੁਦੇਦਾਰਾਂ ਤੇ ਵਰਕਰਾਂ ਵੱਲੋਂ ਕਾਨਫ਼ਰੰਸ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ, ਬੀ. ਸੀ. ਵਿੰਗ ਦੇ ਹਲਕਾ ਪ੍ਰਧਾਨ ਪਰਵਿੰਦਰ ਸਿੰਘ ਕੰਬੋ, ਸਰਕਲ ਪ੍ਰਧਾਨ ਰਣਧੀਰ ਸਿੰਘ ਢੱਕਰ ਸਮੇਤ ਹੋਰ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।ਮੀਟਿੰਗ ਦੌਰਾਨ ਕਾਨਫ਼ਰੰਸ ਦੀਆਂ ਤਿਆਰੀਆਂ ਅਤੇ ਹਲਕੇ ਤੋਂ ਵਰਕਰਾਂ ਦੀ ਸ਼ਮੂਲੀਅਤ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

## ਗਊਵੰਸ਼ ਦੇ ਲਗਵਾਏ ਲੰਪੀ ਸਕਿਨ ਵਿਰੋਧੀ ਟੀਕੇ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸਥਾਨਕ ਰਾਮ ਆਸ਼ਰਮ ਵਿਖੇ ਸਮਾਜ ਸੇਵੀ ਸੰਸਥਾ ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਬੀਮਾਰ ਗਊਵੰਸ਼ ਦੀ ਦੇਖਭਾਲ ਤੇ ਇਲਾਜ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ।ਇਸ ਦੌਰਾਨ ਆਸ਼ਰਮ 'ਚ ਮੌਜੂਦ ਬੀਮਾਰ ਪਸ਼ੂਆਂ ਦੇ ਵੈਕਸੀਨ ਲਗਵਾਈ ਗਈ ਤੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਦਵਾਈ ਲਗਾ ਕੇ ਸਪਰੇਅ ਕੀਤੀ ਗਈ।ਇਸ ਬਾਰੇ ਜਾਣਕਾਰੀ ਦਿੰਦਿਆਂ ਸ਼ਿਵ ਸ਼ੰਕਰ ਯੂਥ ਸੇਵਾ ਦਲ ਦੇ ਪ੍ਰਧਾਨ ਰਮਨ ਮਹਿੰਦਰਾ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਦੇ ਸਰਕਾਰੀ ਡਾਕਟਰ ਗੁਰਬਖ਼ਸ਼ ਸਿੰਘ ਦੀ ਦੇਖ-ਰੇਖ ਹੇਠ 30 ਗਊਵੰਸ਼ ਨੂੰ 'ਲੰਪੀ ਸਕਿਨ (Lumpy Skin) ਦੀ ਬੀਮਾਰੀ ਤੋਂ ਬਚਾਅ ਲਈ ਰੋਕਥਾਮ ਟੀਕੇ ਲਗਾਏ ਗਏ ਹਨ।ਉਨ੍ਹਾਂ ਕਿਹਾ ਕਿ ਸੰਸਥਾ ਬੇਜ਼ੁਬਾਨ ਪਸ਼ੂਆਂ ਦੀ ਸੇਵਾ ਤੇ ਸੰਭਾਲ ਲਈ ਹਮੇਸ਼ਾ ਤਤਪਰ ਰਹਿੰਦੀ ਹੈ। ?ਇਸ ਮੌਕੇ ਡਾਕਟਰ ਗੁਰਬਖ਼ਸ਼ ਸਿੰਘ ਨੇ ਲੰਪੀ ਸਕਿਨ ਬੀਮਾਰੀ ਬਾਰੇ ਜਾਗਰੂਕ ਕੀਤਾ।ਇਸ ਸੇਵਾ ਕਾਰਜ ਦੌਰਾਨ ਸ਼ਿਵ ਸ਼ੰਕਰ ਯੂਥ ਸੇਵਾ ਦਲ ਦੇ ਸਕੱਤਰ ਕਮਲ ਸ਼ਰਮਾ, ਰਣਜੀਤ ਰਾਣਾ, ਰਾਹੁਲ ਗਰਗ ਰੋਕੀ, ਮਨੋਜ ਰਹੇਜਾ ਤੇ ਸਨੀ ਥਰੇਜਾ ਸਮੇਤ ਸੰਸਥਾ ਦੇ ਹੋਰ ਮੈਂਬਰ ਮੌਜੂਦ ਸਨ।

## ਹੋਲੀ ਹਾਰਟ 'ਚ ਬੱਚਿਆਂ ਨੂੰ ਦਿੱਤੀ ਨੈਤਿਕ ਕਦਰਾਂ-ਕੀਮਤਾਂ ਦੀ ਜਾਣਕਾਰੀ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੇ ਪ੍ਰਸਿੱਧ ਸਕੂਲ ਹੋਲੀ ਹਾਰਟ ਅਜੀਤਵਾਲ ਵਿਖੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਮੁੱਖ ਰੱਖਦਿਆਂ ਇੱਕ ਵਿਸ਼ੇਸ਼ ਸੈਮੀਨਾਰ ਕੀਤਾ ਗਿਆ, ਜਿਸ ਦਾ ਮੁੱਖ ਵਿਸ਼ਾ 'ਜੀਵਨ ਵਿੱਚ ਮੋਰਲ ਵੈਲਿਊ (ਨੈਤਿਕ ਕਦਰਾਂ-ਕੀਮਤਾਂ) ਦੀ ਅਹਿਮੀਅਤ' ਸੀ। ਇਸ ਸਮਾਗਮ ਵਿੱਚ ਸਕੂਲ ਦੇ ਸਮੂਹ ਅਧਿਆਪਕਾਂ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਿੱਸਾ ਲਿਆ।ਸਮਾਗਮ ਦੀ ਸ਼ੁਰੂਆਤ ਸਕੂਲ ਦੇ ਡਾਇਰੈਕਟਰ ਅਮਿਤ ਪਲਤਾ ਤੇ ਸ਼੍ਰੇਆ ਪਲਤਾ, ਸ਼ਿਵਾਨੀ ਅਰੋੜਾ, ਰਮਨ ਅਰੋੜਾ ਵੱਲੋਂ ਕੀਤੀ ਗਈ।ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਅੱਜ ਦੇ ਆਧੁਨਿਕ ਯੁੱਗ ਵਿੱਚ ਜਿੱਥੇ ਪੜ੍ਹਾਈ ਤੇ ਤਕਨਾਲੋਜੀ ਬਹੁਤ ਜ਼ਰੂਰੀ ਹੈ, ਉੱਥੇ ਹੀ ਇੱਕ ਚੰਗਾ ਇਨਸਾਨ ਬਣਨ ਲਈ ਨੈਤਿਕ ਕਦਰਾਂ-ਕੀਮਤਾਂ ਦਾ ਹੋਣਾ ਸਭ ਤੋਂ ਵੱਧ ਮਹੱਤਵਪੂਰਨ ਹੈ।ਅਧਿਆਪਕਾਂ ਨੇ ਵੱਖ-ਵੱਖ ਉਦਾਹਰਣਾਂ ਤੇ ਛੋਟੀਆਂ ਕਹਾਣੀਆਂ ਰਾਹੀਂ ਬੱਚਿਆਂ ਨੂੰ ਦੱਸਿਆ ਕਿ ਸਾਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਨਿਮਰਤਾ, ਸਹਿਣਸ਼ੀਲਤਾ ਤੇ ਆਪਸੀ ਭਾਈਚਾਰੇ ਦੀ ਭਾਵਨਾ ਨੂੰ ਅਪਣਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਿਹੜੇ ਬੱਚੇ ਬਚਪਨ ਤੋਂ ਹੀ ਚੰਗੀਆਂ ਆਦਤਾਂ ਸਿੱਖਦੇ ਹਨ, ਉਹ ਵੱਡੇ ਹੋ ਕੇ ਸਮਾਜ ਵਿੱਚ ਉੱਚਾ ਮੁਕਾਮ ਹਾਸਲ ਕਰਦੇ ਹਨ ਤੇ ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਬਣਦੇ ਹਨ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਤੇ ਮੋਬਾਈਲ ਫੋਨ ਦੀ ਸਹੀ ਵਰਤੋਂ ਕਰਨ ਦੇ ਨਾਲ-ਨਾਲ ਸਮੇਂ ਦੀ ਕਦਰ ਕਰਨ ਬਾਰੇ ਵੀ ਪ੍ਰੇਰਿਤ ਕੀਤਾ ਗਿਆ।ਸਮਾਗਮ ਦੇ ਅਖੀਰ ਵਿੱਚ ਸਕੂਲ ਦੇ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਪੂਰੀ ਪ੍ਰਬੰਧਨ ਕਮੇਟੀ ਤੇ ਅਧਿਆਪਕਾਂ ਦਾ ਧੰਨਵਾਦ ਕੀਤਾ।

## ਅਕਾਲੀ ਸਰਕਾਰ ਸਮੇਂ ਦੇ ਅੱਠ 'ਚੋਂ ਸੱਤ ਆਰ ਓ ਪਲਾਂਟਾਂ ਨੂੰ ਲੱਗੇ ਤਾਲੇ

### ਸ਼ਹਿਰ ਵਾਸੀ ਸਾਫ਼ ਪਾਣੀ ਲਈ ਤਰਸੇ, ਪ੍ਰਸ਼ਾਸਨ ਖਾਮੋਸ਼

**ਬਰੇਟਾ (ਰੀਤਵਾਲ)**-ਸ਼ਹਿਰ 'ਚ ਅਕਾਲੀ-ਭਾਜਪਾ ਸਰਕਾਰ ਸਮੇਂ ਲੋਕਾਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੇ ਦਾਅਵੇ ਨਾਲ ਲੱਖਾਂ ਕਰੋੜਾਂ ਰੁਪਏ ਦੀ ਲਾਗਤ ਨਾਲ ਲਗਾਏ ਗਏ ਅੱਠ ਆਰ. ਓ. ਪਲਾਂਟਾਂ 'ਚੋਂ ਸੱਤ ਪਲਾਂਟ ਅੱਜ ਬੰਦ ਪਏ ਹਨ ਤੇ ਇਨ੍ਹਾਂ ਨੂੰ ਤਾਲੇ ਜੜੇ ਹੋਏ ਹਨ। ਇਸ ਨਾਲ ਸਰਕਾਰੀ ਖ਼ਜ਼ਾਨੇ ਦੇ ਕਰੋੜਾਂ ਰੁਪਏ ਪਾਣੀ ਦੀ ਭੇਟ ਚੜ੍ਹਦੇ ਨਜ਼ਰ ਆ ਰਹੇ ਹਨ, ਜਦਕਿ ਸ਼ਹਿਰ ਦੇ ਵਸਨੀਕ ਅੱਜ ਵੀ ਸਾਫ਼-ਸੁਥਰੇ ਪਾਣੀ ਲਈ ਤਰਸ ਰਹੇ ਹਨ।ਜਾਣਕਾਰੀ ਅਨੁਸਾਰ ਇਹ ਪਲਾਂਟ ਸ਼ਹਿਰ ਦੇ ਵੱਖ-ਵੱਖ ਮੁਹੱਲਿਆਂ ਤੇ ਵਾਰਡਾਂ 'ਚ ਲੋਕਾਂ ਦੀ ਸਹੂਲਤ ਲਈ ਲਗਾਏ ਗਏ ਸਨ, ਤਾਂ ਜੋ ਗ਼ਰੀਬ ਤੇ ਮੱਧ ਵਰਗੀ ਪਰਵਾਰਾਂ ਨੂੰ ਘੱਟ ਕੀਮਤ 'ਤੇ ਸਾਫ਼ ਪਾਣੀ ਮਿਲ ਸਕੇ।ਸ਼ੁਰੂਆਤੀ ਦੌਰ 'ਚ ਕੁਝ ਸਮੇਂ ਲਈ ਇਹ ਪਲਾਂਟ ਚੱਲਦੇ ਰਹੇ, ਪਰ ਸਾਂਭ-ਸੰਭਾਲ ਤੇ ਰੱਖ-ਰਖਾਅ ਦੀ ਘਾਟ ਕਾਰਨ ਹੌਲੀ-ਹੌਲੀ ਇੱਕ-ਇੱਕ ਕਰਕੇ ਬੰਦ ਹੁੰਦੇ ਗਏ।ਅੱਜ ਹਾਲਤ ਇਹ ਹੈ ਕਿ ਅੱਠ 'ਚੋਂ ਸੱਤ ਪਲਾਂਟਾਂ ਦੇ ਦਰਵਾਜ਼ਿਆਂ 'ਤੇ ਜੰਗਾਲ ਲੱਗੇ ਤਾਲੇ ਪਏ ਹਨ ਅਤੇ ਮਸ਼ੀਨਰੀ ਖ਼ਸਤਾ ਹਾਲਤ 'ਚ ਪਹੁੰਚ ਚੁੱਕੀ ਹੈ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਪਲਾਂਟ ਸਿਰਫ਼ ਵੋਟਾਂ ਵੇਲੇ ਦਾ ਦਿਖਾਵਾ ਬਣ ਕੇ ਰਹਿ ਗਏ ਸਨ ਤੇ ਬਾਅਦ ਵਿੱਚ ਕਿਸੇ ਵੀ ਸਰਕਾਰ ਜਾਂ ਪ੍ਰਸ਼ਾਸਨ ਨੇ ਇਨ੍ਹਾਂ ਦੀ ਸਾਰ ਨਹੀਂ ਲਈ। ਸ਼ਹਿਰ ਨਿਵਾਸੀਆਂ ਨੇ ਦੱਸਿਆ ਕਿ ਪਲਾਂਟ ਬੰਦ ਹੋਣ ਕਾਰਨ ਉਨ੍ਹਾਂ ਨੂੰ ਮਜਬੂਰਨ ਬਾਜ਼ਾਰ 'ਚੋਂ ਮਹਿੰਗੇ ਭਾਅ ਪਾਣੀ ਦੀਆਂ ਬੋਤਲਾਂ ਜਾਂ ਕੈਂਪਰ ਖਰੀਦਣੇ ਪੈ ਰਹੇ ਹਨ, ਜਦਕਿ ਦੂਸਰੇ ਪਾਸੇ ਆਰ ਓ ਪਲਾਂਟ ਧੂੜ ਫੱਕ ਰਹੇ ਹਨ।ਵਿਰੋਧੀ ਧਿਰਾਂ ਨੇ ਇਸ ਮਾਮਲੇ ਨੂੰ ਲੈ ਕੇ ਮੌਜੂਦਾ ਸਰਕਾਰ ਤੇ ਪ੍ਰਸ਼ਾਸਨ ਦੋਵਾਂ 'ਤੇ ਸਵਾਲ ਚੁੱਕੇ ਹਨ।ਇਸ ਸਬੰਧੀ ਜਦੋਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕੋਈ ਸਪੱਸ਼ਟ ਜਵਾਬ ਨਹੀਂ ਮਿਲ ਸਕਿਆ।ਸ਼ਹਿਰ ਵਾਸੀਆਂ ਨੇ ਮੰਗ ਕੀਤੀ ਕਿ ਬੰਦ ਪਏ ਆਰ. ਓ. ਪਲਾਂਟਾਂ ਨੂੰ ਜਲਦ ਤੋਂ ਜਲਦ ਮੁੜ ਚਾਲੂ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਸਾਫ਼ ਪਾਣੀ ਦੀ ਸਹੂਲਤ ਮੁੜ ਮਿਲ ਸਕੇ।

## ਗੁੱਗਾ ਮਾੜੀ ਮੇਲੇ ਮੌਕੇ ਜਥੇਦਾਰ ਹਰਿਆਊ ਹੋਏ ਨਤਮਸਤਕ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਨੇੜਲੇ ਪਿੰਡ ਫਤਿਹ ਮਾਜਰੀ ਵਿਖੇ ਸਾਲਾਨਾ ਗੁੱਗਾ ਮਾੜੀ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਜਥੇਦਾਰ ਜਗਮੀਤ ਸਿੰਘ ਹਰਿਆਊ ਆਪਣੇ ਸਾਥੀਆਂ ਸਮੇਤ ਮੇਲੇ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਨਤਮਸਤਕ ਹੋ ਕੇ ਆਸ਼ੀਰਵਾਦ ਲਿਆ। ?ਇਹ ਮੇਲਾ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ, ਨਗਰ ਪੰਚਾਇਤ ਤੇ 'ਸ਼ਹੀਦ ਭਗਤ ਸਿੰਘ ਯੁਵਕ ਸੇਵਾਵਾਂ ਕਲੱਬ' ਦੇ ਨੌਜਵਾਨਾਂ ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਗਿਆ ਸੀ।ਇਸ ਸਮਾਗਮ ਦੌਰਾਨ ਜਥੇਦਾਰ ਜਗਮੀਤ ਸਿੰਘ ਹਰਿਆਊ ਨੇ ਸਮੂਹ ਨਗਰ ਪੰਚਾਇਤ, ਕਲੱਬ ਦੇ ਨੌਜਵਾਨਾਂ ਤੇ ਇਲਾਕਾ ਵਾਸੀਆਂ ਨੂੰ ਮੇਲੇ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ।ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਤੇ ਸੱਭਿਆਚਾਰਕ ਮੇਲੇ ਸਾਡੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ।ਮੇਲੇ ਦੌਰਾਨ ਪ੍ਰਬੰਧਕਾਂ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਤੇ ਪਤਵੰਤੇ ਸੱਜਣਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।ਇਸ ਮੌਕੇ ਵੱਡੀ ਗਿਣਤੀ 'ਚ ਨਗਰ ਦੀਆਂ ਸੰਗਤਾਂ ਤੇ ਇਲਾਕਾ ਵਾਸੀ ਮੌਜੂਦ ਸਨ।

## ਸੁਪਰੀਮ ਕਾਨਵੈਂਟ ਦੀਆਂ ਵਿਦਿਆਰਥਣਾਂ ਦਾ ਸਟੇਟ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਹਠੂਰ (ਨਛੱਤਰ ਸੰਧੂ)**-ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਮੋਗਾ ਦੀਆਂ ਅੰਡਰ 19 ਫੁੱਟਬਾਲ ਲੜਕੀਆਂ ਜੈਸਮੀਨ ਕੌਰ ਕਲਾਸ ਗਿਆਰਵੀਂ ਸਾਇੰਸ, ਜਸਪ੍ਰੀਤ ਕੌਰ ਕਲਾਸ ਗਿਆਰਵੀਂ ਸਾਇੰਸ, ਰਵਨੀਤ ਕੌਰ ਕਲਾਸ ਗਿਆਰਵੀਂ ਸਾਇੰਸ ਤੇ ਸਮਰਦੀਪ ਕੌਰ ਕਲਾਸ ਗਿਆਰਵੀਂ ਸਾਇੰਸ ਨੇ ਸਟੇਟ ਪੱਧਰ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਟੀਮ ਦੀਆਂ ਖਿਡਾਰਨਾਂ ਨੇ ਪੂਰੇ ਜੋਸ਼ ਅਨੁਸ਼ਾਸਨ ਮਿਹਨਤ ਤੇ ਟੀਮ ਭਾਵਨਾ ਨਾਲ ਖੇਡਦਿਆਂ ਆਪਣੀ ਪ੍ਰਤਿਭਾ ਦਾ ਬਾਖ਼ੂਬੀ ਪ੍ਰਦਰਸ਼ਨ ਕੀਤਾ।ਸਟੇਟ ਪੱਧਰ 'ਤੇ ਪਹੁੰਚਣਾ ਆਪਣੇ ਆਪ ਵਿੱਚ ਇੱਕ ਵੱਡੀ ਉਪਲਬਧੀ ਹੈ।ਖਿਡਾਰਨਾਂ ਨੇ ਮਜ਼ਬੂਤ ਟੀਮਾਂ ਖਿਲਾਫ ਬੇਹੱਦ ਆਤਮ ਵਿਸ਼ਵਾਸ ਨਾਲ ਖੇਡਦਿਆਂ ਆਪਣੇ ਹੁਨਰ ਤੇ ਖੇਡ ਜਜ਼ਬੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਧਾਨ ਚਰਨ ਸਿੰਘ, ਚੇਅਰਮੈਨ ਯੋਗਿੰਦਰ ਪ੍ਰਸਾਦ ਸ਼ਰਮਾ ਨੇ ਸਮੂਹ ਖਿਡਾਰਨਾਂ ਤੇ ਫੁੱਟਬਾਲ ਕੋਚ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ।ਇਸ ਮੌਕੇ ਸਕੂਲ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਖਿਡਾਰਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਇਹ ਸਫਲਤਾ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਪ੍ਰਤੀ ਪ੍ਰੇਰਿਤ ਕਰੇਗੀ।

## ਗਾਰਮੈਂਟਸ ਦੀ ਦੁਕਾਨ ਨੂੰ ਅੱਗ ਲੱਗਣ ਨਾਲ ਲੱਖਾਂ ਦਾ ਨੁਕਸਾਨ



**ਮਲੋਟ (ਰਜਿੰਦਰ ਜੁਨੇਜਾ)**-ਸ਼ਹਿਰ ਦੇ ਡਾਕਖਾਨਾ ਚੌਕ ਸਥਿਤ ਮਸ਼ਹੂਰ 'ਨਿਊ ਫੈਸ਼ਨ ਗਾਰਮੈਂਟਸ' ਦੀ ਦੁਕਾਨ ਵਿੱਚ ਐਤਵਾਰ ਸ਼ਾਮ ਅਚਾਨਕ ਭਿਆਨਕ ਅੱਗ ਲੱਗਣ ਕਾਰਨ ਵੱਡਾ ਨੁਕਸਾਨ ਹੋ ਗਿਆ।ਵੇਖਦੇ ਹੀ ਵੇਖਦੇ ਅੱਗ ਨੇ ਦੁਕਾਨ ਦੀਆਂ ਤਿੰਨੋਂ ਮੰਜ਼ਿਲਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਤੇ ਅੰਦਰ ਪਿਆ ਕੱਪੜਿਆਂ ਦਾ ਸਾਰਾ ਸਟਾਕ ਧੂੰ-ਧੂੰ ਕਰਕੇ ਸੜ ਕੇ ਸੁਆਹ ਹੋ ਗਿਆ।ਮਿਲੀ ਜਾਣਕਾਰੀ ਅਨੁਸਾਰ ਐਤਵਾਰ ਹੋਣ ਕਾਰਨ ਦੁਕਾਨ ਸੰਚਾਲਕ ਦੋਵੇਂ ਸਕੇ ਭਰਾ ਬੰਟੀ ਤੇ ਸੋਨੂੰ ਬਠਲਾ ਸ਼ਾਮ ਸਮੇਂ ਦੁਕਾਨ ਬੰਦ ਕਰਕੇ ਘਰ ਚਲੇ ਗਏ ਸਨ।ਉਨ੍ਹਾਂ ਦੇ ਜਾਣ ਤੋਂ ਕੁਝ ਹੀ ਮਿੰਟਾਂ ਬਾਅਦ ਦੁਕਾਨ ਅੰਦਰੋਂ ਧੂੰਆਂ ਨਿਕਲਣਾ ਸ਼ੁਰੂ ਹੋਇਆ ਤੇ ਛੱਤ ਦੇ ਰੋਸ਼ਨਦਾਨਾਂ ਵਿੱਚੋਂ ਅੱਗ ਦੀਆਂ ਉੱਚੀਆਂ ਲਪਟਾਂ ਨਿਕਲਣ ਲੱਗੀਆਂ।ਆਲੇ-ਦੁਆਲੇ ਦੇ ਦੁਕਾਨਦਾਰਾਂ ਨੇ ਤੁਰੰਤ ਮੁਸਤੈਦੀ ਦਿਖਾਉਂਦੇ ਹੋਏ ਦੁਕਾਨ ਮਾਲਕਾਂ ਤੇ ਫਾਇਰ ਬ੍ਰਿਗੇਡ ਨੂੰ ਘਟਨਾ ਬਾਰੇ ਜਾਣੂ ਕਰਵਾਇਆ।ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ ਤੇ ਸਥਾਨਕ ਲੋਕਾਂ ਦੀ ਸਹਾਇਤਾ ਨਾਲ ਰਾਹਤ ਕਾਰਜ ਸ਼ੁਰੂ ਕੀਤੇ ਗਏ।ਅੱਗ ਇੰਨੀ ਤੇਜ਼ ਸੀ ਕਿ ਪਲਾਂ ਵਿੱਚ ਹੀ ਤਿੰਨੇ ਮੰਜ਼ਿਲਾਂ 'ਤੇ ਫੈਲ ਗਈ।ਪੀੜਤ ਦੁਕਾਨਦਾਰਾਂ ਨੇ ਦੱਸਿਆ ਕਿ ਆਉਣ ਵਾਲੇ ਤਿਉਹਾਰੀ ਸੀਜ਼ਨ ਦੇ ਮੱਦੇਨਜ਼ਰ ਇੱਕ ਦਿਨ ਪਹਿਲਾਂ ਹੀ ਕਰੀਬ 3 ਲੱਖ ਰੁਪਏ ਦਾ ਨਵਾਂ ਸਟਾਕ ਮੰਗਵਾਇਆ ਗਿਆ ਸੀ।ਪੁਰਾਣੇ ਸਾਮਾਨ ਸਮੇਤ ਕੁੱਲ ਮਿਲਾ ਕੇ ਲਗਭਗ 5 ਲੱਖ ਰੁਪਏ ਤੋਂ ਵੱਧ ਦਾ ਨੁਕਸਾਨ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ।ਗਰਮੈਂਟਸ ਯੂਨੀਅਨ ਦੇ ਪ੍ਰਧਾਨ ਪਾਲੀ ਮੱਕੜ ਤੇ ਵਪਾਰ ਮੰਡਲ ਦੇ ਪ੍ਰਧਾਨ ਪ੍ਰਦੀਪ ਧੀਂਗੜਾ ਨੇ ਵੀ ਹਾਦਸੇ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਕੈਬਿਨਟ ਮੰਤਰੀ ਡਾ ਬਲਜੀਤ ਕੌਰ ਨੇ ਵੀ ਫੋਨ ਕਰਕੇ ਪ੍ਰੀਵਾਰ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

## ਮੋਟਰਾਂ ਦੀਆਂ ਚੋਰੀਆਂ ਖਿਲਾਫ ਵਫ਼ਦ ਐੱਸ ਐੱਚ ਓ ਨੂੰ ਮਿਲਿਆ



**ਜਗਰਾਉਂ/ਸਿੱਧਵਾਂ ਬੇਟ (ਨਛੱਤਰ ਸੰਧੂ)**-ਸਿੱਧਵਾਂ ਬੇਟ ਲਾਗਲੇ ਪਿੰਡ ਭਮਾਲ ਵਿਖੇ ਪਿਛਲੇ ਲੰਮੇ ਸਮੇਂ ਤੋਂ ਖੇਤੀ ਮੋਟਰਾਂ ਦੀਆਂ ਬੋਰਾਂ ਦੀਆਂ ਤਾਰਾਂ ਚੋਰੀ ਹੋਣ ਕਾਰਨ ਪਿੰਡ ਵਾਸੀਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਹਫਤਾ ਕੁ ਪਹਿਲਾਂ ਇਕ ਕਿਸਾਨ ਨੇ ਹਿੰਮਤ ਕਰਕੇ ਚੋਰਾਂ ਨੂੰ ਫੜ ਲਿਆ, ਪਰ ਪੁਲਸ ਨੂੰ ਪੰਚਾਇਤ ਵੱਲੋਂ ਸ਼ਿਕਾਇਤ ਦੇਣ ਦੇ ਬਾਵਜੂਦ ਕੋਈ ਠੋਸ ਕਾਰਵਾਈ ਨਹੀਂ ਹੋਈ।ਇਸ ਸਬੰਧੀ ਪਿੰਡ ਦੀ ਪੰਚਾਇਤ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂ ਜਸਵਿੰਦਰ ਸਿੰਘ ਭਮਾਲ ਦੀ ਅਗਵਾਈ 'ਚ ਪਿੰਡ ਵਾਸੀਆਂ ਦਾ ਵਫ਼ਦ ਐੱਸ ਐੱਚ ਓ ਅਮਰਜੀਤ ਸਿੰਘ ਨੂੰ ਮਿਲਿਆ ਤੇ ਦੋਸ਼ੀਆਂ ਖਿਲਾਫ ਸਖਤ ਕਨੂੰਨੀ ਕਾਰਵਾਈ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਇਸ ਚੋਰੀ ਨੇ ਕਿਸਾਨਾਂ ਦਾ ਕਾਫੀ ਮਾਲੀ ਨੁਕਸਾਨ ਕਰ ਦਿੱਤਾ ਹੈ।ਐੱਸ ਐੱਚ ਓ ਸਿੱਧਵਾਂ ਬੇਟ ਨੇ ਦੋਸ਼ੀ ਦੀ ਜਲਦ ਗ੍ਰਿਫ਼ਤਾਰੀ ਤੇ ਕਨੂੰਨੀ ਕਾਰਵਾਈ ਦਾ ਭਰੋਸਾ ਦਿੱਤਾ।ਵਫ਼ਦ 'ਚ ਸ਼ਿੰਗਾਰਾ ਸਿੰਘ ਸਰਪੰਚ, ਭਗਵੰਤ ਸਿੰਘ ਹੈਪੀ ਸਾਬਕਾ ਸਰਪੰਚ, ਪ੍ਰਦੀਪ ਸਿੰਘ, ਕਰਮ ਸਿੰਘ, ਸਿਮਰਨ ਜੀਤ ਸਿੰਘ ਸਾਰੇ ਮੈਂਬਰ, ਭੋਲਾ ਸਿੰਘ, ਹਰਬੰਸ ਸਿੰਘ, ਗੁਰਜੰਟ ਸਿੰਘ ਆਦਿ ਹਾਜ਼ਰ ਸਨ।

## ਕਾਰ 'ਚੋਂ 40 ਪੇਟੀਆਂ ਸ਼ਰਾਬ ਬਰਾਮਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਡਾਲੀ ਆਲਾ ਸਿੰਘ ਵਿਖੇ ਚੈਕਿੰਗ ਕਰ ਰਹੀ ਪੁਲਸ ਤੇ ਆਬਕਾਰੀ ਵਿਭਾਗ ਦੀ ਟੀਮ ਵੱਲੋਂ ਇੱਕ ਸਕੌਡਾ ਕਾਰ ਵਿੱਚੋਂ ਸ਼ਰਾਬ ਦੀਆਂ 40 ਪੇਟੀਆਂ ਬਰਾਮਦ ਕੀਤੇ ਜਾਣ ਦੀ ਸੂਚਨਾ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਥਾਣਾ ਬਡਾਲੀ ਸਿੰਘ ਦੀ ਪੁਲਸ ਤੇ ਆਬਕਾਰੀ ਵਿਭਾਗ ਦੀ ਟੀਮ ਵੱਲੋਂ ਬਡਾਲੀ ਆਲਾ ਸਿੰਘ ਵਿਖੇ ਨਾਕਾਬੰਦੀ ਕਰਕੇ ਸ਼ੱਕੀ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ।ਇਸ ਦੌਰਾਨ ਲਾਂਡਰਾਂ ਸਾਈਡ ਤੋਂ ਆ ਰਹੀ ਸਕੌਡਾ ਕਾਰ ਨੰਬਰ ਡੀ.ਐੱਲ.3.ਸੀ.ਏ. ਵਾਈ-2129 ਨੂੰ ਚੈਕਿੰਗ ਲਈ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਕਾਰ ਦੇ ਡਰਾਈਵਰ ਨੇ ਕਾਰ ਨਾਕੇ ਤੋਂ ਭਜਾ ਲਈ, ਪਰ ਉਸ ਦੀ ਕਾਰ ਬੈਰੀਕੇਡ ਵਿੱਚ ਵੱਜ ਕੇ ਬੰਦ ਹੋ ਗਈ, ਜਿਸ 'ਤੇ ਕਾਰ ਦਾ ਡਰਾਈਵਰ ਫ਼ਰਾਰ ਹੋ ਗਿਆ।ਤਲਾਸ਼ੀ ਦੌਰਾਨ ਉਕਤ ਕਾਰ ਵਿੱਚੋਂ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 40 ਪੇਟੀਆਂ (ਕੁੱਲ 480 ਬੋਤਲਾਂ) ਬਰਾਮਦ ਹੋਈਆਂ।ਕਾਰ ਦੇ ਨਾਮਾਲੂਮ ਡਰਾਈਵਰ ਵਿਰੁੱਧ ਥਾਣਾ ਬਡਾਲੀ ਆਲਾ ਸਿੰਘ ਵਿਖੇ ਕੇਸ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## 79ਵੇਂ ਸੰਤ ਸਮਾਗਮ ਦੀਆਂ ਸੇਵਾਵਾਂ ਦਾ ਸਮਾਲਖਾ 'ਚ ਸ਼ੁੱਭ ਆਰੰਭ




**ਸਮਾਣਾ/ਸਮਾਲਖਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-79ਵਾਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਪਾਵਨ ਛਤਰ-ਛਾਇਆ ਹੇਠ 23 ਤੋਂ 26 ਅਕਤੂਬਰ 2026 ਤੱਕ ਸੰਤ ਨਿਰੰਕਾਰੀ ਅਧਿਆਤਮਿਕ ਸਥੱਲ ਸਮਾਲਖਾ (ਹਰਿਆਣਾ) ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਆਤਮਿਕ ਚੇਤਨਾ ਤੇ ਮਾਨਵ-ਏਕਤਾ ਦੇ ਸੰਦੇਸ਼ ਨੂੰ ਹਿਰਦੇ ਵਿੱਚ ਸੰਜੋਏ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਭਗਤ ਸ਼ਾਮਲ ਹੋਣਗੇ।ਨਿਰੰਕਾਰੀ ਰਾਜਪਿਤਾ ਰਮਿਤ ਜੀ ਦੇ ਪਾਵਨ ਕਰ-ਕਮਲਾਂ ਨਾਲ ਸੇਵਾ ਸਥਾਨ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਮਿਸ਼ਨ ਦੀ ਕਾਰਜਕਾਰਨੀ ਕਮੇਟੀ, ਕੇਂਦਰੀ ਸੇਵਾਦਲ ਦੇ ਅਧਿਕਾਰੀਆਂ ਤੇ ਹਜ਼ਾਰਾਂ ਸ਼ਰਧਾਲੂ ਭਗਤਾਂ ਨੇ ਪ੍ਰੇਮ ਤੇ ਨਿਸ਼ਠਾ ਨਾਲ ਸੇਵਾ ਵਿੱਚ ਯੋਗਦਾਨ ਪਾਇਆ। ਸੰਤ ਨਿਰੰਕਾਰੀ ਮੰਡਲ ਦੀ ਪ੍ਰਧਾਨ ਸਤਿਕਾਰਯੋਗ ਰਾਜਕੁਮਾਰੀ ਤੇ ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸ੍ਰੀ ਜੋਗਿੰਦਰ ਸੁਖੀਜਾ ਨੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਨਿਰੰਕਾਰੀ ਰਾਜਪਿਤਾ ਜੀ ਦਾ ਨਿੱਘਾ ਸਵਾਗਤ ਕੀਤਾ।ਇਹ ਪਾਵਨ ਮੌਕਾ ਸੇਵਾ ਨੂੰ ਸਾਧਨਾ ਤੇ ਸਮਰਪਣ ਨੂੰ ਜੀਵਨ ਦਾ ਆਧਾਰ ਬਣਾਉਣ ਦੀ ਪ੍ਰੇਰਨਾ ਨਾਲ ਭਰਪੂਰ ਰਿਹਾ।

79ਵੇਂ ਸਮਾਗਮ ਦੀਆਂ ਸੇਵਾਵਾਂ ਦੇ ਸ਼ੁਭ ਆਰੰਭ ਸਮਾਗਮ 'ਤੇ ਹਾਜ਼ਰ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਨਿਰੰਕਾਰੀ ਰਾਜਪਿਤਾ ਜੀ ਨੇ ਸਤਿਗੁਰੂ ਮਾਤਾ ਜੀ ਦਾ ਪ੍ਰੇਮ ਅਤੇ ਅਸ਼ੀਰਵਾਦਾਂ ਨੂੰ ਸੰਤਾਂ ਤੱਕ ਪਹੁੰਚਾਉਂਦਿਆਂ ਫਰਮਾਇਆ ਕਿ ਸੰਤ ਸਮਾਗਮ ਦੀਆਂ ਸੇਵਾਵਾਂ ਦਾ ਇਹ ਵਿਸ਼ਾਲ ਸਰੂਪ ਅਣਗਿਣਤ ਸੰਤਾਂ ਦੀ ਨਿਸ਼ਕਾਮ ਸੇਵਾ, ਕੁਰਬਾਨੀ ਤੇ ਸਮਰਪਣ ਦਾ ਨਤੀਜਾ ਹੈ।ਇਹ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਸਾਡੇ ਜੀਵਨ ਵਿੱਚ ਵੀ ਸੇਵਾ ਤੇ ਪਰਉਪਕਾਰ ਦਾ ਭਾਵ ਆਵੇ।ਮਨੁੱਖੀ ਸਰੀਰ ਕੇਵਲ ਆਪਣੇ ਲਈ ਨਹੀਂ, ਸਗੋਂ ਦੂਜਿਆਂ ਦੇ ਸੁੱਖ-ਦੁੱਖ ਵਿੱਚ ਭਾਈਵਾਲ ਬਣਨ ਲਈ ਮਿਲਿਆ ਹੈ।ਸੇਵਾ ਵਿੱਚ ਜਦੋਂ 'ਮੈਂ' ਦਾ ਭਾਵ ਖ਼ਤਮ ਹੋ ਕੇ 'ਅਸੀਂ' ਦਾ ਭਾਵ ਆਉਂਦਾ ਹੈ, ਉਦੋਂ ਹੀ ਉਸ ਦਾ ਅਸਲ ਅਰਥ ਪ੍ਰਗਟ ਹੁੰਦਾ ਹੈ।ਸਤਿਗੁਰੂ ਦਾ ਗਿਆਨ ਹੀ ਉਹ ਜਾਗਰੂਕਤਾ ਹੈ, ਜੋ ਸਾਡੀ ਦ੍ਰਿਸ਼ਟੀ ਬਦਲ ਕੇ ਹਰ ਮਨੁੱਖ ਵਿੱਚ ਨਿਰੰਕਾਰ ਦਾ ਰੂਪ ਦੇਖਣ ਦੀ ਪ੍ਰੇਰਨਾ ਦਿੰਦੀ ਹੈ।ਜਦੋਂ ਮਨੁੱਖ, ਮਨੁੱਖ ਨਾਲ ਪ੍ਰੇਮ ਤੇ ਸਤਿਕਾਰ ਕਰੇਗਾ, ਤਾਂ ਇਹ ਧਰਤੀ ਹੋਰ ਵੀ ਸੁੰਦਰ ਬਣੇਗੀ।

ਇਸ ਸਾਲ ਸੰਤ ਸਮਾਗਮ ਦਾ ਵਿਸ਼ਾ 'ਜਾਗ੍ਰਿਤੀ' ਹੈ, ਜੋ ਮਨੁੱਖ ਨੂੰ ਬਾਹਰੀ ਸੰਸਾਰ ਤੋਂ ਹਟ ਕੇ ਆਪਣੇ ਅੰਦਰ ਝਾਤ ਮਾਰਨ ਤੇ ਆਪਣੇ ਅਸਲ ਸਰੂਪ ਨੂੰ ਪਛਾਣਨ ਦੀ ਪ੍ਰੇਰਨਾ ਦਿੰਦਾ ਹੈ।

## 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਦਸਤਾਵੇਜ਼ੀ ਫਿਲਮ ਦਿਖਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸ਼ੁਰੂ ਕੀਤੀ ਗਈ ਰਾਜ ਪੱਧਰੀ ਜਾਗਰੂਕਤਾ ਮੁਹਿੰਮ ਤਹਿਤ ਪ੍ਰਚਾਰ ਵੈਨ ਸ੍ਰੀ ਮੁਕਤਸਰ ਸਾਹਿਬ ਵਿਧਾਨ ਸਭਾ ਹਲਕੇ ਦੇ ਪਿੰਡ ਨੂਰਪੁਰ ਕ੍ਰਿਪਾਲਕੇ, ਸ਼ਿਵਪੁਰ ਕੁਕਰੀਆਂ ਤੇ ਢਾਣੀ ਗੋਪਾਲ ਸਿੰਘ ਵਿਖੇ ਪੁੱਜੀ।ਇਸ ਮੌਕੇ ਇਨ੍ਹਾਂ ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ, ਨੌਜਵਾਨਾਂ, ਮਹਿਲਾਵਾਂ ਤੇ ਬਜ਼ੁਰਗਾਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।ਇਸ ਮੌਕੇ ਪ੍ਰਚਾਰ ਵੈਨ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਉਨ੍ਹਾਂ ਦੀ ਬਾਣੀ, ਸਮਾਜਿਕ ਬਰਾਬਰੀ, ਆਪਸੀ ਸਦਭਾਵਨਾ ਤੇ ਉਚ-ਨੀਚ ਦੇ ਭੇਦਭਾਵ ਨੂੰ ਖਤਮ ਕਰਨ ਦੇ ਮਹਾਨ ਸੰਦੇਸ਼ 'ਤੇ ਅਧਾਰਤ ਕਰੀਬ 30 ਮਿੰਟ ਦੀ ਪ੍ਰਭਾਵਸ਼ਾਲੀ ਦਸਤਾਵੇਜ਼ੀ ਫਿਲਮ ਦਾ ਪ੍ਰਦਰਸ਼ਨ ਕੀਤਾ ਗਿਆ।ਦਸਤਾਵੇਜ਼ੀ ਫਿਲਮ ਰਾਹੀਂ ਹਾਜ਼ਰ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਤੇ ਮਨੁੱਖਤਾ ਦੇ ਭਲੇ ਲਈ ਦਿੱਤੇ ਅਮੁੱਲੇ ਸੰਦੇਸ਼ਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਹਾਜ਼ਰ ਦਰਸ਼ਕਾਂ ਨੇ ਡਾਕੂਮੈਂਟਰੀ ਸ਼ੋਅ ਨੂੰ ਬਹੁਤ ਸ਼ਰਧਾ ਤੇ ਰੁਚੀ ਨਾਲ ਦੇਖਿਆ ਤੇ ਗੁਰੂ ਸਾਹਿਬ ਵੱਲੋਂ ਦਰਸਾਏ ਸਮਾਨਤਾ, ਭਾਈਚਾਰੇ ਤੇ ਮਨੁੱਖੀ ਏਕਤਾ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦਾ ਸੰਕਲਪ ਲਿਆ।

## ਵਰਲਡ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਕੰਧਾਰੀ ਬੈਵਰੇਜਿਜ਼ ਦਾ ਦੌਰਾ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ ਦੇ ਕਾਮਰਸ ਤੇ ਮੈਨੇਜਮੈਂਟ ਵਿਭਾਗ ਦੇ ਬਿਜ਼ਨੈੱਸ ਕਲੱਬ ਵੱਲੋਂ ਐੱਮ.ਬੀ.ਏ. ਤੇ ਐੱਮ.ਕਾਮ. ਦੇ ਵਿਦਿਆਰਥੀਆਂ ਲਈ ਕੰਧਾਰੀ ਬੈਵਰੇਜਿਜ਼ ਪ੍ਰਾਈਵੇਟ ਲਿਮਟਿਡ ਵਿਖੇ ਉਦਯੋਗਿਕ ਦੌਰਾ ਕਰਵਾਇਆ ਗਿਆ।ਇਹ ਅਦਾਰਾ ਕੋਕਾ-ਕੋਲਾ ਦੇ ਪੀਣ ਵਾਲੇ ਪਦਾਰਥਾਂ ਦੀਆਂ ਬੋਤਲਾਂ ਭਰਨ ਤੇ ਤਿਆਰ ਕਰਨ ਦਾ ਕੰਮ ਕਰਦਾ ਹੈ।ਇਹ ਦੌਰਾ ਡਾ. ਕੰਚਨ ਰਾਣੀ, ਮੁਖੀ, ਕਾਮਰਸ ਤੇ ਮੈਨੇਜਮੈਂਟ ਵਿਭਾਗ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਉਦਯੋਗ ਦੇ ਕੰਮਕਾਜ ਨਾਲ ਸਿੱਧੇ ਤੌਰ 'ਤੇ ਜਾਣੂ ਕਰਵਾਉਣਾ ਤੇ ਪੜ੍ਹਾਈ ਨੂੰ ਅਮਲੀ ਤਜਰਬੇ ਨਾਲ ਜੋੜਨਾ ਸੀ।ਦੌਰੇ ਦਾ ਤਾਲਮੇਲ ਡਾ. ਨਵਲੀਨ ਕੌਰ, ਬਿਜ਼ਨੈੱਸ ਕਲੱਬ ਤਾਲਮੇਲਕ ਵੱਲੋਂ ਕੀਤਾ ਗਿਆ। ਡਾ. ਰੁਚੀ ਮਲਹੋਤਰਾ, ਸੀਨੀਅਰ ਅਧਿਆਪਕ ਤੇ ਬਿਜ਼ਨੈੱਸ ਕਲੱਬ ਦੀਆਂ ਮੈਂਬਰ ਮਿਸ ਨਵਨੀਤ ਕੌਰ ਤੇ ਮਿਸ ਜਪਨੀਤ ਕੌਰ ਵੀ ਵਿਦਿਆਰਥੀਆਂ ਦੇ ਨਾਲ ਰਹੇ।ਵਿਦਿਆਰਥੀਆਂ ਨੇ ਇਸ ਦੌਰੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਨਾਲ ਉਨ੍ਹਾਂ ਦੇ ਅਮਲੀ ਗਿਆਨ ਤੇ ਉਦਯੋਗ ਬਾਰੇ ਸਮਝ ਵਿੱਚ ਵਾਧਾ ਹੋਇਆ।ਬਿਜ਼ਨੈੱਸ ਕਲੱਬ ਵੱਲੋਂ ਵਿਦਿਆਰਥੀਆਂ ਦੇ ਅਮਲੀ ਗਿਆਨ, ਹੁਨਰ ਤੇ ਪੇਸ਼ੇਵਰ ਸਮਝ ਨੂੰ ਹੋਰ ਮਜ਼ਬੂਤ ਕਰਨ ਲਈ ਅਜਿਹੇ ਉਪਰਾਲੇ ਲਗਾਤਾਰ ਕੀਤੇ ਜਾ ਰਹੇ ਹਨ।

## 'ਖੇਡਾਂ ਵਤਨ ਪੰਜਾਬ ਦੀਆਂ' 'ਚ ਮਾਤਾ ਗੁਜਰੀ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

### ਖਿਡਾਰੀਆਂ ਨੇ 7 ਸੋਨੇ, 3 ਚਾਂਦੀ ਤੇ 4 ਕਾਂਸੀ ਤਮਗੇ ਜਿੱਤੇ



**ਦੇਵੀਗੜ੍ਹ, ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਮਿਹਨਤ, ਲਗਨ ਤੇ ਅਨੁਸ਼ਾਸਨ ਹੀ ਸਫਲਤਾ ਦੀ ਅਸਲ ਪਹਿਚਾਣ ਹੈ, ਇਸ ਗੱਲ ਨੂੰ ਸੱਚ ਸਾਬਿਤ ਕਰਦਿਆਂ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇ ਖਿਡਾਰੀਆਂ ਨੇ ਖੇਡਾਂ ਵਤਨ ਪੰਜਾਬ ਦੀਆਂ ਅਧੀਨ ਜਵਾਹਰ ਨਵੋਦਿਆ ਵਿਦਿਆਲਿਆ, ਫਤਿਹਪੁਰ ਦੇ ਐਥਲੈਟਿਕਸ ਬਲਾਕ, ਭੁਨੇਰਹੇੜੀ ਵਿਖੇ ਕਰਵਾਏ ਗਏ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 14 ਤਮਗੇ ਆਪਣੇ ਨਾਮ ਕੀਤੇ।ਇਨ੍ਹਾਂ ਵਿੱਚ 7 ਸੋਨੇ, 3 ਚਾਂਦੀ ਤੇ 4 ਕਾਂਸੀ ਦੇ ਤਮਗੇ ਸ਼ਾਮਲ ਹਨ।ਸਕੂਲ ਦੇ ਖਿਡਾਰੀਆਂ ਨੇ ਦੌੜਾਂ, ਗੋਲਾ ਸੁੱਟਣ ਤੇ ਲੰਮੀ ਛਾਲ ਵਰਗੇ ਵੱਖ-ਵੱਖ ਮੁਕਾਬਲਿਆਂ ਵਿੱਚ ਆਪਣੀ ਕਾਬਲੀਅਤ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਏਕਮਪ੍ਰੀਤ ਸਿੰਘ (9ਵੀਂ ਏ) ਨੇ 3000 ਮੀਟਰ ਦੌੜ ਵਿੱਚ ਸੋਨੇ ਦਾ ਤਮਗਾ ਤੇ 100 ਮੀਟਰ ਦੌੜ ਵਿੱਚ ਕਾਂਸੀ ਦਾ ਤਮਗਾ ਜਿੱਤਿਆ।ਸੁਖਮਨਪ੍ਰੀਤ ਕੌਰ (10ਵੀਂ ਬੀ) ਨੇ 3000 ਮੀਟਰ ਤੇ 800 ਮੀਟਰ ਦੌੜ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੋ ਸੋਨੇ ਦੇ ਤਮਗੇ ਜਿੱਤੇ।ਅਭਿਜੀਤ ਸਿੰਘ (10ਵੀਂ ਬੀ) ਨੇ ਗੋਲਾ ਸੁੱਟਣ ਦੇ ਮੁਕਾਬਲੇ ਵਿੱਚ ਸੋਨੇ ਦਾ ਤਮਗਾ ਹਾਸਲ ਕੀਤਾ।ਵਿਕਰਮਜੀਤ ਸਿੰਘ (ਬਾਰ੍ਹਵੀਂ ਬੀ) ਨੇ ਗੋਲਾ ਸੁੱਟਣ ਵਿੱਚ ਸੋਨੇ ਦਾ ਤਮਗਾ ਜਿੱਤ ਕੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਹਰਸਿਮਰਤ ਕੌਰ (9ਵੀਂ ਏ) ਨੇ 100 ਮੀਟਰ ਤੇ 200 ਮੀਟਰ ਦੌੜ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੋ ਸੋਨੇ ਦੇ ਤਮਗੇ ਆਪਣੇ ਨਾਮ ਕੀਤੇ।ਹਰਗੁਣ ਕੌਰ (9ਵੀਂ ਸੀ) ਨੇ ਗੋਲਾ ਸੁੱਟਣ ਵਿੱਚ ਚਾਂਦੀ ਤੇ ਲੰਮੀ ਛਾਲ ਵਿੱਚ ਕਾਂਸੀ ਦਾ ਤਮਗਾ ਜਿੱਤਿਆ।ਨਵਦੀਪ ਸਿੰਘ (ਬਾਰ੍ਹਵੀਂ ਏ) ਨੇ 200 ਮੀਟਰ ਦੌੜ ਵਿੱਚ ਚਾਂਦੀ ਦਾ ਤਮਗਾ ਹਾਸਲ ਕੀਤਾ, ਜਦਕਿ ਹਰਸ਼ਦੀਪ ਸਿੰਘ (ਬਾਰ੍ਹਵੀਂ ਏ) ਨੇ 100 ਮੀਟਰ ਦੌੜ ਵਿੱਚ ਚਾਂਦੀ ਦਾ ਤਮਗਾ ਜਿੱਤਿਆ।ਪ੍ਰੇਮਜੋਤ ਸਿੰਘ (7ਵੀਂ ਸੀ) ਨੇ ਗੋਲਾ ਸੁੱਟਣ ਤੇ ਜਸਕੀਰਤ ਸਿੰਘ (8ਵੀਂ ਬੀ) ਨੇ 600 ਮੀਟਰ ਦੌੜ ਵਿੱਚ ਕਾਂਸੀ ਦੇ ਤਮਗੇ ਹਾਸਲ ਕੀਤੇ।ਸਕੂਲ ਪ੍ਰਬੰਧਕਾਂ ਨੇ ਖਿਡਾਰੀਆਂ ਨੂੰ ਵਧਾਈ ਇਸ ਸ਼ਾਨਦਾਰ ਉਪਲਬਧੀ 'ਤੇ ਸਕੂਲ ਦੇ ਡਾਇਰੈਕਟਰ ਸ. ਭੁਪਿੰਦਰ ਸਿੰਘ, ਪ੍ਰਧਾਨ ਸ੍ਰੀਮਤੀ ਰਵਿੰਦਰ ਕੌਰ ਅਤੇ ਪ੍ਰਿੰਸੀਪਲ ਸ੍ਰੀਮਤੀ ਪੂਨਮ ਧੀਮਾਨ ਨੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੱਤੀ।ਇਸ ਮੌਕੇ ਐਥਲੈਟਿਕਸ ਕੋਚ ਸ੍ਰੀ ਹਿਮਾਂਸ਼ੂ ਸ਼ਰਮਾ ਨੂੰ ਵੀ ਖਿਡਾਰੀਆਂ ਦੀ ਤਿਆਰੀ ਤੇ ਮਾਰਗਦਰਸ਼ਨ ਲਈ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਗਈ।14 ਤਮਗਿਆਂ ਦੀ ਇਹ ਸ਼ਾਨਦਾਰ ਪ੍ਰਾਪਤੀ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੀ ਖੇਡ ਪ੍ਰਤਿਭਾ ਤੇ ਵਿਦਿਆਰਥੀਆਂ ਦੀ ਅਟੁੱਟ ਮਿਹਨਤ ਦਾ ਪ੍ਰਮਾਣ ਹੈ।ਸਕੂਲ ਮੈਨੇਜਮੈਂਟ ਨੇ ਸਾਰੇ ਖਿਡਾਰੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਸਕੂਲ ਤੇ ਇਲਾਕੇ ਦਾ ਨਾਮ ਹੋਰ ਉੱਚਾ ਚੁੱਕਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਘਰਾਂ ਅੰਦਰ ਤਾੜ ਕੇ ਲੋਕਾਂ ਦੇ ਮਸਲੇ ਹੱਲ ਨਹੀਂ ਹੋਣੇ : ਹਰਦੀਪ ਦੌਲਤਪੁਰ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਕਿਸਾਨ ਵਿੰਗ) ਦੇ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਹਰਦੀਪ ਸਿੰਘ ਦੌਲਤਪੁਰ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਪੁਲਸ ਵੱਲੋਂ ਕੀਤੇ ਜਾ ਰਹੇ ਕਥਿਤ ਜਬਰ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਜਨਤਾ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਲੋਕਾਂ ਦੀ ਆਵਾਜ਼ ਸੁਣਨੀ ਚਾਹੀਦੀ ਹੈ, ਨਾ ਕਿ ਉਨ੍ਹਾਂ ਦੀ ਆਵਾਜ਼ ਨੂੰ ਘਰਾਂ ਅੰਦਰ ਡੱਕ ਕੇ ਦਬਾਉਣਾ ਚਾਹੀਦਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਦੀਪ ਸਿੰਘ ਦੌਲਤਪੁਰ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਦੋ ਦਿਨਾ ਹਲਕਾ ਫੇਰੀ ਦੌਰਾਨ ਉਨ੍ਹਾਂ ਨੂੰ ਪੁਲਸ ਵੱਲੋਂ ਆਪਣੇ ਹੀ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਸੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਖੁਦ ਧੂਰੀ ਹਲਕੇ ਦੇ ਚੁਣੇ ਹੋਏ ਵਿਧਾਇਕ ਹਨ।ਜੇਕਰ ਹਲਕੇ ਦਾ ਕੋਈ ਵੀ ਆਗੂ ਜਾਂ ਆਮ ਨਾਗਰਿਕ ਖੇਤਰ ਦੇ ਅਧੂਰੇ ਵਿਕਾਸ ਕਾਰਜਾਂ, ਬੇਰੋਜ਼ਗਾਰੀ ਜਾਂ ਲੋਕ-ਮੁੱਦਿਆਂ ਬਾਰੇ ਸਵਾਲ-ਜਵਾਬ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ ਪੂਰਾ ਹੱਕ ਹੈ।ਅਜਿਹੇ ਵਿਰੋਧੀ ਸੁਰਾਂ ਨੂੰ ਪੁਲਸੀਆ ਧੱਕੇਸ਼ਾਹੀ ਨਾਲ ਦਬਾਇਆ ਨਹੀਂ ਜਾ ਸਕਦਾ।ਦੌਲਤਪੁਰ ਨੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਜਿੱਥੇ ਵੀ ਮੁੱਖ ਮੰਤਰੀ ਦਾ ਦੌਰਾ ਹੁੰਦਾ ਹੈ, ਉੱਥੇ ਆਮ ਲੋਕਾਂ ਦੇ ਘਰ, ਦੁਕਾਨਾਂ ਅਤੇ ਬਾਜ਼ਾਰ ਜ਼ਬਰਦਸਤੀ ਬੰਦ ਕਰਵਾ ਦਿੱਤੇ ਜਾਂਦੇ ਹਨ, ਜਿਸ ਨਾਲ ਆਮ ਜਨ-ਜੀਵਨ ਪੂਰੀ ਤਰ੍ਹਾਂ ਅਸਤ-ਵਿਅਸਤ ਹੋ ਜਾਂਦਾ ਹੈ।ਉਨ੍ਹਾਂ ਚੇਤੇ ਕਰਵਾਇਆ ਕਿ ਚੋਣਾਂ ਤੋਂ ਪਹਿਲਾਂ ਇਸੇ ਮੁੱਖ ਮੰਤਰੀ ਨੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰਦਿਆਂ ਕਿਹਾ ਸੀ ਕਿ ਲੀਡਰ ਲੋਕਾਂ ਪ੍ਰਤੀ ਜਵਾਬਦੇਹ ਹੁੰਦੇ ਹਨ, ਪਰ ਅੱਜ ਸਰਕਾਰ ਖੁਦ ਲੋਕਾਂ ਦੇ ਸਵਾਲਾਂ ਤੋਂ ਭੱਜ ਰਹੀ ਹੈ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਪ੍ਰਸ਼ਾਸਨਕ ਧੱਕੇਸ਼ਾਹੀ ਛੱਡ ਕੇ ਹਲਕੇ ਦੇ ਅਸਲ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰੇ।

## ਤਰਕਸ਼ੀਲ ਸੁਸਾਇਟੀ ਵੱਲੋਂ ਚੰਦ ਫ਼ਤਿਹਪੁਰੀ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਨਵਾਂ ਜ਼ਮਾਨਾ ਦੇ ਸੰਪਾਦਕ ਅਤੇ ਉੱਘੇ ਮਾਰਕਸਵਾਦੀ ਲੇਖਕ, ਪੱਤਰਕਾਰ ਤੇ ਮਿਹਨਤੀ ਆਗੂ ਚੰਦ ਫਤਿਹਪੁਰੀ ਦੇ ਬੇਵਕਤੀ ਦੇਹਾਂਤ ਤੇ ਨਵਾਂ ਜ਼ਮਾਨਾ ਦੀ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਸੀ ਪੀ ਆਈ ਦੀ ਸੂਬਾ ਕਮੇਟੀ ਅਤੇ ਪੀੜਤ ਪਰਵਾਰ ਨਾਲ ਗਹਿਰੇ ਦੁੱਖ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਆਪਣੇ ਸ਼ੋਕ ਸੰਦੇਸ਼ ਵਿੱਚ ਪੀੜਤ ਪਰਵਾਰ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਰਾਜਪਾਲ ਸਿੰਘ, ਸੁਖਵਿੰਦਰ ਬਾਗਪੁਰ, ਸੁਮੀਤ ਅੰਮ੍ਰਿਤਸਰ, ਜਸਵਿੰਦਰ ਫਗਵਾੜਾ, ਸੁਰਜੀਤ ਟਿੱਬਾ ਅਤੇ ਜ਼ੋਨ ਆਗੂ ਸੁਖਦੇਵ ਫਗਵਾੜਾ ਨੇ ਕਿਹਾ ਕਿ ਚੰਦ ਫ਼ਤਿਹਪੁਰੀ ਦੇ ਸਦੀਵੀ ਵਿਛੋੜੇ ਨਾਲ ਜਿੱਥੇ ਉਨ੍ਹਾਂ ਦੇ ਪਰਵਾਰ ਅਤੇ ਇਨਕਲਾਬੀ ਜਮਹੂਰੀ ਲਹਿਰ ਨੂੰ ਵੱਡਾ ਸਦਮਾ ਪਹੁੰਚਿਆ ਹੈ, ਉੱਥੇ ਹੀ ਅਦਾਰਾ ਨਵਾਂ ਜ਼ਮਾਨਾ ਅਤੇ ਲੋਕਪੱਖੀ ਪੱਤਰਕਾਰੀ ਤੇ ਇਨਕਲਾਬੀ ਸਾਹਿਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ। ਤਰਕਸ਼ੀਲ ਆਗੂਆਂ ਨੇ ਚੰਦ ਫਤਿਹਪੁਰੀ ਦੀ ਜੀਵਨ ਘਾਲਣਾ ਨੂੰ ਸਲਾਮ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਲੋਕ ਪੱਖੀ ਪੱਤਰਕਾਰੀ ਦੀਆਂ ਨੈਤਿਕ ਕਦਰਾਂ ਕੀਮਤਾਂ ਤੇ ਪਹਿਰਾ ਦਿੰਦਿਆਂ ਆਪਣੀਆਂ ਲਾਜਵਾਬ ਸੰਪਾਦਕੀਆਂ ਅਤੇ ਲੇਖਾਂ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਸਾਮਰਾਜੀ ਅਤੇ ਫ਼ਿਰਕੂ ਨੀਤੀਆਂ ਦਾ ਪੂਰੀ ਨਿਡਰਤਾ ਨਾਲ ਵਿਰੋਧ ਕੀਤਾ, ਲੋਕ ਪੱਖੀ ਸੰਵੇਦਨਸ਼ੀਲ ਮੁੱਦਿਆਂ ਅਤੇ ਸਮਾਜਿਕ ਸਰੋਕਾਰਾਂ ਨੂੰ ਡਟ ਕੇ ਉਭਾਰਿਆ ਅਤੇ ਨਵਾਂ ਜ਼ਮਾਨਾ ਅਖ਼ਬਾਰ ਨੂੰ ਦੇਸ਼ ਵਿਦੇਸ਼ ਦੇ ਪਾਠਕਾਂ ਵਿੱਚ ਹਰਮਨ ਪਿਆਰਾ ਬਣਾਉਣ ਅਤੇ ਬੁਲੰਦੀਆਂ ਤੇ ਪਹੁੰਚਾਉਣ ਵਿੱਚ ਸਰਗਰਮ ਭੂਮਿਕਾ ਨਿਭਾਈ।

## ਕਲਮਾਂ ਦਾ ਕਾਫਲਾ ਮੰਚ ਨੇ ਕਰਵਾਇਆ ਕਵੀ ਦਰਬਾਰ ਤੇ ਸਨਮਾਨ ਸਮਾਰੋਹ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਕਲਮਾਂ ਦਾ ਕਾਫਲਾ ਅੰਤਰਰਾਸ਼ਟਰੀ ਸਾਹਿਤਕ ਮੰਚ ਵੱਲੋਂ ਗੁਰਜੀਤ ਕੌਰ ਅਜਨਾਲਾ ਦੀ ਅਗਵਾਈ ਹੇਠ ਸੂਬੇਦਾਰ ਬਲਕਾਰ ਸਿੰਘ ਯਾਦਗਾਰੀ ਅਤੇ ਅਧਿਆਪਕ ਸਨਮਾਨ ਸਮਾਰੋਹ ਵਿਰਸਾ



ਵਿਹਾਰ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਉੱਘੀ ਸਾਹਿਤਕਾਰ ਡਾ. ਗੁਰਚਰਨ ਕੌਰ ਕੋਚਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਬਲਜੀਤ ਕੌਰ ਸੈਣੀ, ਪ੍ਰਿੰਸੀਪਲ ਪਰਮਜੀਤ ਕੌਰ ਫਗਵਾੜਾ, 'ਏਕਮ' ਮੈਗਜ਼ੀਨ ਦੇ ਸੰਪਾਦਕ ਅਰਤਿੰਦਰ ਸੰਧੂ, ਗੁਰਚਰਨ ਗਾਂਧੀ, ਜਸਬੀਰ ਸਿੰਘ ਝਬਾਲ, ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ ਅਤੇ ਰਾਜ ਖੁਸ਼ਵੰਤ ਸਿੰਘ ਸੰਧੂ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਕਰਵਾਏ ਗਏ ਕਵੀ ਦਰਬਾਰ ਵਿੱਚ ਪ੍ਰੋ: ਬੀਰਇੰਦਰ ਸਰਾਂ, ਸਤਿੰਦਰ ਸਿੰਘ ਓਠੀ, ਰਾਜੇਸ਼ ਕੁਮਾਰ ਭਗਤ, ਕੁਲਵਿੰਦਰ ਕੌਰ ਕਾਹਲੋਂ, ਜਸਵਿੰਦਰ ਸਿੰਘ ਝਬਾਲ, ਰਜਨੀ ਤਰਨਤਾਰਨ, ਸਤਨਾਮ ਕੌਰ ਤੁਗਲਵਾਲਾ, ਮਨਪ੍ਰੀਤ ਕੌਰ ਮੱਟੂ, ਅਵਤਾਰ ਸਿੰਘ ਭਜਾਣਾ, ਪ੍ਰਵੀਨ ਕੌਰ ਸਿੱਧੂ, ਕੁਲਵਿੰਦਰਜੀਤ ਕੌਰ ਚੱਬਾ, ਉਰਵਸ਼ੀ ਸੇਠੀ ਚੱਬਾ, ਜਤਿੰਦਰਪਾਲ ਕੌਰ ਭਿੰਡਰ, ਪਰਮਜੀਤ ਕੌਰ ਦਹੀਆ, ਨਵਦੀਪ ਸਿੰਘ, ਸੁਖਪਾਲ ਸਿੰਘ, ਅਨੀਤਾ ਪਟਿਆਲਵੀ, ਸੁਖਦੀਪ ਸਿੰਘ, ਆਕਰਮਨਪ੍ਰੀਤ ਸਿੰਘ, ਪਰਮਜੀਤ ਕੌਰ, ਹਰ ਸੁਖਵਿੰਦਰ ਸਿੰਘ, ਰਾਜੇਸ਼ ਕੁਮਾਰ ਬੱਬੀ, ਗੁਰਜੀਤ ਸਿੰਘ ਦਹੀਆ, ਪ੍ਰਿੰਸੀਪਲ ਸੁਖਬੀਰ ਸਿੰਘ ਨੂਰ ਅਤੇ ਸੁਖਪਾਲ ਕੌਰ ਸਮੇਤ ਵੱਖ-ਵੱਖ ਸ਼ਾਇਰਾਂ ਨੇ ਆਪਣਾ ਕਲਾਮ ਪੇਸ਼ ਕਰਕੇ ਸਰੋਤਿਆਂ ਨੂੰ ਸਾਹਿਤਕ ਰੰਗ ਵਿੱਚ ਰੰਗਿਆ। ਸਮਾਗਮ ਦੌਰਾਨ ਆਪਣੇ-ਆਪਣੇ ਖੇਤਰ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਂ ਅਤੇ ਲੇਖਕਾਂ ਨੂੰ ਸਨਮਾਨਤ ਕੀਤਾ ਗਿਆ। ਬੁਲਾਰਿਆਂ ਨੇ ਸਾਹਿਤ, ਸਿੱਖਿਆ ਅਤੇ ਸਮਾਜ ਦੇ ਵਿਕਾਸ ਵਿੱਚ ਅਧਿਆਪਕਾਂ ਤੇ ਲੇਖਕਾਂ ਦੀ ਭੂਮਿਕਾ ਨੂੰ ਮਹੱਤਵਪੂਰਨ ਦੱਸਿਆ। ਸਮਾਗਮ ਦੀ ਮੰਚ ਸੰਚਾਲਨਾ ਦੇ ਫ਼ਰਜ਼ ਗੁਰਜੀਤ ਕੌਰ ਅਜਨਾਲਾ ਵੱਲੋਂ ਬਾਖੂਬੀ ਨਿਭਾਏ ਗਏ।

## 'ਨਸ਼ਾ ਮੁਕਤ ਪੰਜਾਬ ਯਾਤਰਾ' ਦਾ ਭਾਜਪਾ ਜ਼ਿਲ੍ਹਾ ਮੀਤ ਪ੍ਰਧਾਨ ਦੀ ਅਗਵਾਈ ਹੇਠ ਭਰਵਾਂ ਸਵਾਗਤ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਅੱਜ 'ਨਸ਼ਾ ਮੁਕਤ ਪੰਜਾਬ ਯਾਤਰਾ' ਦੇ ਦੀਨਾਨਗਰ ਪਹੁੰਚਣ 'ਤੇ ਭਾਰਤੀ ਜਨਤਾ



ਪਾਰਟੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਵਿਨੇ ਚੌਧਰੀ ਵੱਲੋਂ ਆਪਣੇ ਸਾਥੀਆਂ ਅਤੇ ਭਾਰੀ ਕਾਫ਼ਲੇ ਸਮੇਤ ਯਾਤਰਾ ਦਾ ਨਿੱਘਾ ਅਤੇ ਜ਼ੋਰਦਾਰ ਸਵਾਗਤ ਕੀਤਾ ਗਿਆ।ਇਸ ਤੋਂ ਬਾਅਦ ਵਿਨੇ ਚੌਧਰੀ ਆਪਣੇ ਵਿਸ਼ਾਲ ਕਾਫ਼ਲੇ ਨਾਲ ਮਹਾਰਾਜਾ ਰਣਜੀਤ ਸਿੰਘ ਪਾਰਕ ਦੀਨਾਨਗਰ ਵਿਖੇ ਪਹੁੰਚੇ। ਪ੍ਰੋਗਰਾਮ ਦੀ ਅਗਲੀ ਲੜੀ ਵਿੱਚ ਉਹ ਪੁਰਾਣਾ ਸ਼ਾਲਾ ਮੰਡਲ ਦੇ ਪਿੰਡ ਕਲੀਜਪੁਰ ਸਥਿਤ ਖੁਸ਼ਹਾਲ ਪੈਲੇਸ ਵਿਖੇ ਆਯੋਜਿਤ ਵਿਸ਼ੇਸ਼ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਨੇ ਚੌਧਰੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸ਼ਾਸਨਕਾਲ ਦੌਰਾਨ ਪੰਜਾਬ ਵਿੱਚ ਨਸ਼ਾ ਖ਼ਤਮ ਹੋਣ ਦੀ ਬਜਾਏ ਹੋਰ ਵੀ ਜ਼ਿਆਦਾ ਵਧ ਗਿਆ ਹੈ। ਸਰਕਾਰ ਦੀਆਂ ਨਾਕਾਮ ਪਾਲਸੀਆਂ ਕਾਰਨ ਅੱਜ ਪੰਜਾਬ ਦਾ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਧੱਸਦਾ ਜਾ ਰਿਹਾ ਹੈ ਅਤੇ ਆਪ ਸਰਕਾਰ ਨਸ਼ਾ ਰੋਕਣ ਵਿੱਚ ਪੂਰੀ ਤਰ੍ਹਾਂ ਅਸਫ਼ਲ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਨੂੰ ਨਸ਼ਾ ਮੁਕਤ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਮਿਸ਼ਨ ਨੂੰ ਘਰ-ਘਰ ਤੱਕ ਪਹੁੰਚਾ ਕੇ ਹੀ ਦਮ ਲਵੇਗੀ। ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਪਹੁੰਚੇ ਵਰਕਰਾਂ ਅਤੇ ਸਥਾਨਕ ਲੋਕਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।

## ਸੰਪਾਦਕ ਕਾਮਰੇਡ ਚੰਦ ਫਤਿਹਪੁਰੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਪਠਾਨਕੋਟ (ਦਵਿੰਦਰ ਸਿੰਘ)**- ਪ੍ਰੈੱਸ ਕਲੱਬ ਜ਼ਿਲ੍ਹਾ ਪਠਾਨਕੋਟ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਦਵਿੰਦਰ ਸੋਢੀ ਅਤੇ ਜਨਰਲ ਸਕੱਤਰ ਰਮਨ ਕਾਲੀਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਨਵਾਂ ਜ਼ਮਾਨਾ ਅਖ਼ਬਾਰ ਦੇ ਸੰਪਾਦਕ ਕਾਮਰੇਡ ਚੰਦ ਫਤਿਹਪੁਰੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਕਾਮਰੇਡ ਫਤਿਹਪੁਰੀ ਨੇ ਆਪਣਾ ਸਮੁੱਚਾ ਜੀਵਨ ਪੱਤਰਕਾਰਤਾ ਦੇ ਖੇਤਰ ਨੂੰ ਦਿੱਤਾ। ਉਹ ਅਗਾਂਹਵਧੂ ਵਿਚਾਰਧਾਰਾ ਦੇ ਹਾਮੀ ਸਨ ਅਤੇ ਸਮੁੱਚੀ ਦੁਨੀਆ ਵਿੱਚ ਸਰਬਹਾਰੇ ਦੀ ਮੁਕਤੀ ਲਈ ਲੜੇ ਜਾ ਰਹੇ ਸੰਘਰਸ਼ ਦਾ ਸਮਰਥਨ ਕਰਦੇ ਸਨ। ਉਨ੍ਹਾਂ ਦੇ ਤੁਰ ਜਾਣ ਨਾਲ ਪੱਤਰਕਾਰੀ ਦੇ ਖੇਤਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਜਨਰਲ ਸਕੱਤਰ ਰਮਨ ਕਾਲੀਆ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਮਰੇਡ ਫਤਿਹਪੁਰੀ ਸੀ ਪੀ ਆਈ ਦੇ ਵਫ਼ਾਦਾਰ ਸਿਪਾਹੀ ਸਨ। ਆਪਣੇ ਅੰਤਲੇ ਸਾਹਾਂ ਤੱਕ ਉਹ ਪਾਰਟੀ ਤੇ ਨਵਾਂ ਜ਼ਮਾਨਾ ਅਖ਼ਬਾਰ ਦੇ ਵਫ਼ਾਦਾਰ ਰਹੇ। ਅਖੀਰ ਵਿੱਚ ਜਨਰਲ ਸਕੱਤਰ ਰਮਨ ਕਾਲੀਆ ਨੇ ਪ੍ਰੈੱਸ ਕਲੱਬ ਜ਼ਿਲ੍ਹਾ ਪਠਾਨਕੋਟ ਵੱਲੋਂ ਨਵਾਂ ਜ਼ਮਾਨਾ ਅਖ਼ਬਾਰ ਅਤੇ ਸੀ ਪੀ ਆਈ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੇਵ ਸਿੰਘ ਜੌਹਲ, ਦਵਿੰਦਰ ਸੈਣੀ ਆਦਿ ਹਾਜ਼ਰ ਸਨ।

## 7500 ਐਮ ਐਲ ਨਜਾਇਜ਼ ਸ਼ਰਾਬ ਸਮੇਤ ਔਰਤ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਦੀਨਾਨਗਰ ਪੁਲਸ ਨੇ 7500 ਐਮ.ਐਲ. ਨਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਤਫਤੀਸ਼ੀ ਅਫ਼ਸਰ ਏ.ਐਸ.ਆਈ. ਸੋਹਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਨੇੜੇ ਮੜੀਆ ਡੀਡਾ ਸਾਂਸੀਆ ਵਿਖੇ ਰੇਡ ਕਰਕੇ ਰੋਸ਼ਨੀ ਪਤਨੀ ਸੰਜੀਵ ਕੁਮਾਰ ਵਾਸੀ ਡੀਡਾ ਸਾਂਸੀਆ ਨੂੰ ਕਾਬੂ ਕੀਤਾ, ਜਿਸ ਪਾਸੋਂ 7500 ਐਮ.ਐਲ. ਨਜਾਇਜ਼ ਸ਼ਰਾਬ ਬਰਾਮਦ ਹੋਈ । ਥਾਣਾ ਦੀਨਾਨਗਰ ਪੁਲਸ ਨੇ ਉਕਤ ਔਰਤ ਖ਼ਿਲਾਫ਼ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਕਿਸਾਨ ਸੰਘਰਸ਼ ਕਮੇਟੀ (ਕੋਟ ਬੁੱਢਾ) ਵੱਲੋਂ ਹੰਗਾਮੀ ਮੀਟਿੰਗ, 6 ਹਜ਼ਾਰ ਪ੍ਰਤੀ ਏਕੜ ਮੁਆਵਜ਼ੇ ਦੀ ਮੰਗ

**ਚੋਹਲਾ ਸਾਹਿਬ (ਰਮਨ ਚੱਢਾ)**- ਕਿਸਾਨ ਸੰਘਰਸ਼ ਕਮੇਟੀ ਪੰਜਾਬ (ਕੋਟ ਬੁੱਢਾ) ਜ਼ੋਨ ਸ੍ਰੀ ਗੁਰੂ ਅਰਜਨ ਦੇਵ ਜੀ (ਚੋਹਲਾ ਸਾਹਿਬ) ਦੀ ਇਕ ਅਹਿਮ ਮੀਟਿੰਗ ਪਿੰਡ ਸਰਹਾਲੀ ਦੀ ਦਾਣਾ ਮੰਡੀ ਵਿਖੇ ਕੀਤੀ ਗਈ। ਇਹ ਮੀਟਿੰਗ ਜ਼ੋਨ ਪ੍ਰਧਾਨ ਪ੍ਰਗਟ ਸਿੰਘ ਚੰਬਾ ਅਤੇ ਆਗੂ ਸੁਖਜਿੰਦਰ ਸਿੰਘ ਰਾਜੂ ਰੂੜੀ ਵਾਲਾ ਦੀ ਪ੍ਰਵਾਨਗੀ ਅਤੇ ਅਗਵਾਈ ਹੇਠ ਸੰਪੰਨ ਹੋਈ, ਜਿਸ ਵਿੱਚ ਝੋਨੇ ਦੀ ਆਗਾਮੀ ਖ਼ਰੀਦ ਅਤੇ ਪਰਾਲੀ (ਫ਼ਸਲ ਦੀ ਰਹਿੰਦ-ਖੂੰਹਦ) ਦੇ ਨਿਪਟਾਰੇ ਸਬੰਧੀ ਗੰਭੀਰ



ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਆਗੂਆਂ ਨੇ ਦੱਸਿਆ ਕਿ ਐਤਕੀਂ ਹਾੜ੍ਹੀ/ਸਾਉਣੀ ਦੀਆਂ ਫ਼ਸਲਾਂ, ਖ਼ਾਸ ਕਰਕੇ ਝੋਨਾ ਸਮੇਂ ਤੋਂ 10 ਤੋਂ 12 ਦਿਨ ਪਹਿਲਾਂ ਪੱਕ ਕੇ ਤਿਆਰ ਹੋ ਚੁੱਕਾ ਹੈ। ਅਗਲੇ ਇੱਕ-ਦੋ ਦਿਨਾਂ ਵਿੱਚ ਫ਼ਸਲ ਮੰਡੀਆਂ ਵਿੱਚ ਆਉਣੀ ਸ਼ੁਰੂ ਹੋ ਜਾਵੇਗੀ। ਪ੍ਰੰਤੂ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਮੰਡੀਆਂ ਵਿੱਚ ਖ਼ਰੀਦ ਅਤੇ ਬਾਰਦਾਨੇ ਦੇ ਕੋਈ ਪੁਖ਼ਤਾ ਇੰਤਜ਼ਾਮ ਦਿਖਾਈ ਨਹੀਂ ਦੇ ਰਹੇ।ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇੱਕ-ਦੋ ਦਿਨਾਂ ਦੇ ਅੰਦਰ ਸਰਕਾਰੀ ਖ਼ਰੀਦ ਸ਼ੁਰੂ ਨਾ ਕੀਤੀ, ਤਾਂ ਮੰਡੀਆਂ ਵਿੱਚ ਪ੍ਰਾਈਵੇਟ ਖ਼ਰੀਦਦਾਰ ਅਤੇ ਵਪਾਰੀ ਕਿਸਾਨਾਂ ਦੀ ਮਜਬੂਰੀ ਦਾ ਫ਼ਾਇਦਾ ਚੁੱਕ ਕੇ ਵੱਡੇ ਪੱਧਰ 'ਤੇ ਲੁੱਟ ਕਰਨਗੇ। ਕਿਸਾਨ ਸੰਘਰਸ਼ ਕਮੇਟੀ ਨੇ ਮੰਗ ਕੀਤੀ ਕਿ ਝੋਨੇ ਦੀ ਖ਼ਰੀਦ ਦੇ ਨਾਲ-ਨਾਲ ਪੰਜਾਬ ਸਰਕਾਰ ਪਰਾਲੀ ਦੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਵੀ ਠੋਸ ਕਦਮ ਚੁੱਕੇ। ਕਿਸਾਨਾਂ ਨੂੰ ਪਰਾਲੀ ਸਾਂਭਣ ਲਈ ਪ੍ਰਤੀ ਏਕੜ ਘੱਟੋ-ਘੱਟ ?6,000 ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ ਅਤੇ ਕਿਸਾਨਾਂ 'ਤੇ ਵਾਧੂ ਖ਼ਰਚੇ ਦਾ ਬੋਝ ਨਾ ਪਵੇ।ਆਗੂਆਂ ਨੇ ਪੰਜਾਬ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਤੁਰੰਤ ਸਰਕਾਰੀ ਖ਼ਰੀਦ ਅਤੇ ਪਰਾਲੀ ਦਾ ਯੋਗ ਪ੍ਰਬੰਧ ਨਾ ਕੀਤਾ ਗਿਆ, ਤਾਂ ਕਮੇਟੀ ਦੂਜੀਆਂ ਸਮੂਹ ਕਿਸਾਨ ਜਥੇਬੰਦੀਆਂ ਨਾਲ ਲਾਮਬੰਦੀ ਕਰਕੇ ਸਰਕਾਰ ਵਿਰੁੱਧ ਵੱਡੇ ਤਿੱਖੇ ਐਕਸ਼ਨ/ਸੰਘਰਸ਼ ਦਾ ਐਲਾਨ ਕਰੇਗੀ। ਇਸ ਮੌਕੇ ਸੁਖਦੇਵ ਸਿੰਘ ਗੰਡੀਵਿੰਡ, ਸਕੱਤਰ ਸਿੰਘ ਗੰਡੀਵਿੰਡ, ਗੁਰਨਾਮ ਸਿੰਘ ਚੰਬਾ, ਬਖ਼ਸ਼ੀਸ਼ ਸਿੰਘ ਚੰਬਾ, ਬਲਵਿੰਦਰ ਸਿੰਘ, ਗੁਰਜੀਤ ਸਿੰਘ, ਬਲਦੇਵ ਸਿੰਘ, ਗੁਰਮੇਲ ਸਿੰਘ ਗੇਲਾ, ਬਲਜਿੰਦਰ ਸਿੰਘ, ਮਾਸਟਰ ਹਰਪਾਲ ਸਿੰਘ, ਗੁਰਪ੍ਰਤਾਪ ਸਿੰਘ ਭੱਟੀ, ਬਲਵਿੰਦਰ ਸਿੰਘ (ਪੰਜਾਬ ਰੋਡਵੇਜ਼ ਸਰਹਾਲੀ), ਪਰਮਵੀਰ ਸਿੰਘ ਦੀਪਰਿੰਗੜੀ, ਰਣਜੀਤ ਸਿੰਘ ਪਨਗੋਟਾ, ਸੁਖਬੀਰ ਸਿੰਘ ਨਦਹੋਰ, ਚਾਨਣ ਸਿੰਘ ਸੈਦਪੁਰ, ਅਤੇ ਹਰਜੀਤ ਸਿੰਘ ਬੱਠੇ ਭੈਣੀ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ 'ਚ ਡੇਂਗੂ ਸੰਬੰਧੀ ਲਾਰਵੇ ਦੀ ਕੀਤੀ ਜਾਂਚ



**ਬਟਾਲਾ (ਤਰਲੋਕ ਬੱਗਾ)**- ਹਰੇਕ ਸੋਮਵਾਰ ਡੇਂਗੂ 'ਤੇ ਵਾਰ ਤਹਿਤ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾਕਟਰ ਮਨਿੰਦਰਜੀਤ ਸਿੰਘ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਬਟਾਲਾ ਦੀ ਯੋਗ ਅਗਵਾਈ ਹੇਠ ਅਤੇ ਡਾਕਟਰ ਕੁਲਵਿੰਦਰ ਕੌਰ, ਪ੍ਰਿਤਪਾਲ ਸਿੰਘ ਸਹਾਇਕ ਮਲੇਰੀਆ ਅਫਸਰ ਅਤੇ ਹਰਵਿੰਦਰ ਸਿੰਘ ਸਹਾਇਕ ਮਲੇਰੀਆ ਅਫਸਰ ਦੇ ਸਹਿਯੋਗ ਨਾਲ ਵੱਖ ਵੱਖ ਟੀਮਾਂ ਦੁਆਰਾ ਬਟਾਲਾ ਸ਼ਹਿਰ ਅਧੀਨ ਪੈਂਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਵਿੱਚ ਜਾ ਕੇ ਡੇਂਗੂ ਸਬੰਧੀ ਲਾਰਵੇ ਦੀ ਜਾਂਚ ਕੀਤੀ ਗਈ ਅਤੇ ਜਿੱਥੇ ਕਿਤੇ ਵੀ ਲਾਰਵਾ ਪਾਇਆ ਗਿਆ ਉਸ ਨੂੰ ਮੌਕੇ 'ਤੇ ਨਸ਼ਟ ਕੀਤਾ ਗਿਆ ਅਤੇ ਲੋਕਾਂ ਨੂੰ ਡੇਂਗੂ ਬੁਖਾਰ ਤੇ ਚਿਕਨ ਗੁਨੀਆ ਬੁਖਾਰ ਬਾਰੇ ਜਾਣਕਾਰੀ ਦਿੱਤੀ ਗਈ ਕਿ ਇਹ ਬੁਖਾਰ ਕਿਵੇਂ ਹੁੰਦਾ ਹੈ ਅਤੇ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ।

ਪ੍ਰਿਤਪਾਲ ਸਿੰਘ ਸਹਾਇਕ ਮਲੇਰੀਆ ਅਫਸਰ ਨੇ ਸਕੂਲੀ ਬੱਚਿਆਂ ਅਤੇ ਟੀਚਰਾਂ ਨੂੰ ਦੱਸਿਆ ਕਿ ਕੋਈ ਵੀ ਬੁਖਾਰ ਹੋਣ ਦੇ ਸੂਰਤ ਵਿੱਚ ਸਰਕਾਰੀ ਹਸਪਤਾਲ ਵਿੱਚ ਜਾ ਕੇ ਟੈਸਟ ਜ਼ਰੂਰ ਕਰਵਾਇਆ ਜਾਵੇ। ਹਰੇਕ ਸਰਕਾਰੀ ਹਸਪਤਾਲ ਵਿੱਚ ਡੇਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਫਰੀ ਹੁੰਦਾ ਹੈ। ਇਸ ਮੌਕੇ ਲਖਬੀਰ ਸਿੰਘ ਹੈਲਥ ਇੰਸਪੈਕਟਰ, ਸੁਰਿੰਦਰ ਪਾਲ ਹੈਲਥ ਇੰਸਪੈਕਟਰ, ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਕਿਰਨਦੀਪ ਸਿੰਘ ਮਲਟੀਪਰਪਜ਼ ਹੈਲਥ ਵਰਕਰ ਅਤੇ ਨਰਸਿੰਗ ਸਟੂਡੈਂਟ ਵੀ ਹਾਜ਼ਰ ਸਨ।

## ਐੱਫ ਐੱਲ ਐੱਨ ਏ ਟੀ ਪ੍ਰੀਖਿਆ ਸਫਲਤਾਪੂਰਵਕ ਕਰਵਾਈ

**ਪਠਾਨਕੋਟ (ਦਵਿੰਦਰ ਸਿੰਘ)**- ਡਾਇਟ ਪਠਾਨਕੋਟ ਦੇ ਪ੍ਰਿੰਸੀਪਲ ਹਰਿੰਦਰ ਸਿੰਘ ਸੈਣੀ ਨੇ ਦੱਸਿਆ ਕਿ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (ਡਾਇਟ) ਪਠਾਨਕੋਟ ਵੱਲੋਂ ਉਲਾਸ ਤਹਿਤ ਫਾਊਂਡੇਸ਼ਨਲ ਲਿਟਰੇਸੀ ਐਂਡ ਨਿਊਮਰੇਸੀ ਅਸੈਸਮੈਂਟ ਟੈਸਟ (ਐੱਫ.ਐੱਲ.ਐੱਨ.ਏ.ਟੀ.) ਸੈਸ਼ਨ 2026-27 ਦੀ ਪ੍ਰੀਖਿਆ 20 ਸਤੰਬਰ ਨੂੰ ਜ਼ਿਲ੍ਹੇ ਦੇ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ ਸਫ਼ਲਤਾਪੂਰਵਕ ਕਰਵਾਈ ਗਈ। ਪ੍ਰੀਖਿਆ ਸਵੇਰੇ 10:00 ਵਜੇ ਤੋਂ ਸ਼ਾਮ 5:00 ਵਜੇ ਤੱਕ ਨਿਰਧਾਰਤ ਸਮੇਂ ਅਨੁਸਾਰ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਦਾ ਮੁੱਖ ਉਦੇਸ਼ ਸਿਖਿਆਰਥੀਆਂ ਦੀ ਬੁਨਿਆਦੀ ਸਾਖਰਤਾ ਅਤੇ ਗਿਣਤੀ ਸਬੰਧੀ ਸਮਰੱਥਾ ਦਾ ਮੁਲਾਂਕਣ ਕਰਨਾ ਸੀ। ਜ਼ਿਲ੍ਹਾ ਪਠਾਨਕੋਟ ਦੇ ਵੱਖ-ਵੱਖ ਬਲਾਕਾਂ ਵਿੱਚ ਕੁੱਲ 3266 ਸਿਖਿਆਰਥੀਆਂ ਲਈ ਪ੍ਰੀਖਿਆ ਦਾ ਪ੍ਰਬੰਧ ਕੀਤਾ ਗਿਆ। ਇਨ੍ਹਾਂ ਵਿੱਚ ਬਲਾਕ ਬਮਿਆਲ ਤੋਂ 277, ਧਾਰ-1 ਤੋਂ 225, ਧਾਰ-2 ਤੋਂ 750, ਨਰੋਟ ਜੈਮਲ ਸਿੰਘ ਤੋਂ 376, ਪਠਾਨਕੋਟ-1 ਤੋਂ 388, ਪਠਾਨਕੋਟ-2 ਤੋਂ 406 ਅਤੇ ਪਠਾਨਕੋਟ-3 ਤੋਂ 844 ਸਿਖਿਆਰਥੀ ਦਰਜ ਸਨ। ਪ੍ਰੀਖਿਆ ਨੂੰ ਸੁਚੱਜੇ ਅਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਕੂਲ ਮੁਖੀਆਂ, ਅਧਿਆਪਕਾਂ, ਵੀ.ਟੀਜ਼ ਅਤੇ ਹੋਰ



ਸਬੰਧਤ ਕਰਮਚਾਰੀਆਂ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਈਆਂ ਗਈਆਂ। ਪ੍ਰੀਖਿਆ ਕੇਂਦਰਾਂ ਵਿੱਚ ਸਿਖਿਆਰਥੀਆਂ ਲਈ ਬੈਠਣ, ਪੀਣ ਵਾਲੇ ਪਾਣੀ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦਾ ਉਚਿਤ ਪ੍ਰਬੰਧ ਕੀਤਾ ਗਿਆ।

ਇਸ ਦੇ ਨਾਲ ਹੀ ਪ੍ਰੀਖਿਆ ਦੀ ਗੋਪਨੀਯਤਾ ਅਤੇ ਵਿਭਾਗੀ ਹਦਾਇਤਾਂ ਦੀ ਪੂਰੀ ਪਾਲਣਾ ਯਕੀਨੀ ਬਣਾਈ ਗਈ। ਪ੍ਰੀਖਿਆ ਦੌਰਾਨ ਸਟੇਟ ਨੋਡਲ ਇੰਚਾਰਜ ਐੱਸ.ਕੇ. ਅਰੋੜਾ, ਚੰਦਨ ਕੁਮਾਰ ਅਤੇ ਲਖਵਿੰਦਰ ਸਿੰਘ ਵੱਲੋਂ ਜ਼ਿਲ੍ਹੇ ਦੇ 6 ਪ੍ਰੀਖਿਆ ਕੇਂਦਰਾਂ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਡਾਇਟ ਪਠਾਨਕੋਟ ਵੱਲੋਂ ਪ੍ਰੀਖਿਆ ਦੇ ਪ੍ਰਬੰਧਾਂ ਦੀ ਲਗਾਤਾਰ ਨਿਗਰਾਨੀ ਕੀਤੀ ਗਈ ।

ਪ੍ਰੀਖਿਆ ਨਾਲ ਸੰਬੰਧਤ ਰਿਕਾਰਡ ਅਤੇ ਉੱਤਰ-ਪੱਤਰਾਂ ਨੂੰ ਵਿਭਾਗੀ ਹਦਾਇਤਾਂ ਅਨੁਸਾਰ ਸੁਰੱਖਿਅਤ ਢੰਗ ਨਾਲ ਸੰਭਾਲਿਆ ਗਿਆ। ਇਸ ਪ੍ਰੀਖਿਆ ਨੂੰ ਨੇਪਰੇ ਚੜ੍ਹਾਉਣ ਵਿੱਚ ਜ਼ਿਲ੍ਹਾ ਨੋਡਲ ਇੰਚਾਰਜ ਰਾਜੇਸ਼ ਮਹਾਜਨ, ਪਵਨ ਕੁਮਾਰ, ਵਿਨੇ ਵਿਕਰਮ ਮਹਾਜਨ, ਵਿਸ਼ਾਲ ਸ਼ਰਮਾ ਸਮੇਤ ਸਮੂਹ ਡਾਇਟ ਸਟਾਫ਼ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਸ੍ਰੀ ਗਣੇਸ਼ ਮਹਾਂਉਤਸਵ 25 ਨੂੰ

**ਢਿੱਲਵਾਂ (ਪਲਵਿੰਦਰ ਸਿੰਘ ਜੈ ਰਾਮਪੁਰ)**- ਮੰਦਰ ਸੁਧਾਰ ਸਭਾ ਢਿਲਵਾਂ ਰਜਿ ਵੱਲੋਂ ਪ੍ਰਵਾਸੀ ਵੀਰਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗਣੇਸ਼ ਮਹਾਂਉਤਸਵ ਮੰਦਰਲੇ ਸ਼ਿਵ ਮੰਦਰ ਢਿੱਲਵਾਂ ਵਿਖੇ ਪਿਛਲੇ ਕੁਝ ਦਿਨਾਂ ਤੋਂ 25 ਸਤੰਬਰ ਤੱਕ ਬਹੁਤ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਮੁੱਖ ਸੇਵਾਦਾਰ ਰਾਜਨ ਸ਼ਰਮਾ ਜਨਰਲ ਸੈਕਟਰੀ, ਖਜ਼ਾਨਚੀ ਵਿਸ਼ਾਲ ਅਰੋੜਾ, ਯੋਗੇਸ਼ ਭਾਰਤੀ, ਬਾਬਾ ਬਲਦੇਵ ਸਿੰਘ ਬਿੱਲਾ ਮੀਤ ਪ੍ਰਧਾਨ, ਡਾਕਟਰ ਪ੍ਰੇਮ ਨਾਥ ਗਰੇਵਰ ਸਾਬਕਾ ਪ੍ਰਧਾਨ, ਹਰੀਸ਼, ਜਤਿੰਦਰ, ਨਵਦੀਪ, ਰਿਕੀ ਵਰਮਾ, ਰਾਮੂ, ਹੀਰਾ ਲਾਲ ਨੇ ਦੱਸਿਆ ਕਿ 24 ਸਤੰਬਰ ਤੱਕ ਰੋਜ਼ਾਨਾ ਰਾਤ 8 ਵਜੇ ਤੋਂ 10 ਵਜੇ ਤੱਕ ਭਗਵਾਨ ਸ੍ਰੀ ਗਣੇਸ਼ ਜੀ ਦਾ ਗੁਣਗਾਨ ਹੋਵੇਗਾ।25 ਸਤੰਬਰ ਨੂੰ ਸਵੇਰੇ ਹਵਨ ਯੱਗ ਤੇ ਸਵੇਰੇ 10 ਵਜੇ ਤੋਂ 12 ਵਜੇ ਤੱਕ ਭਗਵਾਨ ਸ੍ਰੀ ਗਣੇਸ਼ ਜੀ ਦਾ ਭਜਨ ਗੁਣਗਾਨ ਹੋਵੇਗਾ।ਲੰਗਰ ਭੰਡਾਰਾ ਅਟੁੱਟ ਚੱਲੇਗਾ।

## ਮਹਾਨ ਨਗਰ ਕੀਰਤਨ ਦਾ ਕਾਦੀਆਂ ਪਹੁੰਚਣ 'ਤੇ ਸੰਗਤਾਂ ਵੱਲੋਂ ਭਰਵਾਂ ਸਵਾਗਤ

**ਧਾਰੀਵਾਲ/ਕਾਦੀਆਂ (ਮਨਦੀਪ ਵਿੱਕੀ, ਯਾਦਵਿੰਦਰ ਸਿੰਘ ਮਲਹੋਤਰਾ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਕਮੇਟੀ ਵੱਲੋਂ ਮੀਰੀ ਪੀਰੀ ਦੇ ਮਾਲਕ ਛੇਵੇਂ



ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮੀਰੀ ਪੀਰੀ ਦਿਵਸ ਨੂੰ ਸਮਰਪਿਤ ਮੀਰੀ ਪੀਰੀ ਖ਼ਾਲਸਾ ਮਾਰਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਤੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜਾ ਪਿਆਰਿਆਂ ਦੀ ਅਗਵਾਈ ਵਿੱਚ ਅਰੰਭ ਹੋਇਆ ਮਹਾਨ ਨਗਰ ਕੀਰਤਨ ਵੱਖ ਵੱਖ ਨਗਰਾ ਭਾਮੜੀ ਅੱਡਾ, ਬਸਰਾਵਾਂ, ਢੱਪਈ, ਕਾਹਲਵਾਂ ਮੋੜ, ਨੰਗਲ, ਬਿਜਲੀ ਘਰ ਚੌਂਕ ਤੋਂ ਹੁੰਦਾ ਹੋਇਆ ਕਾਦੀਆਂ ਸ਼ਹਿਰ ਵਿਖੇ ਪਹੁੰਚਣ 'ਤੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕੰਵਲਪ੍ਰੀਤ ਸਿੰਘ ਕਾਕੀ ਕੌਮੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸੇਵਾ ਸਭਾ ਸੁਸਾਇਟੀਆ ਅਤੇ ਸਮੂਹ ਸੰਗਤਾਂ ਵਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਵੱਖ ਵੱਖ ਪੜਾਵਾਂ ਤੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ।ਇਸ ਮੌਕੇ ਨਗਰ ਕੀਰਤਨ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗ੍ਰਹਿ ਰੇਲਵੇ ਰੋਡ ਕਾਦੀਆਂ ਦੇ ਸਾਹਮਣੇ ਪਹੁੰਚਣ ਤੇ ਗੁਰਿੰਦਰਪਾਲ ਸਿੰਘ ਗੋਰਾ, ਕੰਵਲਪ੍ਰੀਤ ਸਿੰਘ ਕਾਕੀ ਕੌਮੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ, ਗੁਰਤਿੰਦਰ ਪਾਲ ਸਿੰਘ ਭਾਟੀਆ ਐਡੀਸ਼ਨਲ ਮੈਨੇਜਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਪਰਿਵਾਰਕ ਮੈਂਬਰਾਂ ਤੇ ਇਲਾਕੇ ਦੀਆਂ ਸੰਗਤਾਂ ਨੇ ਨਤਮਸਤਕ ਹੋ ਕੇ ਪੰਜ ਪਿਆਰੇ ਸਾਹਿਬਾਨਾਂ, ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸਿਰੋਪਾਓ ਤੇ ਦੋਸ਼ਾਲਾ ਦੇ ਕੇ ਸਨਮਾਨਿਤ ਕਰਕੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ।

## ਹਿੰਦੂ ਕੰਨਿਆ ਮਹਾਵਿਦਿਆਲਿਆ 'ਚ ਵਿਰਸੇ ਦੇ ਰੰਗ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ

**ਧਾਰੀਵਾਲ (ਮਨਦੀਪ ਵਿੱਕੀ)**- ਹਿੰਦੂ ਕੰਨਿਆ ਮਹਾਵਿਦਿਆਲਿਆ ਧਾਰੀਵਾਲ ਵਿਖੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਨ.ਡੀ.ਅਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰਸੀਪਲ ਡਾਕਟਰ ਰਜਵਿੰਦਰ ਕੌਰ ਦੀ ਅਗਵਾਈ ਹੇਠ ਪੰਜਾਬੀ ਸੱਭਿਆਚਾਰ ਅਤੇ ਅਮੀਰ ਵਿਰਸੇ ਨੂੰ ਸਮਰਪਤ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਵਿਰਸੇ ਦੇ ਰੰਗ ਕਰਵਾਇਆ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਡਾਕਟਰ ਬਲਜੀਤ ਕੌਰ ਰਿਆੜ ਸਕੂਲ ਆਫ ਪੰਜਾਬੀ ਸਟੱਡੀਜ਼ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸ਼ਿਰਕਤ ਕੀਤੀ, ਜਦਕਿ ਸ਼ਾਕਸੀ ਮਹਾਜਨ ਅਤੇ ਅਰੁਣਾ ਗੋਇਲ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਕਾਲਜ ਪ੍ਰਿੰਸੀਪਲ ਡਾਕਟਰ ਰਜਵਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ। ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਕਲਾਵਾਂ, ਰਵਾਇਤੀ ਪਹਿਰਾਵੇ ਅਤੇ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਨਾ ਹੈ। ਇਸ ਮੌਕੇ ਵਿਦਿਆਰਥਣਾਂ ਵੱਲੋਂ ਗਿੱਧਾ, ਭੰਗੜਾ, ਲੋਕ ਗੀਤ ਅਤੇ ਪੰਜਾਬੀ ਪਹਿਰਾਵੇ ਸਮੇਤ ਵੱਖ ਵੱਖ ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ ਗਈਆਂ। ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਵਿਸ਼ੇਸ਼ ਖਿਤਾਬਾਂ ਨਾਲ ਸਨਮਾਨਤ ਕੀਤਾ। ਮਿਸ ਪੰਜਾਬਣ ਅਤੇ ਆਲ ਰਾਊਂਡਰ ਦਾ ਖਿਤਾਬ ਵਿਦਿਆਰਥਣ ਇਸ਼ਮੀਤ ਕੌਰ ਨੂੰ ਦਿੱਤਾ। ਗਿੱਧਿਆਂ ਦੀ ਰਾਣੀ, ਤੀਆਂ ਦੀ ਰਾਣੀ ਅਤੇ ਪੰਜਾਬੀ ਪਹਿਰਾਵਾ ਆਦਿ ਖਿਤਾਬ ਵੀ ਵਿਦਿਆਰਥਣਾਂ ਨੂੰ ਪ੍ਰਦਾਨ ਕੀਤੇ। ਮੁੱਖ ਮਹਿਮਾਨ ਡਾਕਟਰ ਬਲਜੀਤ ਕੌਰ ਰਿਆੜ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਅਜਿਹੇ ਪ੍ਰੋਗਰਾਮ ਆਪਣੀ ਮਾਂ ਬੋਲੀ, ਸੱਭਿਆਚਾਰ ਅਤੇ ਵਿਰਸੇ ਪ੍ਰਤੀ ਮਾਣ ਦੀ ਭਾਵਨਾ ਪੈਦਾ ਕਰਦੇ ਹਨ। ਉਹਨਾਂ ਕਿਹਾ ਪੰਜਾਬੀ ਵਿਰਸੇ ਦੀ ਸੰਭਾਲ ਅਤੇ ਇਸ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਵਿਦਿਅਕ ਸੰਸਥਾਵਾਂ ਹੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਅੰਤ ਵਿੱਚ ਮੁੱਖ ਮਹਿਮਾਨ ਅਤੇ ਵਿਸੇਸ ਮਹਿਮਾਨਾਂ ਨੂੰ ਕਾਲਜ ਵਲੋਂ ਸਨਮਾਨਤ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਮਨਜਿੰਦਰ ਕੌਰ ਅਤੇ ਵਿਦਿਆਰਥਣ ਅਸ਼ਮੀਤ ਕੌਰ ਨੇ ਨਿਭਾਈ।



## ਬਾਬਾ ਸ੍ਰੀ ਚੰਦ ਦਾ 532ਵਾਂ ਅਵਤਾਰ ਪੁਰਬ ਸ਼ਰਧਾ ਨਾਲ ਮਨਾਇਆ



**ਚੋਹਲਾ ਸਾਹਿਬ (ਰਮਨ ਚੱਢਾ)**- ਉਦਾਸੀ ਸੰਪਰਦਾ ਦੇ ਬਾਨੀ, ਸਾਹਿਬ-ਏ-ਕਮਾਲ ਧੰਨ-ਧੰਨ ਬਾਬਾ ਸ੍ਰੀ ਚੰਦ ਜੀ ਮਹਾਰਾਜ ਦਾ 532ਵਾਂ ਪਵਿੱਤਰ ਅਵਤਾਰ ਦਿਹਾੜਾ ਪਿੰਡ ਚੋਹਲਾ ਸਾਹਿਬ ਵਿਖੇ ਸਮੂਹ ਸੰਗਤਾਂ ਅਤੇ ਪ੍ਰਬੰਧਕਾਂ ਵੱਲੋਂ ਬੜੀ ਅਕੀਦਤ, ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ।

ਇਸ ਸ਼ੁੱਭ ਅਵਸਰ 'ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਤੋਂ ਬਾਅਦ ਰਾਗੀ, ਢਾਡੀ ਅਤੇ ਕਥਾਵਾਚਕ ਜਥਿਆਂ ਨੇ ਗੁਰਬਾਣੀ ਜਸ ਅਤੇ ਬਾਬਾ ਸ੍ਰੀ ਚੰਦ ਜੀ ਦੇ ਜੀਵਨ, ਉਨ੍ਹਾਂ ਦੀਆਂ ਘਾਲਣਾਵਾਂ ਤੇ ਸਿੱਖਿਆਵਾਂ ਬਾਰੇ ਸੰਗਤਾਂ ਨੂੰ ਨਿਹਾਲ ਕੀਤਾ। ?ਇਸ ਸਮਾਗਮ ਦੀ ਮੁੱਖ ਸੇਵਾ ਮੁੱਖ ਸੇਵਾਦਾਰ ਬਾਬਾ ਅਮਰਪਾਲ ਸਿੰਘ ਦੀ ਦੇਖ-ਰੇਖ ਹੇਠ ਸੰਪੂਰਨ ਹੋਈ। ਇਸ ਮੌਕੇ ਨਰੇਸ਼ ਕੁਮਾਰ, ਨੈਤਿਕ ਮਹਿਰਾ, ਬਿਹਾਰੀ ਸਿੰਘ, ਬਲਵੀਰ ਸਿੰਘ, ਗੁਰਦੇਵ ਸਿੰਘ ਲਾਡਾ, ਗੁਰਮੀਤ ਸਿੰਘ, ਦੀਪ ਸਿੰਘ ਸਰਹਾਲੀ, ਗੁਰਵਿੰਦਰ ਸਿੰਘ ਅਤੇ ਅਰਵਿੰਦਰ ਸਿੰਘ ਸਮੇਤ ਕਈ ਮੁੱਖ ਸ਼ਖਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ। ਮੁੱਖ ਸੇਵਾਦਾਰ ਬਾਬਾ ਅਮਰਪਾਲ ਸਿੰਘ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਬਾਬਾ ਸ੍ਰੀ ਚੰਦ ਜੀ ਦੇ ਦਰਸਾਏ ਮਾਰਗ 'ਤੇ ਚੱਲਣ, ਨਾਮ ਜਪਣ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਨ ਦੀ ਪ੍ਰੇਰਨਾ ਦਿੱਤੀ। ਸਮਾਗਮ ਦੌਰਾਨ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।

## ਸਾਲਾਨਾ ਜੋੜ ਮੇਲੇ ਦੀਆਂ ਤਿਆਰੀਆਂ ਤੇ ਪ੍ਰਬੰਧਾਂ ਨੂੰ ਲੈ ਕੇ ਪਤਵੰਤੇ ਵਿਅਕਤੀਆਂ ਦੀ ਮੀਟਿੰਗ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਮਾਝੇ ਦੇ ਪ੍ਰਸਿੱਧ ਇਤਿਹਾਸਕ ਪਵਿੱਤਰ ਅਸਥਾਨ ਬੀੜ ਬਾਬਾ ਬੁੱਢਾ ਸਾਹਿਬ ਦੇ ਸਾਲਾਨਾ ਜੋੜ ਮੇਲਾ ਜਿਹੜਾ ਕਿ 6 ,7 ਅਤੇ 8 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ, ਦੀਆਂ ਤਿਆਰੀਆਂ ਅਤੇ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਆਦਿ ਦੇ ਪ੍ਰਬੰਧਾਂ ਨੂੰ ਲੈ ਕੇ ਇਲਾਕੇ ਦੇ ਪਤਵੰਤੇ ਵਿਅਕਤੀਆਂ ਦੀ ਮੀਟਿੰਗ ਮੀਰੀ-ਪੀਰੀ ਹਾਲ ਵਿਖੇ ਹੋਈ।ਇਸ ਮੀਟਿੰਗ ਵਿਚ ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ, ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਸਮੇਤ ਵੱਖ-ਵੱਖ ਆਗੂਆਂ ਨੇ ਮੇਲੇ ਤੇ ਆਉਣ ਵਾਲੀ ਸੰਗਤ ਲਈ ਲੰਗਰ, ਰਿਹਾਇਸ ਅਤੇ ਟ੍ਰੈਫਿਕ ਦੀ ਸਮੱਸਿਆ ਸਬੰਧੀ ਆਪਣੇ ਆਪਣੇ ਵਿਚਾਰ ਪੇਸ਼ ਕਰਕੇ ਸੁਝਾਅ ਦਿੱਤੇ ਅਤੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਨੂੰ ਆਪਣੀਆਂ-ਆਪਣੀਆਂ ਡਿਊਟੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਬੇਨਤੀ ਕੀਤੀ ਤਾਂ ਕਿ ਬਾਹਰੋਂ ਆਉਣ ਵਾਲੀਆਂ ਲੱਖਾਂ ਦੀ ਤਦਾਦ ਵਿਚ ਸੰਗਤ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ। ਇਸ ਸਮੇਂ ਮੀਟਿੰਗ ਵਿਚ ਚੇਅਰਮੈਨ ਹਰਵੰਤ ਸਿੰਘ ਝਬਾਲ,ਬਾਬਾ ਹੀਰਾ ਸਿੰਘ ਠੱਠੀਖਾਰਾ, ਬਾਬਾ ਗੁਰਿੰਦਰ ਸਿੰਘ ਠੱਠੀ ਖਾਰਾ, ਸਾਬਕਾ ਸਕੱਤਰ ਹਰਜੀਤ ਸਿੰਘ ਲਾਲੂ ਘੁੰਮਣ,ਸਾਬਕਾ ਸਰਪੰਚ ਜਰਨੈਲ ਸਿੰਘ ਪੰਡੋਰੀ, ਚੇਅਰਮੈਨ ਗੁਰਬੀਰ ਸਿੰਘ ਝਬਾਲ,ਸੁਖਰਾਜ ਸਿੰਘ ਕਾਲਾ ਗੰਡੀਵਿੰਡ,ਦਲਜੀਤ ਸਿੰਘ ਐਮਾ, ਸਰਪੰਚ ਮਨਜਿੰਦਰ ਸਿੰਘ ਐਮਾ, ਮਲਕੀਅਤ ਸਿੰਘ ਛਾਪਾ, ਜਥੇ ਤੇਗਾਂ ਸਿੰਘ ਸੋਹਲ, ਮੈਨੇਜਰ ਸਤਨਾਮ ਸਿੰਘ ਝਬਾਲ, ਸਾਬਕਾ ਮੈਨੇਜਰ ਜਗਜੀਤ ਸਿੰਘ ਸਾਘਣਾ,ਕੈਪਟਨ ਸਿੰਘ ਬਘਿਆੜੀ, ਨਿਸ਼ਾਨ ਸਿੰਘ ਦੋਦੇ, ਭੁਪਿੰਦਰ ਸਿੰਘ ਸਵਰਗਾਪੁਰੀ,ਸਾਬਕਾ ਚੇਅਰਮੈਨ ਗੁਰਬੀਰ ਸਿੰਘ ਝਬਾਲ, ਸਰਪੰਚ ਅਜਮੇਰ ਸਿੰਘ ਛਾਪਾ,ਸਰਪੰਚ ਵਰਿੰਦਰ ਸਿੰਘ ਹੀਰਾਪੁਰ, ਬਲਕਾਰ ਸਿੰਘ ਬਘਿਆੜੀ, ਪੂਰਨ ਸਿੰਘ ਝਬਾਲ, ਮੈਨੇਜਰ ਨਵਤੇਜ ਸਿੰਘ ਠੱਠਾ, ਆੜ੍ਹਤੀ ਸ਼ਰਨਜੀਤ ਸਿੰਘ ਭੋਜੀਆਂ, ਹਰਦੇਵ ਸਿੰਘ ਮੂਸੇ, ਸਾਬਕਾ ਸਰਪੰਚ ਮਖਤੂਲ ਸਿੰਘ, ਗੁਰਜੀਤ ਸਿੰਘ ਪੰਜਵੜ, ਪ੍ਰਤਾਪ ਸਿੰਘ ਠੱਠਾ, ਮਨੋਹਰ ਸਿੰਘ ਠੱਠਾ, ਆੜ੍ਹਤੀ ਸੁਖਦੇਵ ਸਿੰਘ ਖਾਲਸਾ ਐਮਾ, ਗੁਰਸੇਵਕ ਸਿੰਘ ਐਮਾ, ਸਾਬਕਾ ਸਰਪੰਚ ਮਖਤੁਲ ਸਿੰਘ , ਹਰਪਾਲ ਸਿੰਘ ਮੰਨਣ, ਬਾਬਾ ਮਨਜੀਤ ਸਿੰਘ ਝਬਾਲ ,ਮਨਜਿੰਦਰ ਸਿੰਘ ਲਹਿਰੀ ,ਬਲਕਾਰ ਸਿੰਘ ਛਾਪਾ , ਮੇਜਰ ਸਿੰਘ ਰਹੀਆਂ, ਐਡੀਸ਼ਨਲ ਮੈਨੇਜਰ ਦਿਲਬਾਗ ਸਿੰਘ ਝਬਾਲ, ਬਿਕਰਮ ਸਿੰਘ ਸੁਰਸਿੰਘ , ਜਥੇ ਬਹਾਲ ਸਿੰਘ ਗੱਗੋਬੂਹਾ ਆਦਿ ਨੇ ਆਪਣੇ-ਆਪਣੇ ਵਿਚਾਰ ਰੱਖੇ।



## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਤੋਂ ਆਰੰਭ ਹੋਇਆ ਕੀਰਤਨ ਭਲਕੇ ਬਟਾਲਾ ਪਹੁੰਚੇਗਾ : ਜਥੇਦਾਰ ਗੋਰਾ

**ਧਾਰੀਵਾਲ (ਮਨਦੀਪ ਵਿੱਕੀ)**- ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਆਰੰਭ ਹੋਏ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ



ਮੀਰੀ ਪੀਰੀ ਦਿਵਸ ਨੂੰ ਸਮਰਪਿਤ ਮੀਰੀ ਪੀਰੀ ਖ਼ਾਲਸਾ ਮਾਰਚ ਮਹਾਨ ਨਗਰ ਕੀਰਤਨ ਭਲਕੇ 23 ਸਤੰਬਰ ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਦੇ ਕਰੀਬ ਬਟਾਲਾ ਸ਼ਹਿਰ ਵਿਖੇ ਪਹੁੰਚੇਗਾ ਉਕਤ ਜਾਣਕਾਰੀ ਜਾਣਕਾਰੀ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਬਟਾਲਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਸੇਵਾਵਾਂ ਨਿਭਾਉਣ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਨ ਉਪਰੰਤ ਦਿੰਦਿਆਂ ਦੱਸਿਆ ਕਿ ਇਹ ਮਹਾਨ ਨਗਰ ਕੀਰਤਨ ਗੁਰਦੁਆਰਾ ਓਠੀਆਂ ਸਾਹਿਬ ਤੋਂ 21 ਸਤੰਬਰ ਨੂੰ ਸਵੇਰੇ 9 ਵਜੇ ਆਰੰਭ ਹੋ ਕੇ ਡੇਰਾ ਰੋਡ, ਗਾਂਧੀ ਚੌਂਕ, ਨਗਰ ਨਿਗਮ ਦਫ਼ਤਰ ਤੋਂ ਹੁੰਦਾ ਹੋਇਆ ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਚੌਕ ਬਟਾਲਾ ਵਿਖੇ ਪਹੁੰਚੇਗਾ। ਜਥੇਦਾਰ ਗੋਰਾ ਤੇ ਨੇ ਦੱਸਿਆ ਕਿ ਨਗਰ ਕੀਰਤਨ ਦਾ ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਚੌਂਕ ਵਿਖੇ ਪਹੁੰਚਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਨਿਹੰਗ ਜਥੇਬੰਦੀਆਂ, ਸੇਵਾ ਸਭਾ ਸੁਸਾਇਟੀਆ, ਵੱਖ ਵੱਖ ਧਾਰਮਿਕ, ਰਾਜਨੀਤਕ ਤੇ ਸਮਾਜਿਕ ਆਗੂਆਂ, ਸ਼ਹਿਰ ਦੇ ਪਤਵੰਤਿਆਂ ਅਤੇ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਮਹਾਨ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ।

ਇਸ ਮੌਕੇ ਗੁਰਤਿੰਦਰ ਪਾਲ ਸਿੰਘ ਭਾਟੀਆ ਐਡੀਸ਼ਨਲ ਮੈਨੇਜਰ ਸ੍ਰੀ ਦਰਬਾਰ ਸਾਹਿਬ, ਜਗਦੀਪ ਸਿੰਘ ਧਾਰੋਵਾਲੀ ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ, ਰਣਜੀਤ ਸਿੰਘ ਕਲਿਆਣਪੁਰ ਮੈਨੇਜਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ, ਬਾਬਾ ਗੁਰਪ੍ਰੀਤ ਸਿੰਘ ਕਾਰ ਸੇਵਾ ਖੰਡੂਰ ਸਾਹਿਬ ਵਾਲੇ, ਐਡਵੋਕੇਟ ਰਜਿੰਦਰ ਸਿੰਘ ਪਦਮ ਪ੍ਰਧਾਨ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਸੁਖਬੀਰ ਸਿੰਘ ਵਾਹਲਾ ਸਾਬਕਾ ਚੇਅਰਮੈਨ, ਸ਼ਮਸ਼ੇਰ ਸਿੰਘ ਚੀਮਾ ਜਥੇਬੰਦਕ ਸਕੱਤਰ ਸ਼੍ਰੋਮਣੀ ਅਕਾਲੀ ਦਲ, ਕੁਲਵੰਤ ਸਿੰਘ ਐਮ ਸੀ, ਸਮਾਜ ਸੇਵੀ ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ, ਪਲਵਿੰਦਰ ਸਿੰਘ ਲੰਬੜਦਾਰ, ਰਣਜੀਤ ਸਿੰਘ ਸਾਗਰਪੁਰ, ਚੇਤਨ ਸਿੰਘ ਜੰਡੂ, ਗੁਰਵਿੰਦਰ ਸਿੰਘ ਐਡੀਸ਼ਨਲ ਚੀਫ਼, ਸੁਖਜਿੰਦਰ ਸਿੰਘ ਭਾਮ ਆਈ ਏ ਸ਼੍ਰੋਮਣੀ ਕਮੇਟੀ, ਜਗਜੀਵਨ ਸਿੰਘ ਗੁਰਦੁਆਰਾ ਇੰਸਪੈਕਟਰ, ਸਰਬਜੀਤ ਸਿੰਘ ਸਾਹਬੀ ਫਲਾਇੰਗ ਵਿਭਾਗ ਆਦਿ ਹਾਜ਼ਰ ਸਨ।

## ਮੌਤ ਬਣ ਕੇ ਦਿਨ-ਰਾਤ ਸੜਕਾਂ 'ਤੇ ਘੁੰਮ ਰਹੀਆਂ ਓਵਰਲੋਡ ਟਰੈਕਟਰ-ਟਰਾਲੀਆਂ

**ਪਠਾਨਕੋਟ (ਦਵਿੰਦਰ ਸਿੰਘ)**- ਪਠਾਨਕੋਟ ਜ਼ਿਲ੍ਹੇ ਦੀਆਂ ਸੜਕਾਂ 'ਤੇ ਇਨ੍ਹੀਂ ਦਿਨੀਂ ਓਵਰਲੋਡ ਟਰੈਕਟਰ-ਟਰਾਲੀਆਂ ਯਮਰਾਜ ਬਣ ਕੇ ਦੌੜ ਰਹੀਆਂ ਹਨ। ਰੇਤ-ਬਜਰੀ ਨਾਲ ਓਵਰਲੋਡ, ਬਿਨਾਂ ਲਾਇਸੈਂਸ ਅਤੇ ਬਿਨਾਂ ਨੰਬਰਾਂ ਵਾਲੀਆਂ ਇਹ ਮੌਤ ਬਣ ਕੇ ਦਿਨ-ਰਾਤ ਸੜਕਾਂ 'ਤੇ ਘੁੰਮ ਰਹੀਆਂ ਅਨੇਕਾਂ ਟਰੈਕਟਰ-ਟਰਾਲੀਆਂ ਸਭ ਲੋਕਾਂ ਨੂੰ ਦਿਖ ਰਹੀਆਂ ਹਨ, ਪਰ ਪਤਾ ਨਹੀਂ ਕਿਉਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਪੁਲਸ ਨੂੰ ਇਹ ਨਜ਼ਰ ਨਹੀਂ ਆ ਰਹੀਆਂ।ਇਹ ਟਰੈਕਟਰ-ਟਰਾਲੀਆਂ ਸਮੱਗਰੀ, ਰੇਤ, ਬਜਰੀ ਅਤੇ ਹੋਰ ਭਾਰੀ ਸਾਮਾਨ ਨਾਲ ਆਪਣੀ ਨਿਰਧਾਰਤ ਸਮਰੱਥਾ ਤੋਂ ਕਿਤੇ ਵੱਧ ਭਰੀਆਂ ਹੋਈਆਂ ਹੁੰਦੀਆਂ ਹਨ ਅਤੇ ਦਿਨ-ਰਾਤ ਮੁੱਖ ਸੜਕਾਂ ਦੇ ਨਾਲ-ਨਾਲ ਪਿੰਡਾਂ ਦੇ ਰਸਤਿਆਂ 'ਤੇ ਵੀ ਦੌੜਦੀਆਂ ਨਜ਼ਰ ਆ ਰਹੀਆਂ ਹਨ। ਪਠਾਨਕੋਟ-ਮਨਾਲੀ ਹਾਈਵੇ ਹੋਵੇ ਜਾਂ ਪਠਾਨਕੋਟ-ਮੁਕੇਰੀਆਂ ਅਤੇ ਅੰਮ੍ਰਿਤਸਰ ਹਾਈਵੇ ਮਾਰਗ, ਹਰ ਥਾਂ ਮੌਤ ਨੂੰ ਸੱਦਾ ਦਿੰਦੀਆਂ ਇਹ ਟਰੈਕਟਰ-ਟਰਾਲੀਆਂ ਆਮ ਨਜ਼ਰ ਆਉਂਦੀਆਂ ਹਨ।ਪਿੰਡ ਹਰਿਆਲ ਦੇ ਸਾਬਕਾ ਸਰਪੰਚ ਅਤੇ ਸਮਾਜ ਸੇਵਕ ਪ੍ਰਦੀਪ ਮਿਨਹਾਸ ਅਨੁਸਾਰ ਇੱਕ-ਦੋ ਨਹੀਂ ਸਗੋਂ ਦਰਜਨਾਂ ਵਾਹਨ ਸੁਰੱਖਿਆ ਨਿਯਮਾਂ ਦੀਆਂ ਖੁੱਲ੍ਹੇਆਮ ਧੱਜੀਆਂ



ਉਡਾਉਂਦੇ ਹੋਏ ਸੜਕਾਂ 'ਤੇ ਚੱਲ ਰਹੇ ਹਨ। ਪਠਾਨਕੋਟ ਜ਼ਿਲ੍ਹਾ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਨੂੰ ਜੋੜਨ ਵਾਲਾ ਇੱਕ ਮਹੱਤਵਪੂਰਨ ਆਵਾਜਾਈ ਕੇਂਦਰ ਹੈ, ਜਿੱਥੇ ਪਹਿਲਾਂ ਹੀ ਭਾਰੀ ਆਵਾਜਾਈ ਇੱਕ ਚੁਣੌਤੀ ਬਣੀ ਹੋਈ ਹੈ। ਅਜਿਹੇ ਵਿੱਚ ਓਵਰਲੋਡ ਟਰੈਕਟਰ-ਟਰਾਲੀਆਂ ਦੀ ਵਧ ਰਹੀ ਗਿਣਤੀ ਸੜਕ ਸੁਰੱਖਿਆ ਨੂੰ ਲੈ ਕੇ ਚਿੰਤਾ ਵਧਾ ਰਹੀ ਹੈ। ਪ੍ਰਦੀਪ ਮਿਨਹਾਸ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਟ੍ਰੈਫਿਕ ਪੁਲਸ ਤੋਂ ਮੰਗ ਕੀਤੀ ਹੈ ਕਿ ਓਵਰਲੋਡ ਵਾਹਨਾਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾਵੇ।

## ਬਿਨਾਂ ਵੈਧ ਨੰਬਰ ਪਲੇਟ ਵਾਲੇ ਵਾਹਨਾਂ ਨੂੰ ਪੈਟਰੋਲ-ਡੀਜ਼ਲ ਨਾ ਦੇਣ ਦੇ ਹੁਕਮ

**ਬਿਆਸ (ਪਰਮਜੀਤ ਸਿੰਘ ਰੱਖੜਾ)** ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਦੇ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਆਈ ਪੀ ਐੱਸ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਹੁਕਮ ਜਾਰੀ ਕਰਦਿਆਂ ਸ਼ਹਿਰ ਦੀ ਹੱਦ ਅੰਦਰ ਸਾਰੇ ਪੈਟਰੋਲ ਪੰਪ, ਡੀਜ਼ਲ



ਡਿਸਪੈਂਸਿੰਗ ਅਤੇ ਸੀ ਐੱਨ ਜੀ ਸਟੇਸ਼ਨਾਂ ਦੇ ਮਾਲਕਾਂ, ਅਪਰੇਟਰਾਂ ਅਤੇ ਕਰਮਚਾਰੀਆਂ ਨੂੰ ਵਾਹਨਾਂ ਦੀਆਂ ਨੰਬਰ ਪਲੇਟਾਂ ਸੰਬੰਧੀ ਹਦਾਇਤਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ। ਹੁਕਮਾਂ ਅਨੁਸਾਰ ਜਿਨ੍ਹਾਂ ਵਾਹਨਾਂ 'ਤੇ ਅੱਗੇ ਅਤੇ ਪਿੱਛੇ ਵੈਧ ਹਾਈ ਸਕਿਊਰਿਟੀ ਰਜਿਸਟ੍ਰੇਸ਼ਨ ਪਲੇਟ ਸਹੀ ਢੰਗ ਨਾਲ ਲੱਗੀ ਨਹੀਂ ਹੋਵੇਗੀ, ਉਨ੍ਹਾਂ ਨੂੰ ਪੈਟਰੋਲ, ਡੀਜ਼ਲ ਜਾਂ ਸੀ ਐੱਨ ਜੀ ਨਹੀਂ ਦਿੱਤੀ ਜਾਵੇਗੀ। ਇਹ ਪਾਬੰਦੀ ਉਨ੍ਹਾਂ ਵਾਹਨਾਂ 'ਤੇ ਵੀ ਲਾਗੂ ਹੋਵੇਗੀ, ਜਿਨ੍ਹਾਂ ਦੀ ਨੰਬਰ ਪਲੇਟ ਹਟਾਈ, ਨੁਕਸਾਨੀ, ਟੁੱਟੀ, ਬਦਲੀ ਜਾਂ ਕਿਸੇ ਹੋਰ ਤਰੀਕੇ ਨਾਲ ਸੋਧੀ ਗਈ ਹੋਵੇ। ਨਵੇਂ ਵਾਹਨਾਂ 'ਤੇ ਵੈਧ ਰਜਿਸਟ੍ਰੇਸ਼ਨ ਨੰਬਰ ਜਾਂ ਵੈਧ ਅਸਥਾਈ ਰਜਿਸਟ੍ਰੇਸ਼ਨ ਨੰਬਰ ਹੋਣ ਅਤੇ ਐਂਬੂਲੈਂਸ, ਫਾਇਰ ਬ੍ਰਿਗੇਡ ਅਤੇ ਹੋਰ ਜ਼ਰੂਰੀ ਐਮਰਜੈਂਸੀ ਸੇਵਾਵਾਂ ਵਾਲੇ ਵਾਹਨਾਂ ਨੂੰ ਇਸ ਪਾਬੰਦੀ ਤੋਂ ਛੋਟ ਦਿੱਤੀ ਗਈ ਹੈ। ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਮਾਲਕਾਂ, ਡਰਾਈਵਰਾਂ ਜਾਂ ਪੈਟਰੋਲ ਪੰਪ ਦੇ ਮਾਲਕਾਂ/ ਕਰਮਚਾਰੀਆਂ ਵਿਰੁੱਧ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਅਤੇ ਮੋਟਰ ਵਹੀਕਲਜ਼ ਐਕਟ, 1988 ਦੀਆਂ ਸੰਬੰਧਤ ਧਾਰਾਵਾਂ ਤਹਿਤ ਕਾਰਵਾਈ ਕੀਤੀ ਜਾਵੇਗੀ। ਇਹ ਹੁਕਮ 20 ਨਵੰਬਰ ਤੱਕ ਲਾਗੂ ਰਹਿਣਗੇ।

## ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਹੈਲਥ ਕਾਰਡ ਵੰਡਣ ਦਾ ਆਗਾਜ਼

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਮੁਫ਼ਤ ਅਤੇ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਚਲਾਈ ਜਾ ਰਹੀ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਦੇ ਤਹਿਤ



ਵਿਧਾਨ ਸਭਾ ਹਲਕਾ ਦੀਨਾਨਗਰ ਵਿੱਚ ਇੱਕ ਅਹਿਮ ਸ਼ੁਰੂਆਤ ਕੀਤੀ ਗਈ ਹੈ। ਹਲਕੇ ਦੇ ਲੋਕਾਂ ਨੂੰ ਸਿਹਤ ਬੀਮਾ ਯੋਜਨਾ ਦਾ ਸਿੱਧਾ ਲਾਭ ਪਹੁੰਚਾਉਣ ਲਈ ਲਾਭਪਾਤਰੀਆਂ ਨੂੰ ਕੈਸ਼ਲੈਸ ਹੈਲਥ ਕਾਰਡ ਵੰਡਣ ਦੀ ਮੁਹਿੰਮ ਵਿੱਢ ਦਿੱਤੀ ਗਈ ਹੈ। ਇਸ ਮੁਹਿੰਮ ਦੀ ਰਸਮੀ ਸ਼ੁਰੂਆਤ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਸੋਮਵਾਰ ਹਲਕੇ ਦੇ ਪ੍ਰਮੁੱਖ ਪਿੰਡਾਂ ਪਨਿਆੜ, ਗਾਂਧੀਆਂ, ਕਲੀਚਪੁਰ, ਅਵਾਂਖਾ ਅਤੇ ਝਬਕਰਾ ਤੋਂ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਸਿਹਤ ਵਿਭਾਗ ਦੇ ਅਧਿਕਾਰੀ, ਗ੍ਰਾਮ ਪੰਚਾਇਤਾਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ। ਲਾਭਪਾਤਰੀਆਂ ਨੂੰ ਕਾਰਡ ਸੌਂਪਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਗਰੀਬ ਅਤੇ ਲੋੜਵੰਦ ਪਰਵਾਰਾਂ ਲਈ ਇੱਕ ਵਰਦਾਨ ਸਾਬਤ ਹੋ ਰਹੀ ਹੈ। ਹੁਣ ਇਸ ਕੈਸ਼ਲੈਸ ਹੈਲਥ ਕਾਰਡ ਦੀ ਮਦਦ ਨਾਲ ਕੋਈ ਵੀ ਲਾਭਪਾਤਰੀ ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਜਾ ਕੇ ਬਿਨਾਂ ਕੋਈ ਪੈਸਾ ਦਿੱਤੇ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਟੀਚਾ ਸੂਬੇ ਦੇ ਹਰ ਨਾਗਰਿਕ ਤੱਕ ਮਿਆਰੀ ਸਿਹਤ ਅਤੇ ਸਿੱਖਿਆ ਸਹੂਲਤਾਂ ਪਹੁੰਚਾਉਣਾ ਹੈ। ਹਲਕਾ ਦੀਨਾਨਗਰ ਦੇ ਕਿਸੇ ਵੀ ਯੋਗ ਪਰਵਾਰ ਨੂੰ ਇਸ ਸਕੀਮ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਸਿਹਤ ਵਿਭਾਗ ਦੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਹਲਕੇ ਦੇ ਹਰ ਪਿੰਡ ਅਤੇ ਵਾਰਡ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਰਹਿੰਦੇ ਲਾਭਪਾਤਰੀਆਂ ਦੇ ਕਾਰਡ ਜਲਦ ਤੋਂ ਜਲਦ ਬਣਾਏ ਅਤੇ ਵੰਡੇ ਜਾਣ ਤਾਂ ਜੋ ਲੋਕਾਂ ਨੂੰ ਖੱਜਲ-ਖੁਆਰ ਨਾ ਹੋਣਾ ਪਵੇ।ਸਮਾਗਮ ਦੇ ਅੰਤ ਵਿੱਚ ਹਲਕਾ ਇੰਚਾਰਜ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਸਹਿਯੋਗ ਕਰਨ ਅਤੇ ਇਸ ਮੁਫ਼ਤ ਬੀਮਾ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ।

## ਅੰਮ੍ਰਿਤਸਰ ਜ਼ਿਲ੍ਹੇ 'ਚ ਸਵੱਛਤਾ ਗਤੀਵਿਧੀਆਂ ਦੀ ਸ਼ੁਰੂਆਤ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)** ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੰਮ੍ਰਿਤਸਰ ਜ਼ਿਲ੍ਹੇ ਵਿੱਚ 'ਸਵੱਛ ਭਾਰਤ ਮਿਸ਼ਨ' ਅਧੀਨ 'ਸਵੱਛਤਾ ਹੀ ਸੇਵਾ-2026' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਮੁਹਿੰਮ ਤਹਿਤ 17 ਸਤੰਬਰ ਤੋਂ 2 ਅਕਤੂਬਰ 2026 ਤੱਕ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਸਵੱਛਤਾ, ਸਫ਼ਾਈ ਅਤੇ ਜਾਗਰੂਕਤਾ ਸਬੰਧੀ ਵਿਸ਼ੇਸ਼ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।ਮੁਹਿੰਮ ਦੀ ਸ਼ੁਰੂਆਤ ਮੌਕੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ 'ਸਵੱਛਤਾ ਹੀ ਸੇਵਾ-2026' ਮੁਹਿੰਮ ਤਹਿਤ ਪਿੰਡਾਂ ਵਿੱਚ ਸਵੱਛਤਾ ਰੈਲੀਆਂ, ਸਕੂਲਾਂ ਵਿੱਚ ਜਾਗਰੂਕਤਾ ਗਤੀਵਿਧੀਆਂ, ਸਵੱਛਤਾ ਸਬੰਧੀ ਕੰਪੀਟੀਸ਼ਨ, ਪਿੰਡਾਂ ਵਿੱਚ ਰੁੱਖ ਲਗਾਉਣ, ਛੱਪੜਾਂ ਅਤੇ ਜਲ ਸਰੋਤਾਂ ਦੇ ਆਲੇ-ਦੁਆਲੇ ਸਫ਼ਾਈ, ਗਲੀਆਂ ਅਤੇ ਸਾਂਝੀਆਂ ਥਾਵਾਂ ਦੀ ਸਫ਼ਾਈ ਸਮੇਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁਹਿੰਮ ਦੌਰਾਨ ਪਿੰਡਾਂ ਵਿੱਚ ਕੂੜੇ ਦੀ ਸਹੀ ਢੰਗ ਨਾਲ ਛਾਂਟੀ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਕੂੜੇ ਦੇ ਡੰਪਿੰਗ ਵਾਲੀਆਂ ਥਾਵਾਂ ਦੀ ਸਫ਼ਾਈ ਕਰਵਾ ਕੇ ਉਨ੍ਹਾਂ ਨੂੰ ਸੁੰਦਰ ਬਣਾਇਆ ਜਾਵੇਗਾ ਅਤੇ ਜਿੱਥੇ ਸੰਭਵ ਹੋਵੇਗਾ, ਉੱਥੇ ਇਨ੍ਹਾਂ ਥਾਵਾਂ ਨੂੰ ਹਰਿਆ-ਭਰਿਆ ਬਣਾਉਣ ਲਈ ਪੌਦੇ ਵੀ ਲਗਾਏ ਜਾਣਗੇ।ਇਸ ਮੌਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਫੀਲਡ ਸਟਾਫ਼ ਸਮੇਤ ਸਬੰਧਤ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ। ਮੁਹਿੰਮ ਤਹਿਤ ਸਫ਼ਾਈ ਸੇਵਕਾਂ ਅਤੇ ਸਬੰਧਤ ਟੀਮਾਂ ਵੱਲੋਂ ਵੱਖ-ਵੱਖ ਸਥਾਨਾਂ 'ਤੇ ਸਫ਼ਾਈ ਕਾਰਜ ਵੀ ਕੀਤੇ ਜਾ ਰਹੇ ਹਨ।

## ਏ ਆਈ+ ਨੇ ਨੋਵਾ 2 ਪਾਵਰ 5ਜੀ ਸਮਾਰਟਫੋਨ ਕੀਤਾ ਲਾਂਚ

**ਜਲੰਧਰ** : ਏਆਈ+ ਸਮਾਰਟਫੋਨ ਨੇ ਨੋਵਾ 2 ਸੀਰੀਜ਼ ਤਹਿਤ ਨੋਵਾ 2 ਪਾਵਰ 5ਜੀ ਸਮਾਰਟਫੋਨ ਲਾਂਚ ਕੀਤਾ ਹੈ। ਕੰਪਨੀ ਮੁਤਾਬਕ ਇਹ ਫੋਨ ਆਧੁਨਿਕ ਡਿਜ਼ਾਈਨ ਦੇ ਨਾਲ ਪਰਫਾਰਮੈਂਸ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀ ਪਾਵਰ 'ਤੇ ਕੇਂਦਰਿਤ ਹੈ। ਨੋਵਾ 2 ਪਾਵਰ ਨੂੰ ਨਵੀਂ ਦਿੱਲੀ ਵਿੱਚ ਰਵਾਇਤੀ ਲਾਂਚ ਦੀ ਬਜਾਏ ਰਨਵੇਅ 'ਤੇ ਪੇਸ਼ ਕੀਤਾ ਗਿਆ, ਜਿੱਥੇ ਟੈਕਨੋਲੋਜੀ ਅਤੇ ਫੈਸ਼ਨ ਦੇ ਸੁਮੇਲ ਨੂੰ ਦਰਸਾਇਆ ਗਿਆ। ਸੀਈਓ ਮਾਧਵ ਸੇਠ ਨੇ ਕਿਹਾ ਕਿ ਨੋਵਾ 2 ਪਾਵਰ ਵਿੱਚ ਡਿਜ਼ਾਈਨ ਨੂੰ ਪਰਫਾਰਮੈਂਸ ਨਾਲ ਜੋੜਿਆ ਗਿਆ ਹੈ। ਉਨ੍ਹਾਂ ਮੁਤਾਬਕ ਇਸ ਦਾ ਕਲਰ ਫਿਊਜ਼ਨ ਡਿਜ਼ਾਈਨ ਅਤੇ ਅੰਦਰਲੀ ਪਾਵਰ ਇਸਨੂੰ ਟੈਕਨੋਲੋਜੀ, ਡਿਜ਼ਾਈਨ ਅਤੇ ਨਿੱਜੀ ਅਭਿਵਿਅਕਤੀ ਦਾ ਸੁਮੇਲ ਬਣਾਉਂਦੇ ਹਨ।

## ਏ ਆਈ+ ਨੋਵਾ 2 ਲਾਂਚ

**ਅੰਮ੍ਰਿਤਸਰ** : ਏਆਈ+ ਸਮਾਰਟਫੋਨ ਨੇ ਨੋਵਾ 2 ਪਾਵਰ 5ਜੀ ਲਾਂਚ ਕੀਤਾ ਹੈ, ਜੋ ਨੋਵਾ 2 ਸੀਰੀਜ਼ ਦਾ ਨਵਾਂ ਸਮਾਰਟਫੋਨ ਹੈ।ਇਹ ਟੈਕ-ਸੈਵੀ ਪੀੜ੍ਹੀ ਲਈ ਅਤਿ-ਆਧੁਨਿਕ ਡਿਜ਼ਾਈਨ ਨੂੰ ਭਰੋਸੇਮੰਦ ਪਰਫਾਰਮੈਂਸ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀ ਪਾਵਰ ਨਾਲ ਜੋੜਦਾ ਹੈ।

ਰਵਾਇਤੀ ਸਮਾਰਟਫੋਨ ਲਾਂਚ ਤੋਂ ਹਟਕੇ ਇੱਕ ਵਿਲੱਖਣ ਅੰਦਾਜ਼ ਵਿੱਚ ਨੋਵਾ 2 ਪਾਵਰ ਨੇ ਨਵੀਂ ਦਿੱਲੀ ਵਿੱਚ ਰਨਵੇਅ 'ਤੇ ਡੈਬਿਊ ਕੀਤਾ, ਜਿੱਥੇ ਫੈਸ਼ਨ ਅਤੇ ਟੈਕਨੋਲੋਜੀ ਦੇ ਸੁਮੇਲ ਨੂੰ ਪੇਸ਼ ਕੀਤਾ ਗਿਆ। ਫੋਨ ਨੂੰ ਸਮਕਾਲੀ ਰਨਵੇਅ ਲੁੱਕਸ ਦਾ ਹਿੱਸਾ ਬਣਾਇਆ ਗਿਆ, ਜਿਸ ਨਾਲ ਇੱਕ ਸਟਾਈਲਿਸ਼ ਐਕਸੈਸਰੀ ਵਜੋਂ ਇਸਦੀ ਭੂਮਿਕਾ ਨੂੰ ਉਜਾਗਰ ਕੀਤਾ ਗਿਆ। ਮਾਧਵ ਸੇਠ, ਸੀਈਓ, ਨੈਕਸਟਕਵਾਂਟਮ ਸ਼ਿਫਟ ਟੈਕਨੋਲੋਜੀਜ਼ (ਏਆਈ+ ਸਮਾਰਟਫੋਨ) ਨੇ ਕਿਹਾ ਕਿ ਅੱਜ ਟੈਕਨੋਲੋਜੀ ਨਿੱਜੀ ਹੋ ਗਈ ਹੈ। ਨੋਵਾ 2 ਪਾਵਰ ਦੇ ਨਾਲ ਡਿਜ਼ਾਈਨ ਪਰਫਾਰਮੈਂਸ ਨਾਲ ਮੇਲ ਖਾਂਦਾ ਹੈ।

ਇਸਦਾ ਧਿਆਨ ਖਿੱਚਣ ਵਾਲਾ ਕਲਰ ਫਿਊਜ਼ਨ ਡਿਜ਼ਾਈਨ ਸਭ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ, ਜਦਕਿ ਇਸਦੇ ਅੰਦਰਲੀ ਪਾਵਰ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ।

# ਬਾਬਾ ਸ਼ੇਖ਼ ਫ਼ਰੀਦ ਜੀ ਦੇ 57ਵੇਂ ਆਗਮਨ ਪੁਰਬ ਦੇ ਮੌਕੇ ਤੇ ਗੁਰਪ੍ਰੀਤ ਸਿੰਘ ਬੇਦੀ ਦਾ ਫ਼ਰੀਦਕੋਟ ਤੋਂ ਵਿਸ਼ੇਸ਼ ਸਪਲੀਮੈਂਟ



ਸ. ਗੁਰਦਿੱਤ ਸਿੰਘ ਸੇਖੋਂ, ਵਿਧਾਇਕ, ਫ਼ਰੀਦਕੋਟ | ਸ਼੍ਰੀ ਰਾਹੁਲ ਚਾਬਾ, ਡਿਪਟੀ ਕਮਿਸ਼ਨਰ, ਫ਼ਰੀਦਕੋਟ | ਸ. ਗੁਰਬੰਸ ਸਿੰਘ ਬੈਂਸ, ਐਸ.ਐਸ.ਪੀ., ਫ਼ਰੀਦਕੋਟ | ਸ. ਅਮਰੀਕ ਸਿੰਘ, ਡੀ.ਪੀ.ਆਰ.ਓ., ਫ਼ਰੀਦਕੋਟ | ਸ. ਗੁਰਤੇਜ ਸਿੰਘ ਖੋਸਾ, ਚੇਅਰਮੈਨ, ਜ਼ਿਲ੍ਹਾ ਯੋਜਨਾ ਬੋਰਡ, ਫ਼ਰੀਦਕੋਟ | ਸ. ਅਮਨਦੀਪ ਸਿੰਘ ਬਾਬਾ, ਚੇਅਰਮੈਨ, ਮਾਰਕਿਟ ਕਮੇਟੀ, ਫ਼ਰੀਦਕੋਟ | ਸ. ਗਗਨਦੀਪ ਸਿੰਘ ਧਾਲੀਵਾਲ, ਚੇਅਰਮੈਨ, ਨਗਰ ਸੁਧਾਰ ਟਰੱਸਟ, ਫ਼ਰੀਦਕੋਟ | ਸ. ਬਲਜਿੰਦਰ ਸਿੰਘ ਬੱਬੂ, ਪ੍ਰਧਾਨ, ਨਗਰ ਕੌਂਸਲ, ਫ਼ਰੀਦਕੋਟ | ਸ. ਇੰਦਰਜੀਤ ਸਿੰਘ ਖਾਲਸਾ, ਐਮ.ਸੀ. ਫ਼ਰੀਦਕੋਟ | ਸ. ਸਤਨਾਮ ਸਿੰਘ, ਐਮ.ਸੀ. ਫ਼ਰੀਦਕੋਟ



ਸ.ਸਿਮਰਜੀਤ ਸਿੰਘ ਸੇਖੋਂ, ਪ੍ਰਧਾਨ, ਬਾਬਾ ਫਰੀਦ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ, ਫਰੀਦਕੋਟ | ਸ. ਗੁਰਜਾਪ ਸਿੰਘ ਸੇਖੋਂ, ਜਨਰਲ ਸੈਕਟਰੀ | ਸ. ਨਵਦੀਪ ਸਿੰਘ (ਬੱਬੂ ਬਰਾੜ), ਪ੍ਰਧਾਨ, ਜ਼ਿਲ੍ਹਾ ਕਾਂਗਰਸ ਕਮੇਟੀ, ਫ਼ਰੀਦਕੋਟ | ਹਰਦੇਵ ਸਿੰਘ ਕੈਂਥ, ਪ੍ਰਧਾਨ, ਗੁਰ. ਬਾਬਾ ਨਾਮਦੇਵ ਜੀ, ਫ਼ਰੀਦਕੋਟ | ਬਲਵਿੰਦਰ ਸਿੰਘ ਬੇਦੀ | ਕਰਮ ਸਿੰਘ ਸੰਧੂ, ਮੈਂਬਰ, ਜਨਰਲ ਕੌਂਸਲ, ਸ਼੍ਰੋਮਣੀ ਅਕਾਲ ਦਲ (ਬ) | ਗੁਰਪ੍ਰੀਤ ਸਿੰਘ ਪੱਕਾ | ਗਿਆਨੀ ਅੰਗਰੇਜ ਸਿੰਘ, ਹੈੱਡ ਗ੍ਰੰਥੀ, ਗੁਰ. ਬਾਬਾ ਨਾਮਦੇਵ ਜੀ, ਫ਼ਰੀਦਕੋਟ






























## ਕਾਮਰੇਡ ਚੰਦ ਫਤਿਹਪੁਰੀ ਦੀ ਮੌਤ ’ਤੇ ਦੁੱਖ ਦਾ ਪ੍ਰਗਟਾਵਾ



**ਬੰਗਾ (ਅਵਤਾਰ ਕਲੇਰ)**- ਨਵਾਂ ਜ਼ਮਾਨਾ ਅਖ਼ਬਾਰ ਦੇ ਮੁੱਖ ਸੰਪਾਦਕ ਕਾਮਰੇਡ ਚੰਦ ਫਤਿਹਪੁਰੀ ਦੀ ਮੌਤ ਤੇ ਕਮਿਊਨਿਸਟ ਪਾਰਟੀਆਂ ਤੋਂ ਇਲਾਵਾ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਚੰਦ ਫਤਿਹਪੁਰੀ ਸੀ ਪੀ ਆਈ ਦੇ ਸੂਬਾਈ ਆਗੂ ਅਤੇ ਕਿਸਾਨਾਂ, ਮਜ਼ਦੂਰਾਂ ਦੇ ਸਾਂਝੇ ਆਗੂ ਸਨ। ਉਹ ਲੰਬੇ ਸਮੇਂ ਤੋਂ ਨਵਾਂ ਜ਼ਮਾਨਾ ਅਖ਼ਬਾਰ ਦੇ ਮੁੱਖ ਸੰਪਾਦਕ ਸਨ। ਉਹਨਾਂ ਦੇ ਅਚਾਨਕ ਤੁਰ ਜਾਣ ਨਾਲ ਸਮੂਹ ਪੱਤਰਕਾਰ ਭਾਈਚਾਰਾ ਇੰਡੀਅਨ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਬਲਵਿੰਦਰ ਜੰਮੂ, ਪੰਜਾਬ ਤੇ ਚੰਡੀਗੜ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਜੈ ਸਿੰਘ ਛਿੱਬਰ ਅਤੇ ਜਨਰਲ ਸਕੱਤਰ ਸੰਤੋਖ ਗਿੱਲ ਨੇ ਉਨ੍ਹਾਂ ਦੇ ਦੇਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਆਗੂਆਂ ਨੇ ਕਿਹਾ ਕਿ ਚੰਦ ਫਤਹਿਪੁਰੀ ਨੇ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਅਤੇ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਆਪਣੀ ਲਿਖਤ ਰਾਹੀਂ ਉਭਾਰਿਆ। ਉਨ੍ਹਾਂ ਦੀ ਅਚਾਨਕ ਮੌਤ ਪੱਤਰਕਾਰੀ ਜਗਤ ਲਈ ਵੱਡਾ ਘਾਟਾ ਹੈ। ਉਨ੍ਹਾਂ ਕਿਹਾ ਕਿ ਚੰਦ ਫਤਿਹਪੁਰੀ ਦੀਆਂ ਪੱਤਰਕਾਰੀ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।ਸੀ ਪੀ ਆਈ ਦੇ ਜ਼ਿਲ ਾ ਸਕੱਤਰ ਜਸਵਿੰਦਰ ਸਿੰਘ ਭੰਗਲ, ਜ਼ਿਲ ਾ ਮੀਤ ਸਕੱਤਰ ਨਰੰਜਣ ਦਾਸ ਮੇਹਲੀ, ਬਲਾਕ ਬੰਗਾ ਦੇ ਸਕੱਤਰ ਗੁਰਮੁੱਖ ਸਿੰਘ ਫਰਾਲਾ, ਸੀ ਪੀ ਆਈ ਐਮ ਆਗੂ ਰਾਮ ਸਿੰਘ ਨੂਰਪੁਰੀ, ਬਲਵੀਰ ਸਿੰਘ ਜਾਡਲਾ, ਐਡਵੋਕੇਟ ਦਲਜੀਤ ਸਿੰਘ, ਜਸਵੀਰ ਦੀਪ, ਹਰਪਾਲ ਸਿੰਘ ਜਗਤਪੁਰ, ਅਮਰਜੀਤ ਮੇਹਲੀ, ਜੁਝਾਰ ਸਿੰਘ ਕੁੱਕੜ ਮਜ਼ਾਰਾ, ਦਸੌਧਾ ਸਿੰਘ, ਸਮੂਹ ਪੱਤਰਕਾਰ ਭਾਈਚਾਰਾ ਜਸਵੀਰ ਸਿੰਘ ਨੂਰਪੁਰ, ਸੁਰਿੰਦਰ ਕਰਮ, ਡਾ ਨਵਕਾਂਤ ਭਰੋਮਜਾਰਾ, ਧਰਮਵੀਰ ਪਾਲ, ਨਰਿੰਦਰ ਮਾਹੀ, ਰਾਜ ਮਜਾਰੀ, ਪ੍ਰੇਮੀ ਸੰਧਵਾਂ, ਪ੍ਰੇਮ ਜੰਡਿਆਲੀ, ਮਹਿੰਦਰ ਪਾਲ ਸਿੰਘ, ਰੇਸ਼ਮ ਕਲੇਰ, ਸੁਖਜਿੰਦਰ ਸਿੰਘ, ਮਨਜਿੰਦਰ ਸਿੰਘ, ਨਛੱਤਰ ਸਿੰਘ ਬਹਿਰਾਮ, ਸਰਬਜੀਤ ਸਿੰਘ ਚੱਕ ਰਾਮੂ, ਅਵਤਾਰ ਕਲੇਰ, ਲੇਖ ਰਾਜ ਕੁਲਥਮ, ਚਰਨਜੀਤ ਸੱਲਾਂ, ਹਰਜਾਪ ਸਿੰਘ ਖਾਲਸਾ ਆਦਿ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

## ਪੱਤਰਕਾਰੀ ’ਚ ਚੰਦ ਫਤਿਹਪੁਰੀ ਦੇ ਕਾਰਜ ਨੂੰ ਹਮੇਸ਼ਾ ਚੇਤੇ ਰੱਖਿਆ ਜਾਵੇਗਾ

**ਜਲੰਧਰ (ਕੇਸਰ)**- ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਇਕ ਮੀਟਿੰਗ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਜਲੰਧਰ ਇਕਾਈ ਦੇ ਪ੍ਰਧਾਨ ਪ੍ਰਿੰ. ਜਸਪਾਲ ਸਿੰਘ ਰੰਧਾਵਾ, ਜਨਰਲ ਸਕੱਤਰ ਭਗਵੰਤ ਰਸੂਲਪੁਰੀ ਤੇ ਅਹੁਦੇਦਾਰ, ਮਾਨਵਵਾਦੀ ਰਚਨਾ ਮੰਚ ਪੰਜਾਬ ਦੇ ਪ੍ਰਧਾਨ ਡਾ. ਕੇਵਲ ਸਿੰਘ ਪਰਵਾਨਾ ਤੇ ਜਨਰਲ ਸਕੱਤਰ ਮੱਖਣ ਮਾਨ, ਸਾਹਿਤਕ ਅਤੇ ਸਭਿਆਚਾਰਕ ਸੰਸਥਾ ਫੁਲਕਾਰੀ ਦੇ ਪ੍ਰਧਾਨ ਸੁਰਜੀਤ ਜੱਜ ਤੇ ਜਨਰਲ ਸਕੱਤਰ ਮੱਖਣ ਮਾਨ ਤੇ ਇਨ੍ਹਾਂ ਸੰਸਥਾਵਾਂ ਨਾਲ ਜੁੜੇ ਅਜੈ ਕੁਮਾਰ, ਡਾ. ਸ਼ੈਲੇਸ, ਕੇਸਰ ਸਿੰਘ, ਕੁਲਦੀਪ ਸਿੰਘ ਬੇਦੀ, ਬਲਬੀਰ ਪਰਵਾਨਾ, ਗੁਰਮੀਤ, ਸਤਨਾਮ ਚਾਨਾ, ਰਕੇਸ਼ ਆਨੰਦ, ਜੁਗਿੰਦਰ ਸੰਧੂ, ਡਾ. ਕੁਲਵੰਤ ਸੰਧੂ, ਡਾ. ਜਗਜੀਤ ਸਿੰਘ ਚੀਮਾ, ਦਵਿੰਦਰ ਮੰਡ, ਹਰਵਿੰਦਰ ਭੰਡਾਲ, ਬਿੰਦਰ ਬਸਰਾ, ਜਤਿੰਦਰ ਪੰਮੀ, ਕਮਲਜੀਤ ਥਾਬਲਕੇ, ਪ੍ਰੋ, ਲਾਲ ਬਹਾਦਰ, ਤਸਕੀਨ ਤੇ ਹੋਰਨਾਂ ਨੇ ਨਵਾਂ ਜ਼ਮਾਨਾਂ ਦੇ ਸੰਪਾਦਕ ਤੇ ਸੀ ਪੀ ਆਈ ਦੇ ਸੀਨੀਅਰ ਨੇਤਾ ਕਾਮਰੇਡ ਚੰਦ ਫਤਹਿਪੁਰੀ ਦੇ ਸਦੀਵੀਂ ਵਿਛੋੜੇ ਦਾ ਦੁੱਖ ਪ੍ਰਗਟ ਕੀਤਾ। ਫੁਲਕਾਰੀ ਦੇ ਪ੍ਰਧਾਨ ਸੁਰਜੀਤ ਜੱਜ ਤੇ ਜਨਰਲ ਸਕੱਤਰ ਮੱਖਣ ਮਾਨ ਨੇ ਕਿਹਾ ਕਿ ਚੰਦ ਫਤਹਿਪੁਰੀ ਦੇ ਚੱਲੇ ਜਾਨ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪ੍ਰਗਤੀਸ਼ੀਲ ਲੇਖਕ ਸੰਘ ਜਲੰਧਰ ਇਕਾਈ ਜਨਰਲ ਸਕੱਤਰ ਭਗਵੰਤ ਰਸੂਲਪੁਰੀ ਨੇ ਕਿਹਾ ਕਿ ਬਿਮਾਰ ਹੋਣ ਦੇ ਬਾਵਜੂਦ ਚੰਦ ਫਤਹਿਪੁਰੀ ਨਵਾਂ ਜ਼ਮਾਨਾਂ ਪ੍ਰਤੀ ਪੂਰੀ ਤਰ੍ਹਾਂ ਪ੍ਰਤੀਬੱਧਤਾ ਨਾਲ ਸਮਰਪਤ ਰਹੇ ਹਨ। ਪੱਤਰਕਾਰੀ ’ਚ ਉਨ੍ਹਾਂ ਦੇ ਕਾਰਜ ਨੂੰ ਹਮੇਸ਼ਾ ਚੇਤੇ ਰੱਖਿਆ ਜਾਵੇਗਾ।

## ਸਮਾਜ ਸੇਵੀ ਡਾ. ਕੁਲਦੀਪ ਰਾਏ ਸ਼੍ਰੋਮਣੀ ਅਕਾਲੀ ਦਲ ਬਾਦਲ ’ਚ ਸ਼ਾਮਲ



**ਫਿਲੌਰ (ਨਿਰਮਲ)**- ਹਲਕਾ ਫਿਲੌਰ ਦੇ ਉਘੇ ਸਮਾਜ ਸੇਵੀ ਡਾਕਟਰ ਕੁਲਦੀਪ ਰਾਏ ਜ਼ੋ ਇਲਾਕੇ ਵਿੱਚ ਵੱਡੇ ਪੱਧਰ ਤੇ ਸਮਾਜ ਸੇਵੀ ਕੰਮ ਕਰਦੇ ਆ ਰਹੇ ਹਨ ਜਿਨ੍ਹਾਂ ਦਾ ਇਲਾਕੇ ’ਚ ਵਧੀਆ ਰਸੂਖ ਮੰਨਿਆ ਜਾ ਰਿਹਾ ਹੈ। ਡਾ. ਕੁਲਦੀਪ ਰਾਏ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਅਕਾਲੀ ਦਲ ਬਾਦਲ ਚ ਸ਼ਾਮਲ ਹੋ ਗਏ। ਜਿਨ੍ਹਾਂ ਨੂੰ ਸੁਖਬੀਰ ਸਿੰਘ ਬਾਦਲ ਵੱਲੋਂ ਸਿਰੋਪਾਓ ਪਾ ਕੇ ਸ਼ਾਮਲ ਕੀਤਾ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਚ ਆਉਣ ਵਾਲੇ ਹਰ ਵਿਅਕਤੀ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਡਾਕਟਰ ਕੁਲਦੀਪ ਰਾਏ ਨੇ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਪਾਰਟੀ ’ਚ ਸੇਵਾ ਨਿਭਾਉਣਗੇ। ਇਸ ਮੌਕੇ ਹਾਜ਼ਰ ਕੁਲਵਿੰਦਰ ਸਿੰਘ, ਅਮਰੀਕ ਸਿੰਘ, ਜੋਗਾ ਸਿੰਘ, ਸੀਨੀਅਰ ਆਗੂ ਹਰਜਿੰਦਰ ਸਿੰਘ ਲੱਲੀਆਂ, ਸਾਬਕਾ ਵਿਧਾਇਕ ਬਲਦੇਵ ਸਿੰਘ ਖਹਿਰਾ, ਕੁਲਵਿੰਦਰ ਸਿੰਘ ਸੰਧੂ, ਮਨਜੀਤ ਸਿੰਘ ਬਿੱਲਾ, ਜਸਵੀਰ ਸਿੰਘ ਅਤੇ ਹੋਰ ਸਨ।

## ‘ਨਵਾਂ ਜ਼ਮਾਨਾ’ ਦੇ ਸੰਪਾਦਕ ਚੰਦ ਫਤਿਹਪੁਰੀ ਦਾ ਅੰਤਿਮ ਸੰਸਕਾਰ ਅੱਜ

**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਦੀ ਬੇਬਾਕ ਪੱਤਰਕਾਰੀ ਅਤੇ ਖੱਬੀ ਲਹਿਰ ਦੇ ਉੱਘੇ ਚਿਹਰੇ, ਰੋਜ਼ਾਨਾ ‘ਨਵਾਂ ਜ਼ਮਾਨਾ’ ਦੇ ਸੰਪਾਦਕ ਅਤੇ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਸੀਨੀਅਰ ਆਗੂ ਕਾਮਰੇਡ ਚੰਦ ਫਤਿਹਪੁਰੀ ਦਾ 20 ਸਤੰਬਰ ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਨੇ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿਖੇ ਇਲਾਜ ਦੌਰਾਨ ਆਖ਼ਰੀ ਸਾਹ ਲਏ। ਅਚਾਨਕ ਬਿਮਾਰ ਹੋਣ ਉਪਰੰਤ ਉਨਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਹ ਜ਼ਿੰਦਗੀ ਅਤੇ ਮੌਤ ਦੀ ਜੰਗ ਲੜਦਿਆਂ ਅਲਵਿਦਾ ਆਖ ਗਏ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਫੈਲਦਿਆਂ ਹੀ ਸਮੁੱਚੇ ਪੱਤਰਕਾਰੀ ਜਗਤ, ਰਾਜਨੀਤਕ ਗਲਿਆਰਿਆਂ ਅਤੇ ਸਮਾਜਿਕ ਹਲਕਿਆਂ ਵਿੱਚ ਡੂੰਘੇ ਸੋਗ ਦੀ ਲਹਿਰ ਦੌੜ ਗਈ। ਰੋਜ਼ਾਨਾ ‘ਨਵਾਂ ਜ਼ਮਾਨਾ’ ਦੇ ਸੰਪਾਦਕ ਚੰਦ ਫਤਿਹਪੁਰੀ ਦਾ ਅੰਤਮ ਸੰਸਕਾਰ ਅੱਜ ਸਥਾਨਕ ਕਿਸ਼ਨ ਪੁਰਾ ਸ਼ਮਸ਼ਾਨ ਘਾਟ ਵਿਖੇ ਦੁਪਹਿਰ 12.30 ਵਜੇ ਕੀਤਾ ਜਾਵੇਗਾ।

## ਚੰਦ ਫਤਿਹਪੁਰੀ ਦੀ ਅਚਾਨਕ ਮੌਤ ’ਤੇ ਪੱਤਰਕਾਰ ਭਾਈਚਾਰੇ ਵੱਲੋਂ ਦੁੱਖ ਦਾ ਪ੍ਰਗਟਾਵਾ

**ਚੰਡੀਗੜ (ਨ ਜ਼ ਸ)**- ਨਵਾਂ ਜਵਾਨਾ ਅਖ਼ਬਾਰ ਦੇ ਸੰਪਾਦਕ ਚੰਦ ਫਤਹਿਪੁਰੀ ਦੀ ਅਚਾਨਕ ਹੋਈ ਮੌਤ ’ਤੇ ਪੱਤਰਕਾਰ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ। ਇੰਡੀਅਨ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਬਲਵਿੰਦਰ ਜੰਮੂ, ਪੰਜਾਬ ਤੇ ਚੰਡੀਗੜ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਜੈ ਸਿੰਘ ਛਿੱਬਰ ਅਤੇ ਜਨਰਲ ਸਕੱਤਰ ਸੰਤੋਖ ਗਿੱਲ ਨੇ ਉਨ੍ਹਾਂ ਦੇ ਦੇਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਆਗੂਆਂ ਨੇ ਕਿਹਾ ਕਿ ਚੰਦ ਫਤਹਿਪੁਰੀ ਨੇ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਅਤੇ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਆਪਣੀ ਲਿਖਤ ਰਾਹੀਂ ਉਭਾਰਿਆ। ਉਨ੍ਹਾਂ ਦੀ ਅਚਾਨਕ ਮੌਤ ਪੱਤਰਕਾਰੀ ਜਗਤ ਲਈ ਵੱਡਾ ਘਾਟਾ ਹੈ। ਉਨ੍ਹਾਂ ਕਿਹਾ ਕਿ ਚੰਦ ਫਤਹਿਪੁਰੀ ਦੀਆਂ ਪੱਤਰਕਾਰੀ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਿਛੜੀ ਰੂਹ ਦੀ ਸ਼ਾਂਤੀ ਅਤੇ ਪਰਿਵਾਰ ਨੂੰ ਇਹ ਦੁੱਖ ਸਹਿਣ ਦਾ ਬਲ ਦੇਣ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ।

## ਕੈਂਸਰ ਜਾਗਰੂਕਤਾ ਮੁਹਿੰਮ ਤਹਿਤ ਵਿਸ਼ੇਸ਼ ਲੈਕਚਰ ਕਰਵਾਇਆ



**ਜ਼ੀਰਕਪੁਰ (ਜਤਿੰਦਰ ਕੁਮਾਰ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਦਸਮੇਸ਼ ਖਾਲਸਾ ਕਾਲਜ, ਜ਼ੀਰਕਪੁਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ (ਪ੍ਰਧਾਨ ਸ਼੍ਰੋ. ਗੁ.ਪ੍ਰੰ.ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ) ਦੀ ਸਰਪ੍ਰਸਤੀ , ਇੰਜੀ. ਸੁਖਮਿੰਦਰ ਸਿੰਘ (ਵਿੱਦਿਆ ਸਕੱਤਰ) ਦੇ ਦਿਸ਼ਾ - ਨਿਰਦੇਸ਼ ਹੇਠ ਅਤੇ ਡਾ. ਕਰਮਬੀਰ ਸਿੰਘ ( ਕਾਲਜ ਪ੍ਰਿੰਸੀਪਲ ) ਦੀ ਯੋਗ ਅਗਵਾਈ ਅਤੇ ਡਾ. ਕਿਰਨਪਾਲ ਕੌਰ ( ਗਰਲਜ਼ ਕੋਆਰਡੀਨੇਟਰ ) ਅਤੇ ਪ੍ਰੋ. ਰੁਪਿੰਦਰ ਕੌਰ (ਪ੍ਰੋਗਰਾਮ ਅਫ਼ਸਰ ਅਤੇ ਇੰਚਾਰਜ ਰੈੱਡ ਰੀਬਨ ਕਲੱਬ ) ਦੀ ਦੇਖ -ਰੇਖ ਹੇਠ ਪੰਜਾਬੀ ਵਿਭਾਗ ਅਤੇ ਰੈੱਡ ਰੀਬਨ ਕਲੱਬ ਵੱਲੋਂ ‘ਕੈਂਸਰ ਜਾਗਰੂਕਤਾ ਮੁਹਿੰਮ’ ਤਹਿਤ ਆਸ਼ਾ (ਸਿਹਤ ਸਲਾਹਕਾਰ ) ਦਾ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਡਾ. ਕਿਰਨਪਾਲ ਕੌਰ ਨੇ ਰਸਮੀ ਤੌਰ ’ਤੇ ਮੁੱਖ ਮਹਿਮਾਨ ਨੂੰ ਸਵਾਗਤੀ ਸ਼ਬਦ ਆਖੇ।ਆਸ਼ਾ ਨੇ ਕੈਂਸਰ ਵਰਗੀ ਗੰਭੀਰ ਬਿਮਾਰੀ ਦੇ ਵੱਖ-ਵੱਖ ਪਹਿਲੂਆਂ ’ਤੇ ਰੌਸ਼ਨੀ ਪਾਈ। ਉਨ ਾਂ ਨੇ ਕੈਂਸਰ ਦੇ ਸ਼ੁਰੂਆਤੀ ਲੱਛਣ ਬਾਰੇ ਦੱਸਦਿਆਂ ਕਿਹਾ ਕਿ ਸਰੀਰ ਵਿੱਚ ਕਿਸੇ ਵੀ ਅਣਜਾਣ ਗੰਢ ਦਾ ਹੋਣਾ, ਲੰਬੇ ਸਮੇਂ ਤੱਕ ਖਾਂਸੀ, ਭਾਰ ਦਾ ਅਚਾਨਕ ਘਟਣਾ ਜਾਂ ਭੁੱਖ ਨਾ ਲੱਗਣਾ ਇਸ ਦੇ ਮੁਢਲੇ ਲੱਛਣ ਹੋ ਸਕਦੇ ਹਨ।ਇਸ ਤੋਂ ਇਲਾਵਾ ਨਸ਼ਿਆਂ, ਖਾਸ ਕਰਕੇ ਤੰਬਾਕੂ ਅਤੇ ਸਿਗਰਟਨੋਸ਼ੀ ਦੇ ਮਾਰੂ ਪ੍ਰਭਾਵਾਂ ਬਾਰੇ ਅਤੇ ਗਲਤ ਖਾਣ-ਪੀਣ (ਜੰਕ ਫੂਡ) ਅਤੇ ਕੀਟਨਾਸ਼ਕਾਂ ਵਾਲੀਆਂ ਸਬਜ਼ੀਆਂ/ਫ਼ਲਾਂ ਦੇ ਸੇਵਨ ਤੋਂ ਬਚਣ ਦੀ ਸਲਾਹ ਦਿੱਤੀ ਗਈ।ਪ੍ਰੋ. ਰੁਪਿੰਦਰ ਕੌਰ ( ਪ੍ਰੋਗਰਾਮ ਅਫ਼ਸਰ ਅਤੇ ਇੰਚਾਰਜ ਰੈੱਡ ਰੀਬਨ ਕਲੱਬ )ਨੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਸਹੀ ਜੀਵਨ ਸ਼ੈਲੀ ਅਪਣਾਉਣ, ਰੋਜ਼ਾਨਾ ਕਸਰਤ ਕਰਨ, ਹਰੀਆਂ ਸਬਜ਼ੀਆਂ, ਫ਼ਲ ਅਤੇ ਸਾਫ਼ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ । ਕਾਲਜ ਪ੍ਰਿੰਸੀਪਲ ਡਾ. ਕਰਮਬੀਰ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਇਸ ਨਾਮੁਰਾਦ ਬਿਮਾਰੀ ਪ੍ਰਤੀ ਜਾਗਰੂਕ ਕਰਨ ਦੇ ਮਕਸਦ ਨਾਲ ਇਹ ਵਿਸ਼ੇਸ਼ ਕੈਂਸਰ ਜਾਗਰੂਕਤਾ ਲੈਕਚਰ ਦਾ ਆਯੋਜਨ ਕੀਤਾ ਗਿਆ ।

## ਢਾਡੀ ਕਲਾ ਨੂੰ ਪ੍ਰਫੁੱਲਿਤ ਕਰਨ ਲਈ ਸਭਾ ਕਰੇਗੀ ਸੰਜੀਦਾ ਉੱਦਮ : ਚੌਹਾਨ



**ਅੱਡਾ ਸਰਾਂ (ਜਸਵੀਰ ਕਾਜਲ)**- ਗੁਰੂ ਸਾਹਿਬਾਨਾਂ ਵੱਲੋਂ ਬਖਸ਼ੀ ਢਾਡੀ ਕਲਾ ਨੂੰ ਪ੍ਰਫੁੱਲਿਤ ਕਰਨ ਲਈ ਸ੍ਰੀ ਗੁਰੂ ਹਰਗੋਬਿੰਦ ਢਾਡੀ ਸਭਾ ਪੰਜਾਬ ਇਲਾਕੇ ਵਿਚ ਸੰਜੀਦਾ ਉੱਦਮ ਕਰੇਗੀ । ਇਨ ਾਂ ਵਿਚਾਰਾਂ ਦਾ ਪ੍ਰਗਟਾਵਾ ਸਭਾ ਦੇ ਨਵਨਿਯੁਕਤ ਮੁੱਖ ਬੁਲਾਰਾ ਪੰਜਾਬ ਢਾਡੀ ਅਤੇ ਪ੍ਰਚਾਰਕ ਸੁਖਵੀਰ ਸਿੰਘ ਚੌਹਾਨ ਨੇ ਕੀਤਾ। ਚੌਹਾਨ ਨੇ ਆਖਿਆ ਕਿ ਸੂਬਾ ਪ੍ਰਧਾਨ ਗਿਆਨੀ ਕਸ਼ਮੀਰ ਸਿੰਘ ਜੀ ਕਾਦਿਰ ਅਤੇ ਜਨਰਲ ਸਕੱਤਰ ਬੀਬੀ ਸੰਦੀਪ ਕੌਰ ਭੁੱਲਾਰਾਈ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਬੱਚਿਆਂ ਅਤੇ ਨੌਜਵਾਨਾਂ ਨੂੰ ਗੁਰ ਇਤਿਹਾਸ ਅਤੇ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਸ਼ਾਨਾਮੱਤੇ ਇਤਿਹਾਸ ਨਾਲ ਜੋੜਨ ਵਾਲੀ ਇਸ ਕਲਾ ਨੂੰ ਸਿਖਾਉਣ ਲਈ ਪ੍ਰੋਗਰਾਮ ਉਲੀਕੇ ਜਾਣਗੇ । ਇਸ ਮੁਹਿੰਮ ਲਈ ਗੁਰਦੁਆਰਾ ਗੁਰਸ਼ਬਦ ਪ੍ਰਕਾਸ ਰਾਮਦਾਸਪੁਰ ਦੇ ਬੁਲਾਰੇ ਭਾਈ ਜਸਵਿੰਦਰ ਸਿੰਘ ਧੁੱਗਾ, ਸਭਾ ਦੇ ਜ਼ਿਲ੍ਹਾ ਪ੍ਰਧਾਨ ਢਾਡੀ ਪਵਿੱਤਰ ਸਿੰਘ ਪ੍ਰੀਤ, ਭਾਈ ਇੰਦਰਜੀਤ ਸਿੰਘ ਧੁੱਗਾ ਉਘੇ ਕੀਰਤਨੀਏ, ਭਾਈ ਸੁਖਰਾਜ ਸਿੰਘ ਪ੍ਰੀਤਮਪੁਰਾ, ਭਾਈ ਕੁਲਵਿੰਦਰ ਸਿੰਘ ਕੰਗਮਈ, ਰਾਜ ਕਰੇਗਾ ਗੱਤਕਾ ਅਖਾੜਾ ਦੇ ਪ੍ਰਧਾਨ ਮਨਜੀਤ ਸਿੰਘ ਖਾਲਸਾ, ਜਥੇਦਾਰ ਦਿਲਬਾਗ ਸਿੰਘ ਸ਼ਾਹਬਾਜਪੁਰ, ਕਿਸਾਨ ਯੂਨੀਅਨ ਅਜਾਦ ਦੇ ਪ੍ਰਧਾਨ ਅਮਰਜੀਤ ਸਿੰਘ ਰੜਾ, ਜਨਰਲ ਸਕੱਤਰ ਬਲਜੀਤ ਸਿੰਘ ਤੱਗੜ, ਗੁਰਵਿੰਦਰ ਸਿੰਘ ਮੋਹਕਮਗੜ, ਵਰਿੰਦਰਪਾਲ ਸਿੰਘ ਕੰਦਾਲੀ, ਢਾਡੀ ਸਿਮਰਜੀਤ ਸਿੰਘ ਉਨ ਾਹਟ, ਬਾਬਾ ਰੂੜ ਸਿੰਘ ਕਲੱਬ ਬੁੱਢੀਪਿੰਡ ਦੇ ਪ੍ਰਧਾਨ ਸੁਖਦੇਵ ਸਿੰਘ ਚੌਹਾਨ, ਪਾਲ ਸਿੰਘ ਹਾਕੀ ਕੋਚ, ਪਰਮਾਨੰਦ ਦਿਵੇਦੀ, ਪਵਨ ਕੁਮਾਰ ਆਦਿ ਲਗਾਤਾਰ ਸਹਿਯੋਗ ਦੇ ਰਹੇ ਹਨ ।

## ਸੜਕ ਹਾਦਸੇ ’ਚ ਇੱਕ ਔਰਤ ਸਮੇਤ ਦੋ ਦੀ ਮੌਤ, ਦੋ ਜ਼ਖਮੀ



**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਮੋਰਿੰਡਾ ਸਰਹਿੰਦ ਰੋਡ ’ਤੇ ਪੈਂਦੇ ਪਿੰਡ ਡੂਮਛੇੜੀ ਲਾਗੇ ਇੱਕ ਹੋਏ ਭਿਆਨਕ ਹਾਦਸੇ ਦੌਰਾਨ ਈ-ਰਿਕਸ਼ਾ ਸਵਾਰ ਇੱਕ ਮਹਿਲਾ ਸਮੇਤ ਦੋ ਦੀ ਮੌਤ ਹੋ ਗਈ, ਜਦਕਿ ਦੋ ਜ਼ਖਮੀ ਹੋ ਗਏ। ਜ਼ਖਮੀਆਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਮੋਰਿੰਡਾ ਸ਼ਹਿਰੀ ਗਗਨਦੀਪ ਸਿੰਘ ਨੇ ਦੱਸਿਆ ਕਿ ਹਾਦਸਾ ਉੱਦੋਂ ਵਾਪਰਿਆ ਜਦੋਂ ਬਸੀ ਪਠਾਣਾਂ ਪਾਸੇ ਤੋਂ ਮੋਰਿੰਡਾ ਵੱਲ ਨੂੰ ਇੱਕ ਈ ਰਿਕਸ਼ੇ ਵਾਲਾ ਆ ਰਿਹਾ ਸੀ ਤੇ ਪਿੱਛੋਂ ਇੱਕ ਕਾਲੇ ਰੰਗ ਦੀ ਸਕਾਰਪੀਓ ਨੰਬਰ ਪੀ.ਬੀ. 23 ਏ.ਏ. 8122 ਆ ਕੇ ਵੱਜੀ। ਜਿਸ ਨਾਲ ਪਰਮਜੀਤ ਕੌਰ (30) ਵਾਸੀ ਡੂਮਛੇੜੀ ਅਤੇ ਪਰਮਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮੋਰਿੰਡਾ (50) ਦੀ ਮੌਤ ਹੋ ਗਈ। ਜਦਕਿ ਪਰਮਜੀਤ ਕੌਰ ਦੀ 5 ਕੁ ਸਾਲਾਂ ਦੀ ਛੋਟੀ ਬੱਚੀ ਰਹਿਮਤ ਵਾਲ-ਵਾਲ ਬਚ ਗਈ। ਇਸ ਹਾਦਸੇ ਦੌਰਾਨ ਭਿੰਦਰ ਕੌਰ ਵਾਸੀ ਡੂਮਛੇੜੀ ਅਤੇ ਤਰਨਪ੍ਰੀਤ ਸਿੰਘ ਜੋ ਕਿ ਈ ਰਿਕਸ਼ਾ ਚਲਾ ਰਿਹਾ ਸੀ, ਉਹ ਜ਼ਖਮੀ ਹੋ ਗਏ ਜਿਹਨਾਂ ਨੂੰ ਸਰਕਾਰੀ ਹਸਪਤਾਲ 6 ਫੇਜ ਵਿੱਚ ਇਲਾਜ ਲਈ ਭੇਜਿਆ ਗਿਆ ਹੈ। ਐੱਸ ਐੱਚ ਓ. ਮੋਰਿੰਡਾ ਨੇ ਦਸਿਆ ਕਿ ਉਹਨਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਮੋਰਿੰਡਾ ਪੁਲਸ ਨੇ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਆਂਸ਼ੂ ਬੈਸਟ ਟੀਚਰ ਐਵਾਰਡ ਨਾਲ ਸਨਮਾਨਤ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੀ ਮੈਥ ਮਿਸਟ੍ਰੈਸ ਮੈਡਮ ਆਂਸ਼ੂ ਨੂੰ ਚੀਫ਼ ਖਾਲਸਾ ਦੀਵਾਨ ਵੱਲੋਂ ਅਧਿਆਪਕ ਦਿਵਸ ਦੇ ਸਬੰਧ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਏ ਸਮਾਗਮ ਵਿੱਚ ਬੈਸਟ ਟੀਚਰ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ। ਇਸੇ ਸਬੰਧ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਸਕੂਲ ਦੀ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਕਪੂਰ ਨੇ ਮੈਡਮ ਆਂਸ਼ੂ ਨੂੰ ਸਨਮਾਨਤ ਕੀਤਾ ਤੇ ਮੁਬਾਰਕਬਾਦ ਦਿੱਤੀ।ਉਹਨਾਂ ਕਿਹਾ ਕਿ ਆਂਸ਼ੂ ਇਸ ਸਕੂਲ ਦੇ ਵਿੱਚ ਪਿਛਲੇ ਲੰਬੇ ਸਮੇਂ ਤੋਂ ਇੱਕ ਮਿਹਨਤੀ ਅਤੇ ਇਮਾਨਦਾਰ ਅਧਿਆਪਕਾ ਵੱਜੋਂ ਸੇਵਾਵਾਂ ਨਿਭਾਅ ਰਹੇ ਹਨ। ਉਹਨਾਂ ਨੂੰ ਇਹ ਸਨਮਾਨ ਮਿਲਣਾ ਸਕੂਲ ਲਈ ਮਾਣ ਵਾਲੀ ਗੱਲ ਹੈ। ਜ਼ਿਕਰਯੋਗ ਹੈ ਕਿ ਮੈਡਮ ਆਂਸੂ ਦੇ ਪਤੀ ਗਗਨ ਕੁਮਾਰ ਵੀ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਤੌਰ ਅਧਿਆਪਕ ਸੇਵਾਵਾਂ ਨਿਭਾ ਰਹੇ ਹਨ।ਸਕੂਲ ਦੇ ਸਮੂਹ ਸਟਾਫ ਵੱਲੋਂ ਵੀ ਮੈਡਮ ਆਂਸ਼ੂ ਨੂੰ ਮੁਬਾਰਕਬਾਦ ਦਿੱਤੀ ਗਈ। ਆਂਸ਼ੂ ਨੇ ਇਸ ਸਨਮਾਨ ਦੇ ਲਈ ਚੀਫ ਖਾਲਸਾ ਦੀਵਾਨ, ਮੈਂਬਰ ਇੰਚਾਰਜ ਸਾਹਿਬਾਨ ਡਾ. ਪ੍ਰਭਜੋਤ ਕੌਰ ਅਤੇ ਇੰਦਰਜੀਤ ਸਿੰਘ, ਡਾਇਰੈਕਟਰ ਐਜੂਕੇਸ਼ਨ ਸ. ਗੁਰਮਿੰਦਰ ਸਿੰਘ ਭੁੱਲਰ, ਪ੍ਰਿੰਸੀਪਲ ਅਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ।ਇਸ ਮੌਕੇ ਰਣਜੋਧ ਸਿੰਘ ਡੀਪੀਈ, ਮੁਕੇਸ਼ ਕੁਮਾਰ, ਨਰਿੰਦਰ ਕੌਰ, ਕੰਵਲਜੀਤ ਕੌਰ, ਸ਼ਾਂਤੀ ਦੇਵੀ, ਸਤਿੰਦਰ ਕੌਰ,ਜਸਪ੍ਰੀਤ ਕੌਰ, ਸਪਨਾ ਰਾਣੀ, ਰਜਿੰਦਰ ਕੌਰ, ਮਮਤਾ ਦੇਵੀ, ਡੇਜੀ, ਬਲਦੀਪ ਕੌਰ, ਅਮਰਜੀਤ ਕੌਰ, ਕਰਮਜੀਤ ਕੌਰ, ਮੋਨਿਕਾ ਆਦਿ ਹਾਜ਼ਰ ਸੀ।







## ਅੰਤਰਰਾਸ਼ਟਰੀ ਹਿੰਦੀ ਓਲੰਪਿਆਡ ’ਚ ਗੁਰਤਾਜ ਕੌਰ ਨੇ ਦੂਜਾ ਸਥਾਨ ਕੀਤਾ ਹਾਸਲ



**ਕਰਤਾਰਪੁਰ (ਹਰਮੇਸ਼ ਦੱਤ)** ਦ ਨੋਬੇਲ ਸਕੂਲ, ਕਰਤਾਰਪੁਰ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਕੂਲ ਦੀ ਤੀਜੀ ਜਮਾਤ ਦੀ ਹੋਣਹਾਰ ਵਿਦਿਆਰਥਣ ਗੁਰਤਾਜ ਕੌਰ ਨੇ ਅੰਤਰਰਾਸ਼ਟਰੀ ਹਿੰਦੀ ਓਲੰਪਿਆਡ ਵਿੱਚ ਅੰਤਰਰਾਸ਼ਟਰੀ ਪੱਧਰ ’ਤੇ ਸ਼ਾਨਦਾਰ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਸ਼ਾਨਦਾਰ ਪ੍ਰਾਪਤੀ ਲਈ ਉਸਨੂੰ ਪ੍ਰਸ਼ੰਸਾ-ਪੱਤਰ, ਮੈਡਲ ਅਤੇ 1000 ਰੁਪਏ ਦਾ ਵਾਊਚਰ ਪ੍ਰਦਾਨ ਕੀਤਾ ਗਿਆ। ਇਹ ਸ਼ਾਨਦਾਰ ਉਪਲਬਧੀ ਵਿਦਿਆਰਥਣ ਦੀ ਲਗਨ, ਮਿਹਨਤ, ਨਿਰੰਤਰ ਅਭਿਆਸ ਅਤੇ ਹਿੰਦੀ ਭਾਸ਼ਾ ਵਿੱਚ ਉਸਦੀ ਪ੍ਰਵੀਣਤਾ ਦਾ ਪ੍ਰਮਾਣ ਹੈ। ਅੰਤਰਰਾਸ਼ਟਰੀ ਹਿੰਦੀ ਓਲੰਪਿਆਡ ਵਿਦਿਆਰਥੀਆਂ ਨੂੰ ਹਿੰਦੀ ਭਾਸ਼ਾ ਨਾਲ ਸਬੰਧਤ ਆਪਣੇ ਗਿਆਨ ਅਤੇ ਹੁਨਰ ਨੂੰ ਨਿਖਾਰਨ ਅਤੇ ਆਪਣੀ ਅਕਾਦਮਿਕ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਉੱਤਮ ਮੰਚ ਪ੍ਰਦਾਨ ਕਰਦਾ ਹੈ।ਸਕੂਲ ਦੇ ਚੇਅਰਮੈਨ ਪ੍ਰੋ. ਸੀ ਐਲ ਕੋਛੜ, ਮੈਨੇਜਿੰਗ ਡਾਇਰੈਕਟਰ ਇੰਜੀ. ਕੁਮਾਰ ਸ਼ਿਵ ਕੋਛੜ, ਡਾਇਰੈਕਟਰ ਮੈਡਮ ਸਰੋਜ ਸ਼ਰਮਾ ਅਤੇ ਪ੍ਰਿੰਸੀਪਲ ਮੈਡਮ ਰਵਿੰਦਰ ਕੌਰ ਨੇ ਇਸ ਹੋਣਹਾਰ ਵਿਦਿਆਰਥਣ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਨਿਰੰਤਰ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਵਿਦਿਆਰਥਣ, ਉਸਦੇ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਇਸ ਸ਼ਾਨਦਾਰ ਪ੍ਰਾਪਤੀ ’ਤੇ ਮਾਣ ਪ੍ਰਗਟ ਕੀਤਾ। ਦ ਨੋਬੇਲ ਸਕੂਲ ਵੱਲੋਂ ਵਿਦਿਆਰਥਣ ਅਤੇ ਉਸਦੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ ਗਈ ਅਤੇ ਭਵਿੱਖ ਵਿੱਚ ਹੋਰ ਵੀ ਬਹੁਤ ਸਾਰੀਆਂ ਉਪਲਬਧੀਆਂ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

## ਕੇਂਦਰੀ ਪੰਜਾਬੀ ਲੇਖਕ ਸਭਾ ਨੇ ਚੰਦ ਫ਼ਤਿਹਪੁਰੀ ਦੇ ਵਿਛੋੜੇ ਨੂੰ ਪੰਜਾਬੀ ਪੱਤਰਕਾਰੀ ਲਈ ਵੱਡਾ ਘਾਟਾ ਦੱਸਿਆ

**ਚੰਡੀਗੜ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**- ਉੱਘੇ ਪੱਤਰਕਾਰ, ‘ਨਵਾਂ ਜ਼ਮਾਨਾ’ ਦੇ ਸੰਪਾਦਕ ਅਤੇ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਸੀਨੀਅਰ ਆਗੂ ਕਾਮਰੇਡ ਚੰਦ ਫ਼ਤਿਹਪੁਰੀ ਦੇ ਦੇਹਾਂਤ ’ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਕਾਮਰੇਡ ਚੰਦ ਫ਼ਤਿਹਪੁਰੀ ਨੇ ਲੰਮੇ ਸਮੇਂ ਤੱਕ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਈ। ‘ਨਵਾਂ ਜ਼ਮਾਨਾ’ ਨਾਲ ਉਨ੍ਹਾਂ ਦਾ ਲੰਮਾ ਅਤੇ ਗਹਿਰਾ ਸਬੰਧ ਰਿਹਾ ਅਤੇ ਸੰਪਾਦਕ ਵਜੋਂ ਉਨ੍ਹਾਂ ਨੇ ਅਖ਼ਬਾਰ ਦੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਆਪਣੀ ਲੇਖਣੀ ਰਾਹੀਂ ਉਨ੍ਹਾਂ ਨੇ ਲੋਕਾਂ ਦੇ ਦੁੱਖ-ਦਰਦ, ਸਮਾਜਕ ਸਰੋਕਾਰਾਂ ਅਤੇ ਆਮ ਲੋਕਾਂ ਦੇ ਹੱਕਾਂ ਨਾਲ ਜੁੜੇ ਸਵਾਲਾਂ ਨੂੰ ਆਵਾਜ਼ ਦਿੱਤੀ। ਖੱਬੀ ਲਹਿਰ ਨਾਲ ਜੁੜੇ ਇੱਕ ਸਰਗਰਮ ਆਗੂ ਵਜੋਂ ਵੀ ਉਨ ਾਂ ਦੀ ਲੰਮੀ ਭੂਮਿਕਾ ਰਹੀ। ਉਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਪੱਤਰਕਾਰੀ ਅਤੇ ਲੋਕ-ਪੱਖੀ ਜਨਤਕ ਜੀਵਨ ਵਿੱਚ ਇੱਕ ਅਜਿਹੀ ਆਵਾਜ਼ ਦਾ ਵਿਛੋੜਾ ਹੋਇਆ ਹੈ, ਜਿਸ ਦੀ ਘਾਟ ਸਦਾ ਮਹਿਸੂਸ ਹੁੰਦੀ ਰਹੇਗੀ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਚੰਦ ਫ਼ਤਿਹਪੁਰੀ ਦਾ ਵਿਛੋੜਾ ਪੰਜਾਬੀ ਪੱਤਰਕਾਰੀ ਲਈ ਹੀ ਨਹੀਂ, ਸਗੋਂ ਲੋਕ-ਪੱਖੀ ਸੋਚ ਅਤੇ ਸਮਾਜਕ ਸਰੋਕਾਰਾਂ ਲਈ ਵੀ ਵੱਡਾ ਘਾਟਾ ਹੈ। ਉਨ੍ਹਾਂ ਕਿਹਾ ਕਿ ਚੰਦ ਫ਼ਤਿਹਪੁਰੀ ਨੇ ਪੱਤਰਕਾਰੀ ਨੂੰ ਸਿਰਫ਼ ਰੋਜ਼ਾਨਾ ਘਟਨਾਵਾਂ ਦੀ ਰਿਪੋਰਟਿੰਗ ਤੱਕ ਸੀਮਤ ਨਹੀਂ ਰੱਖਿਆ, ਸਗੋਂ ਇਸ ਨੂੰ ਲੋਕਾਂ ਦੇ ਸਵਾਲਾਂ ਅਤੇ ਸਮਾਜ ਦੀਆਂ ਹਕੀਕਤਾਂ ਨਾਲ ਜੋੜ ਕੇ ਦੇਖਿਆ। ਉਹ ਆਪਣੇ ਵਿਚਾਰਾਂ ਪ੍ਰਤੀ ਵਚਨਬੱਧ ਅਤੇ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰ ਸਨ। ਸਭਾ ਦੇ ਆਗੂਆਂ ਨੇ ਕਿਹਾ ਕਿ ਉਨਾਂ ਦੀ ਲਿਖਤ, ਉਨ੍ਹਾਂ ਦੀ ਸੋਚ ਅਤੇ ਲੋਕ-ਪੱਖੀ ਪੱਤਰਕਾਰੀ ਦੀ ਰਵਾਇਤ ਉਨ੍ਹਾਂ ਦੀ ਯਾਦ ਨੂੰ ਜਿਉਂਦਾ ਰੱਖੇਗੀ। ਉਨਾਂ ਕਾਮਰੇਡ ਚੰਦ ਫ਼ਤਿਹਪੁਰੀ ਦੇ ਪਰਵਾਰ ਅਤੇ ਸਨੇਹੀਆਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਉਨ੍ਹਾਂ ਦੇ ਪਰਵਾਰ ਦੇ ਨਾਲ ਖੜ੍ਹੀ ਹੈ।